19-May-PAGE-1.qxd 5/18/2025 10:22 PM Page 1


ਸੋਮਵਾਰ, 19 ਮਈ, 2025

6 ਜੇਠ { ਨਾਨਕਸ਼ਾਹੀ 557
ਬਿਕਰਮੀ 2082 }

ਜਿਲਦ/VOL. : 73

ਅੰਕ/NO. : 348

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 19 MAY, 2025 ਜਲੰਧਰ

nawan zamana TV

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਦੰਭੀਆਂ ਨੂੰ ਭੰਡਣ ਵਾਲਾ ਪ੍ਰੋਫੈਸਰ ਗ੍ਰਿਫਤਾਰ

**ਸੋਨੀਪਤ** : ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਨੂੰ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ‘ਅਪ੍ਰੇਸ਼ਨ ਸਿੰਧੂਰ’ ਬਾਰੇ ਕੀਤੀਆਂ ਟਿੱਪਣੀਆਂ ਲਈ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਕਾਰਵਾਈ ਭਾਜਪਾ ਯੁਵਾ ਮੋਰਚਾ ਦੇ ਆਗੂ ਦੀ ਸ਼ਿਕਾਇਤ ’ਤੇ ਕੀਤੀ ਗਈ ਹੈ। ਏ ਸੀ ਪੀ ਰਾਏ ਅਜੀਤ ਸਿੰਘ ਨੇ ਦੱਸਿਆ ਕਿ ਅਲੀ ਖਾਨ ਮਹਿਮੂਦਾਬਾਦ ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ। ਨਿਊਜ਼ ਵੈੱਬਸਾਈਟ ਸਕਰੌਲ ਮੁਤਾਬਕ ਪ੍ਰੋਫੈਸਰ ਨੂੰ ਫਿਰਕੂ ਸਦਭਾਵਨਾ ਭੰਗ ਕਰਨ, ਵਿਦਰੋਹ ਲਈ ਉਕਸਾਉਣ ਤੇ ਧਾਰਮਕ ਆਸਥਾ ਦੀ ਬੇਹੁਰਮਤੀ ਦੇ ਦੋਸ਼ਾਂ ਤਹਿਤ ਫੜਿਆ ਗਿਆ ਹੈ।



ਦੋ ਮਹਿਲਾ ਫੌਜੀ ਅਫਸਰਾਂ ਕਰਨਲ ਸੋਫੀਆ ਕੁਰੈਸ਼ੀ ਤੇ ਵਿੰਗ ਕਮਾਂਡ ਵਯੋਮਿਕਾ ਸਿੰਘ ਵੱਲੋਂ ਅਪ੍ਰੇਸ਼ਨ ਸਿੰਧੂਰ ਬਾਰੇ 7 ਮਈ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਤੋਂ ਬਾਅਦ ਪ੍ਰੋਫੈਸਰ ਮਹਿਮੂਦਾਬਾਦ ਨੇ 8 ਮਈ ਨੂੰ ਫੇਸਬੁਕ ’ਤੇ ਲਿਖਿਆ ਸੀ—ਮੈਂ ਇਹ ਦੇਖ ਕੇ ਬਹੁਤ ਖੁਸ਼ ਹਾਂ ਕਿ ਕਈ ਸੱਜੇ-ਪੱਖੀ ਕੁਮੈਂਟੇਟਰ ਕਰਨਲ ਸੋਫੀਆ ਦੀ ਸ਼ਲਾਘਾ ਕਰ ਰਹੇ ਹਨ, ਪਰ ਕਿੰਨਾ ਚੰਗਾ ਹੋਵੇ ਜੇ ਉਹ ਏਨੀ ਹੀ ਉੱਚੀ ਆਵਾਜ਼ ਵਿੱਚ ਮੌਬ ਲਿੰਚਿੰਗ, ਬੁਲਡੋਜ਼ਰ ਧੱਕੇਸ਼ਾਹੀ ਤੇ ਭਾਜਪਾ ਦੀ ਨਫਰਤੀ ਮੁਹਿੰਮ ਦਾ ਸ਼ਿਕਾਰ ਹੋਰ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ। ਦੋ ਮਹਿਲਾ ਫੌਜੀਆਂ ਤੋਂ ਲੜਾਈ ਬਾਰੇ ਪ੍ਰੈੱਸ ਬ੍ਰੀਫਿੰਗ ਕਰਾਉਣਾ ਅਹਿਮ ਹੈ, ਪਰ ਇਸ ਦਿਖਾਵੇ ਨੂੰ ਹਕੀਕਤ ਵਿੱਚ ਬਦਲਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਇਸ ਨੂੰ ਦੰਭ ਹੀ ਕਿਹਾ ਜਾਵੇਗਾ।

ਹਰਿਆਣਾ ਦੇ ਮਹਿਲਾ ਕਮਿਸ਼ਨ ਨੇ ਇਨ੍ਹਾਂ ਟਿੱਪਣੀਆਂ ਬਦਲੇ ਐਸੋਸੀਏਟ ਪ੍ਰੋਫੈਸਰ ਨੂੰ ਹਾਲ ਹੀ ਵਿੱਚ ਨੋਟਿਸ ਵੀ ਭੇਜਿਆ ਸੀ। ਕਮਿਸ਼ਨ ਨੇ 12 ਮਈ ਨੂੰ ਭੇਜੇ ਨੋਟਿਸ ਵਿੱਚ ਸੋਨੀਪਤ ਦੀ ਅਸ਼ੋਕਾ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਮਹਿਮੂਦਾਬਾਦ ਵੱਲੋਂ ਕੀਤੀਆਂ ਗਈਆਂ ‘ਜਨਤਕ ਟਿੱਪਣੀਆਂ’ ਬਾਰੇ ਸਪੱਸ਼ਟੀਕਰਨ ਮੰਗਿਆ ਸੀ। ਐਸੋਸੀਏਟ ਪ੍ਰੋਫੈਸਰ ਨੇ ਹਾਲਾਂਕਿ ਬਾਅਦ ਵਿੱਚ ਕਿਹਾ ਸੀ ਕਿ ਕਮਿਸ਼ਨ ਨੇ ਉਸ ਦੀ ਟਿੱਪਣੀ ਨੂੰ ‘ਗਲਤ ਅਰਥਾਂ’ ਵਿੱਚ ਲਿਆ ਹੈ। ਮਹਿਮੂਦਾਬਾਦ ਨੇ ਐੱਕਸ ’ਤੇ ਕਿਹਾ ਸੀ, ‘ਮੈਂ ਹੈਰਾਨ ਹਾਂ ਕਿ ਮਹਿਲਾ ਕਮਿਸ਼ਨ ਨੇ ਆਪਣੇ ਅਧਿਕਾਰ ਖੇਤਰ ਨੂੰ ਪਾਰ ਕਰਦੇ ਹੋਏ ਮੇਰੀਆਂ ਪੋਸਟਾਂ ਨੂੰ ਇਸ ਹੱਦ ਤੱਕ ਗਲਤ ਅਰਥਾਂ ਵਿੱਚ ਲਿਆ ਕਿ ਉਸ ਦੇ ਅਰਥ ਹੀ ਉਲਟਾ ਦਿੱਤੇ ਹਨ।’ ਪ੍ਰੋਫੈਸਰ ਨੇ ਨੋਟਿਸ ਨੂੰ ਨਵੀਂ ਕਿਸਮ ਦੀ ਸੈਂਸਰਸ਼ਿਪ ਤੇ ਹਰਾਸਮੈਂਟ ਦੱਸਦਿਆਂ ਕਿਹਾ ਸੀ ਕਿ ਉਸ ਨੂੰ ਕਾਨੂੰਨੀ ਪ੍ਰਕਿਰਿਆ ਵਿੱਚ ਭਰੋਸਾ ਹੈ ਤੇ ਆਸ ਕਰਦਾ ਹਾਂ ਕਿ ਉਸ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਹੋਵੇਗੀ।

ਇਸੇ ਦੌਰਾਨ ਅਸ਼ੋਕਾ ਯੂਨੀਵਰਸਿਟੀ ਨੇ ਪ੍ਰੋਫੈਸਰ ਤੋਂ ਦੂਰੀ ਬਣਾਉਂਦਿਆਂ ਕਿਹਾ ਹੈ ਕਿ ਪ੍ਰੋਫੈਸਰ ਦੇ ਵਿਚਾਰ ਨਿੱਜੀ ਹਨ ਤੇ ਉਹ ਯੂਨੀਵਰਸਿਟੀ ਦੇ ਵਿਚਾਰਾਂ ਨੂੰ ਨਹੀਂ ਦਰਸਾਉਂਦੇ, ਪਰ ਅਕਾਦੀਮਿਸ਼ਨਾਂ ਤੇ ਸਿਵਲ ਸੁਸਾਇਟੀ ਦਾ ਇੱਕ ਵਰਗ ਪ੍ਰੋਫੈਸਰ ਦੀ ਹਮਾਇਤ ਵਿੱਚ ਨਿੱਤਰ ਆਇਆ ਹੈ। 1200 ਤੋਂ ਵੱਧ ਸਕਾਲਰਾਂ, ਵਿਦਿਆਰਥੀਆਂ, ਪੱਤਰਕਾਰਾਂ ਤੇ ਕਲਾਕਾਰਾਂ ਨੇ ਇੱਕ ਪਟੀਸ਼ਨ ਵਿੱਚ ਮੰਗ ਕੀਤੀ ਹੈ ਕਿ ਹਰਿਆਣਾ ਮਹਿਲਾ ਕਮਿਸ਼ਨ ਆਪਣਾ ਨੋਟਿਸ ਵਾਪਸ ਲਵੇ ਤੇ ਬਿਨਾਂ ਸ਼ਰਤ ਮੁਆਫੀ ਮੰਗੇ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹਰਿਆਣਾ ਉਨ੍ਹਾਂ ਰਾਜਾਂ ਵਿੱਚ ਹੈ, ਜਿੱਥੇ ਮਹਿਲਾਵਾਂ ਖਿਲਾਫ ਸਭ ਤੋਂ ਵੱਧ ਜੁਰਮ ਹੁੰਦੇ ਹਨ। ਪੁਲਸ ਨੂੰ ਹਿੰਸਾ ਰੋਕਣ ਤੇ ਮਹਿਲਾਵਾਂ ਦੇ ਹੱਕ ਦੀ ਰਾਖੀ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਜੁਰਮ ਨੂੰ ਉੱਥੇ ਲੱਭਣ ਵੱਲ, ਜਿੱਥੇ ਕਿ ਉਹ ਹੁੰਦਾ ਨਹੀਂ। ਪਟੀਸ਼ਨ ’ਤੇ ਦਸਤਖਤ ਕਰਨ ਵਾਲਿਆਂ ਵਿੱਚ ਅਮਿਤ ਭੰਡਾਰੀ, ਆਨੰਦ ਪਟਵਰਧਨ, ਹਰਸ਼ ਮੰਡੇਰ, ਜਯਤੀ ਘੋਸ਼, ਨਿਵੇਦਿਤਾ ਮੈਨਨ, ਰਾਮਚੰਦਰ ਗੁਹਾ ਤੇ ਰੋਮਿਲਾ ਥਾਪਰ ਸ਼ਾਮਲ ਹਨ।

ਸਮਾਜੀ ਕਾਰਕੁਨ ਸ਼ਬਨਮ ਹਾਸ਼ਮੀ ਨੇ ਪ੍ਰੋਫੈਸਰ ਦੀ ਗ੍ਰਿਫਤਾਰੀ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਕਿ ਹਰਿਆਣਾ ਪੁਲਸ ਨੂੰ ਪ੍ਰੋਫੈਸਰ ਦੀ ਪੋਸਟ ਕਿਸੇ ਸਿਆਣੇ ਬੰਦੇ ਤੋਂ ਪੜ੍ਹਾਉਣੀ ਚਾਹੀਦੀ ਹੈ। ਵੈਸੇ ਤਾਂ ਹਰਿਆਣਾ ਪੁਲਸ ਦੇ ਡੀ ਜੀ ਨੂੰ ਖੁਦ ਪੜ੍ਹਨੀ ਚਾਹੀਦੀ ਹੈ। ਇਸ ਵਿੱਚ ਕੌਮ-ਵਿਰੋਧੀ ਜਾਂ ਮਹਿਲਾ-ਵਿਰੋਧੀ ਕੋਈ ਗੱਲ ਨਹੀਂ ਹੈ। ਉਨ੍ਹਾ ਪ੍ਰੋਫੈਸਰ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਹੈ।

## ਸੰਵਿਧਾਨ ਹੀ ਸੁਪਰੀਮ : ਚੀਫ ਜਸਟਿਸ



**ਮੁੰਬਈ** : ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀ ਆਰ ਗਵਈ ਨੇ ਐਤਵਾਰ ਕਿਹਾ ਕਿ ਨਾ ਨਿਆਂ ਪਾਲਿਕਾ, ਨਾ ਕਾਰਜ ਪਾਲਿਕਾ ਤੇ ਨਾ ਸੰਸਦ, ਸਗੋਂ ਭਾਰਤ ਦਾ ਸੰਵਿਧਾਨ ਹੀ ਸੁਪਰੀਮ ਹੈ ਅਤੇ ਇਨ੍ਹਾਂ ਸਾਰੇ ਥੰਮ੍ਹਾਂ ਨੂੰ ਮਿਲ-ਜੁਲ ਕੇ ਸੰਵਿਧਾਨ ਮੁਤਾਬਕ ਕੰਮ ਕਰਨਾ ਚਾਹੀਦਾ ਹੈ। ਇਸ ਹਫਤੇ ਦੇਸ਼ ਦੇ 52ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕਣ ਵਾਲੇ ਜਸਟਿਸ ਗਵਈ ਨੇ ਮਹਾਰਾਸ਼ਟਰ ਤੇ ਗੋਆ ਦੀ ਬਾਰ ਕੌਂਸਲ ਵੱਲੋਂ ਆਯੋਜਿਤ ਉਨ੍ਹਾ ਦੇ ਸਨਮਾਨ ਸਮਾਰੋਹ ਦੌਰਾਨ ਕਾਨਫਰੰਸ ਵਿੱਚ ਬੋਲਦਿਆਂ ਕਿਹਾ ਕਿ ਦੇਸ਼ ਦਾ ਬੁਨਿਆਦੀ ਢਾਂਚਾ ਤਾਕਤਵਰ ਹੈ ਤੇ ਸੰਵਿਧਾਨ ਦੇ ਸਾਰੇ ਤਿੰਨੇ ਥੰਮ੍ਹ ਬਰਾਬਰ ਹਨ। ਇਨ੍ਹਾਂ ਤਿੰਨਾਂ ਨੂੰ ਇੱਕ-ਦੂਜੇ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ। ਚੀਫ ਜਸਟਿਸ ਨੇ ਕਿਹਾ ਕਿ ਉਹ ਇਹ ਦੇਖ ਕੇ ਖੁਸ਼ ਹਨ ਕਿ ਦੇਸ਼ ਨਾ ਕੇਵਲ ਮਜ਼ਬੂਤ ਹੋਇਆ ਹੈ, ਸਗੋਂ ਸਮਾਜੀ ਤੇ ਆਰਥਕ ਮੁਹਾਜ਼ਾਂ ’ਤੇ ਵਿਕਸਤ ਵੀ ਹੋਇਆ ਹੈ ਤੇ ਹੋਰ ਵੀ ਵਿਕਸਤ ਹੋ ਰਿਹਾ ਹੈ।

## ਮੋਦੀ ਸਰਕਾਰ ਨੇ ਉਪ ਰਾਸ਼ਟਰਪਤੀ ਦੀਆਂ ਅਪੀਲਾਂ ਨੂੰ ਅਣਗੌਲਿਆ : ਜੈਰਾਮ

**ਨਵੀਂ ਦਿੱਲੀ** : ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਐਤਵਾਰ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦੇਣ ਸਮੇਂ ਮੋਦੀ ਸਰਕਾਰ ’ਤੇ ਤਨਜ਼ ਕੱਸਦਿਆਂ ਸਰਕਾਰ ਉੱਤੇ ਅੰਦੋਲਨਕਾਰੀ ਕਿਸਾਨਾਂ ਲਈ ਧਨਖੜ ਦੀਆਂ ਭਾਵੁਕ ਅਪੀਲਾਂ ਨੂੰ ਲਗਾਤਾਰ ਅਣਗੌਲਿਆ ਕਰਨ ਦਾ ਦੋਸ਼ ਲਗਾਇਆ। ਰਮੇਸ਼ ਨੇ ਐੱਕਸ ’ਤੇ ਇੱਕ ਪੋਸਟ ਵਿੱਚ ਕਿਹਾ, ‘ਅਟੱਲ ਇਰਾਦੇ ਵਾਲੇ ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਸ੍ਰੀ ਜਗਦੀਪ ਧਨਖੜ ਅੱਜ 74 ਸਾਲ ਦੇ ਹੋ ਗਏ ਹਨ। ਇਸ ਖੁਸ਼ੀ ਦੇ ਮੌਕੇ ’ਤੇ ਉਨ੍ਹਾ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਇਹ ਯਾਦ ਰੱਖਣਾ ਪਵੇਗਾ ਕਿ ਇਹ ਬਹੁਤ ਹੀ ਮੰਦਭਾਗਾ ਤਾਂ ਹੈ, ਪਰ ਪੂਰੀ ਤਰ੍ਹਾਂ ਹੈਰਾਨੀਜਨਕ ਨਹੀਂ ਹੈ ਕਿ ਮੋਦੀ ਸਰਕਾਰ ਅੰਦੋਲਨਕਾਰੀ ਕਿਸਾਨਾਂ ਬਾਰੇ ਉਨ੍ਹਾ ਦੀਆਂ ਭਾਵੁਕ ਬੇਨਤੀਆਂ ਨੂੰ ਅਣਗੌਲਿਆ ਕਰ ਰਹੀ ਹੈ।’

# ਸੁਖਜਿੰਦਰ ਮਹੇਸਰੀ ਸਰਬ ਭਾਰਤ ਨੌਜਵਾਨ ਸਭਾ ਦੇ ਜਨਰਲ ਸਕੱਤਰ ਤੇ ਰੋਸ਼ਨ ਸਿਨ੍ਹਾ ਕੌਮੀ ਪ੍ਰਧਾਨ ਚੁਣੇ ਗਏ

## 17ਵੀਂ ਕੌਮੀ ਕਾਨਫਰੰਸ ਮਜ਼ਬੂਤ ਨੌਜਵਾਨ ਏਕਤਾ ਦੇ ਸੁਨੇਹੇ ਨਾਲ ਸਫਲਤਾਪੂਰਵਕ ਸੰਪੰਨ



**ਕਾਮਰੇਡ ਕਨਮ ਰਾਜਿੰਦਰਾ ਹਾਲ (ਤਿਰੂਪਤੀ)**

ਸਰਬ ਭਾਰਤ ਨੌਜਵਾਨ ਸਭਾ ਦਾ 17ਵਾਂ ਕੌਮੀ ਡੈਲੀਗੇਟ ਅਜਲਾਸ ਨੌਜਵਾਨਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਮਜ਼ਬੂਤ ਨੌਜਵਾਨ ਏਕਤਾ ਦਾ ਸੁਨੇਹਾ ਦਿੰਦਿਆਂ ਐਤਵਾਰ ਆਖਰੀ ਦਿਨ ਸਫਲਤਾਪੂਰਵਕ ਸੰਪੰਨ ਹੋ ਗਿਆ। ਆਖਰੀ ਦਿਨ ਦੇ ਪਹਿਲੇ ਸੈਸ਼ਨ ਵਿੱਚ ਜਨਰਲ ਸਕੱਤਰ ਥਿਰੂਮਲਾਈ ਰਮਨ ਵੱਲੋਂ ਪੇਸ਼ ਕੀਤੀ ਰਿਪੋਰਟ ’ਤੇ ਬਹਿਸ ਦੌਰਾਨ ਉਠੇ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਪੂਰੇ ਡੈਲੀਗੇਟ ਹਾਊਸ ਵੱਲੋਂ ਰਿਪੋਰਟ ਨੂੰ ਵਾਧਿਆਂ ਸਮੇਤ ਪਾਸ ਕਰ ਲਿਆ ਗਿਆ।





ਡੈਲੀਗੇਟ ਅਜਲਾਸ ਦੇ ਅੰਤਮ ਸੈਸ਼ਨ ਵਿੱਚ ਡੈਲੀਗੇਟ ਹਾਊਸ ਵੱਲੋਂ 105 ਮੈਂਬਰੀ ਨਵੀਂ ਕੌਮੀ ਜਨਰਲ ਕੌਂਸਲ ਅਤੇ 38 ਮੈਂਬਰੀ ਕੌਮੀ ਵਰਕਿੰਗ ਕਮੇਟੀ ਦੀ ਚੋਣ ਕੀਤੀ ਗਈ। ਨਵੀਂ ਚੁਣੀ ਉਕਤ ਵਰਕਿੰਗ ਕਮੇਟੀ ਵੱਲੋਂ ਸਰਬਸੰਮਤੀ ਨਾਲ ਸੁਖਜਿੰਦਰ ਮਹੇਸਰੀ ਨੂੰ ਕੌਮੀ ਜਨਰਲ ਸਕੱਤਰ ਅਤੇ ਬਿਹਾਰ ਤੋਂ ਰੋਸ਼ਨ ਸਿਨ੍ਹਾ ਨੂੰ ਕੌਮੀ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਉਕਤ ਤੋਂ ਇਲਾਵਾ ਭਾਰਤੀ ਤਾਮਿਲਨਾਡੂ, ਪ੍ਰਦੀਪ ਸੇਤੀ ਓਡੀਸ਼ਾ, ਆਰਤੀ ਰੀਡੇਕਰ ਮਹਾਰਾਸ਼ਟਰ, ਹਿਮਾਂਸ਼ੂ ਗੁਜਰਾਤ ਨੂੰ ਮੀਤ ਪ੍ਰਧਾਨ ਅਤੇ ਟੀ ਟੀ ਜਿਸਮਨ, ਵਲੀ ਕਾਦਰੀ, ਹਰੀਸ਼ ਬਾਲਾ ਕਰਨਾਟਕਾ, ਪ੍ਰਚੂਰੀ ਰਾਜਿੰਦਰਾ ਬਾਬੂ ਆਂਧਰਾ ਨੂੰ ਮੀਤ ਸਕੱਤਰ ਚੁਣਿਆ ਗਿਆ।

ਨਵੀਂ ਚੁਣੀ ਗਈ ਕੌਮੀ ਜਨਰਲ ਕੌਂਸਲ ਵਿੱਚ ਪੰਜਾਬ ਦੇ ਚਰਨਜੀਤ ਛਾਂਗਾ ਰਾਏ, ਕਰਮਵੀਰ ਕੌਰ ਬੱਧਨੀ, ਹਰਭਜਨ ਛੱਪੜੀ ਵਾਲਾ, ਗੁਰਜੰਟ ਸਿੰਘ, ਗੁਰਜੀਤ ਕੌਰ ਸਰਦੂਲਗੜ੍ਹ ਅਤੇ ਵਿਸ਼ਾਲ ਵਲਟੋਹਾ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਅਤੇ ਚਰਨਜੀਤ ਛਾਂਗਾ ਰਾਏ ਅਤੇ ਕਰਮਵੀਰ ਕੌਰ ਬੱਧਨੀ ਨੂੰ ਕੌਮੀ ਵਰਕਿੰਗ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ।

ਨਵੀਂ ਚੁਣੀ ਗਈ ਜਨਰਲ ਕੌਂਸਲ ਅਤੇ ਆਗੂ ਟੀਮ ਵੱਲੋਂ ਜੁਲਾਈ ਮਹੀਨੇ ਵਿੱਚ ਚੋਣ ਸੁਧਾਰ ਕਰਵਾਉਣ ਲਈ ਦੇਸ਼ ਭਰ ਵਿੱਚੋਂ 5 ਕਰੋੜ ਦਸਤਖਤ ਇਕੱਠੇ ਕਰਨ ਅਤੇ ਇਸੇ ਸਾਲ ਵਿੱਚ ਹੀ ਬਨੇਗਾ ਦੀ ਪ੍ਰਾਪਤੀ ਲਈ ਦੇਸ਼-ਵਿਆਪੀ ਲੌਂਗ ਮਾਰਚ ਕੀਤਾ ਜਾਵੇਗਾ। ਤਿਰੂਪਤੀ ਦੀ ਸਟੇਟ ਪਾਰਟੀ ਦੀ ਮਦਦ ਨਾਲ ਸਰਬ ਭਾਰਤ ਨੌਜਵਾਨ ਸਭਾ ਆਂਧਰਾ ਪ੍ਰਦੇਸ਼ ਵੱਲੋਂ ਦੇਸ਼ ਭਰ ਦੇ ਡੈਲੀਗੇਟ ਸਾਥੀਆਂ ਲਈ ਰਹਿਣ ਦਾ ਖਾਸ ਪ੍ਰਬੰਧ ਕੀਤਾ ਗਿਆ ਅਤੇ ਦੱਖਣੀ ਭਾਰਤ ਦੇ ਪ੍ਰਸਿੱਧ ਵੱਖ-ਵੱਖ ਸਵਾਦਲੇ ਖਾਣਿਆਂ ਨਾਲ ਖੂਬ ਮਹਿਮਾਨ-ਨਿਵਾਜ਼ੀ ਕੀਤੀ ਗਈ। ਕਾਨਫਰੰਸ ਦੇ ਚਾਰੇ ਦਿਨ ਆਂਧਰਾ ਪ੍ਰਦੇਸ਼ ਦੀ ਇਪਟਾ ਸੱਭਿਆਚਾਰਕ ਨਾਟ ਮੰਡਲੀ ਵੱਲੋਂ ਦੱਖਣੀ ਭਾਰਤ ਦੀਆਂ ਵੱਖ-ਵੱਖ ਇਨਕਲਾਬੀ ਸੱਭਿਆਚਾਰਕ ਵੰਨਗੀਆਂ ਪੇਸ਼ ਕਰਕੇ ਕਾਨਫਰੰਸ ਨੂੰ ਸਿਖ਼ਰਾਂ ਛੂਹਣ ਲਾਈ ਰੱਖਿਆ। ਡੈਲੀਗੇਟ ਅਜਲਾਸ ਵਿੱਚ ਸ਼ਾਮਲ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਏ ਡੈਲੀਗੇਟਾਂ ਵੱਲੋਂ ਜਵਾਨੀ ਦੀ ਬੇਹਤਰੀ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੇ ਦ੍ਰਿੜ੍ਹ ਵਿਸ਼ਵਾਸ ਅਤੇ ਅਭੁੱਲ ਯਾਦਾਂ ਨਾਲ ਵਿਦਾਇਗੀ ਲਈ ਗਈ।

## ਪੀ ਐੱਸ ਐੱਲ ਵੀ ਦੀ ਉਡਾਣ ਨਾਕਾਮ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼)** : ਭਾਰਤੀ ਪੁਲਾੜ ਖੋਜ ਸੰਸਥਾਨ (ਇਸਰੋ) ਦਾ ਧਰੁਵੀ ਉਪਗ੍ਰਹਿ ਲਾਂਚ ਵਹੀਕਲ (ਪੀ ਐੱਸ ਐੱਲ ਵੀ)-ਸੀ61 ਰਾਕੇਟ ਤੀਜੇ ਪੜਾਅ ਵਿੱਚ ਦਬਾਅ ਸੰਬੰਧੀ ਸਮੱਸਿਆ ਕਰਕੇ ਧਰਤੀ ਨਿਰੀਖਣ ਲਈ ਭੇਜੇ ਜਾਣ ਵਾਲੇ ਉਪਗ੍ਰਹਿ ਨੂੰ ਲਾਂਚ ਕਰਨ ਵਿੱਚ ਨਾਕਾਮ ਰਿਹਾ। ਇਹ 1993 ਤੋਂ ਬਾਅਦ ਪੀ ਐੱਸ ਐੱਲ ਵੀ ਦੀ ਤੀਜੀ ਅਜਿਹੀ ਨਾਕਾਮੀ ਹੈ। ਪੁਲਾੜ ਏਜੰਸੀ ਦੇ ਚੇਅਰਮੈਨ ਵੀ ਨਾਰਾਇਣਨ ਨੇ ਇਹ ਜਾਣਕਾਰੀ ਦਿੱਤੀ। ਪੁਲਾੜ ਏਜੰਸੀ ਦਾ ਇਹ 101ਵਾਂ ਮਿਸ਼ਨ ਸੀ। ਪੀ ਐੱਸ ਐੱਲ ਵੀ ਨੇ ਪਹਿਲਾਂ ਤੋਂ ਨਿਰਧਾਰਤ ਸਮੇਂ ਮੁਤਾਬਕ ਐਤਵਾਰ ਸਵੇਰੇ 5:59 ਵਜੇ ਉਡਾਣ ਭਰੀ, ਪਰ ਮਿਸ਼ਨ ਦੇ ਟੀਚੇ ਪੂਰੇ ਨਹੀਂ ਹੋ ਸਕੇ।

ਨਾਰਾਇਣਨ ਨੇ ਕਿਹਾ, “ਚਾਰ ਪੜਾਵਾਂ ਵਾਲੇ ਵਹੀਕਲ ਦਾ ਦੂਜੇ ਪੜਾਅ ਤੱਕ ਪ੍ਰਦਰਸ਼ਨ ਆਮ ਵਾਂਗ ਸੀ। ਤੀਜੇ ਪੜਾਅ ਵਿੱਚ ਮੋਟਰ ਸਹੀ ਤਰੀਕੇ ਨਾਲ ਚਾਲੂ ਹੋ ਗਈ ਸੀ, ਪਰ ਇਸ ਪੜਾਅ ਦੇ ਸੰਚਾਲਨ ਦੌਰਾਨ ਮਿਸ਼ਨ ਪੂਰਾ ਨਹੀਂ ਹੋ ਸਕਿਆ।”

ਪੀ ਐੱਸ ਐੱਲ ਵੀ ਨੇ ਆਪਣੇ 63ਵੇਂ ਮਿਸ਼ਨ ਤਹਿਤ ਧਰਤੀ ਦੇ ਨਿਰੀਖਣ ਸੈਟੇਲਾਈਟ (ਈ ਓ ਐੱਸ-09) ਨੂੰ ਲੈ ਕੇ ਜਾਣਾ ਸੀ। ਈ ਓ ਐੱਸ ਸਾਲ 2022 ਵਿਚ ਲਾਂਚ ਕੀਤੇ ਗਏ ਈ ਓ ਐੱਸ-04 ਵਰਗਾ ਇੱਕ ਉਪਗ੍ਰਹਿ ਹੈ। ‘ਸੀ-ਬੈਂਡ ਸਿੰਥੈਟਿਕ ਅਪਰਚਰ ਰਡਾਰ’ ਨਾਲ ਲੈਸ ਈ ਓ ਐੱਸ-09 ਹਰ ਤਰ੍ਹਾਂ ਦੇ ਮੌਸਮ ਵਿੱਚ ਕਿਸੇ ਵੀ ਸਮੇਂ ਧਰਤੀ ਦੀ ਸਤਹਿ ਦੀ ‘ਹਾਈ ਰੈਜ਼ੋਲਿਊਸ਼ਨ’ ਤਸਵੀਰਾਂ ਲੈਣ ਦੇ ਸਮਰੱਥ ਹੈ। ਇਹ ਉਪਗ੍ਰਹਿ ਖੇਤੀਬਾੜੀ ਅਤੇ ਜੰਗਲਾਤ ਨਿਗਰਾਨੀ ਤੋਂ ਲੈ ਕੇ ਆਫਤ ਪ੍ਰਬੰਧਨ, ਸ਼ਹਿਰੀ ਯੋਜਨਾਬੰਦੀ ਅਤੇ ਰਾਸ਼ਟਰੀ ਸੁਰੱਖਿਆ ਤੱਕ ਦੇ ਕਾਰਜਾਂ ਲਈ ਮਹੱਤਵਪੂਰਨ ਹੈ। ਵਿਗਿਆਨੀਆਂ ਮੁਤਾਬਕ ਉਪਗ੍ਰਹਿ ਦੇ ਪ੍ਰਭਾਵਸ਼ਾਲੀ ਮਿਸ਼ਨ ਲਾਈਫ ਤੋਂ ਬਾਅਦ ਇਸ ਨੂੰ ਡੀ-ਆਰਬਿਟ ਕਰਨ ਲਈ ਕਾਫੀ ਬਾਲਣ ਰਾਖਵਾਂ ਰੱਖਿਆ ਗਿਆ ਸੀ ਤਾਂ ਜੋ ਇਸ ਨੂੰ ਦੋ ਸਾਲਾਂ ਦੇ ਅੰਦਰ ਪੰਧ ਵਿੱਚ ਹੇਠਾਂ ਲਿਆਂਦਾ ਜਾ ਸਕੇ, ਜਿਸ ਨਾਲ ਮਲਬਾ-ਮੁਕਤ ਮਿਸ਼ਨ ਯਕੀਨੀ ਬਣ ਸਕੇ।



# ਪਾਰਟੀ ਕਾਂਗਰਸ ਤੇ ਰੈਲੀ ਲਈ ਬੁਢਲਾਡਾ ਹਲਕੇ ਵੱਲੋਂ ਦੋ ਲੱਖ ਰੁਪਏ ਅਰਸ਼ੀ ਨੂੰ ਭੇਟ



**ਬੁਢਲਾਡਾ (ਅਸ਼ੋਕ ਲਾਕੜਾ)**

ਬੁਢਲਾਡਾ ਸਬ-ਡਵੀਜ਼ਨ ’ਚ ਸੀ ਪੀ ਆਈ ਦੀਆਂ ਵੱਖ-ਵੱਖ ਬ੍ਰਾਂਚਾਂ ਵੱਲੋਂ ਆਪਣੇ ਪਿੰਡਾਂ ਵਿੱਚੋਂ ਘਰ-ਘਰ ਜਾ ਕੇ ਜਨਤਕ ਫੰਡ ਇਕੱਠਾ ਕਰਕੇ ਲੱਗਭੱਗ 2,64,300 ਰੁਪਏ ਤੋਂ ਵੱਧ ਫੰਡ ਰਾਸ਼ੀ ਇਕੱਠੀ ਕੀਤੀ ਗਈ, ਜਿਸ ਵਿੱਚੋਂ ਪਾਰਟੀ ਕਾਂਗਰਸ ਦੇ ਪ੍ਰਬੰਧਾ ਲਈ ਦੋ ਲੱਖ ਰੁਪਏ ਦੀ ਰਾਸ਼ੀ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੂੰ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਦੀ ਹਾਜ਼ਰੀ ਵਿੱਚ ਭੇਟ ਕੀਤੀ ਗਈ।

ਸਬ-ਡਵੀਜ਼ਨ ਬੁਢਲਾਡਾ ਦੇ ਸਕੱਤਰ ਵੇਦ ਪ੍ਰਕਾਸ਼, ਜ਼ਿਲ੍ਹਾ ਮੀਤ ਸਕੱਤਰ ਸੀਤਾ ਰਾਮ ਗੋਬਿੰਦਪੁਰਾ, ਸੀਨੀਅਰ ਆਗੂ ਮਲਕੀਤ ਸਿੰਘ ਮੰਦਰਾਂ ਤੇ ਜਗਸੀਰ ਸਿੰਘ ਰਾਏ ਕੇ ਨੇ ਦੱਸਿਆ ਕਿ ਸਖ਼ਤ ਗਰਮੀ ਦੇ ਬਾਵਜੂਦ ਪਾਰਟੀ ਵਰਕਰਾਂ ਨੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਘਰ-ਘਰ ਜਾ ਕੇ ਫੰਡ ਇਕੱਠਾ ਕੀਤਾ ਹੈ। ਚੋਣਵੀਆਂ ਬ੍ਰਾਂਚਾਂ, ਜਿਵੇਂ ਕਿ ਕਾਮਰੇਡ ਅਰਸ਼ੀ ਦੇ ਜੱਦੀ ਪਿੰਡ ਦਾਤੇਵਾਸ ਦੀ ਬਰਾਂਚ ਵੱਲੋਂ 92200 ਰੁਪਏ, ਕਾਹਨਗੜ੍ਹ 37000 ਰੁਪਏ, ਆਲਮ ਮੰਦਰਾਂ 25000 ਰੁਪਏ, ਟਾਹਲੀਆਂ 36000 ਰੁਪਏ, ਬੋੜਾਵਾਲ 30,000 ਰੁਪਏ, ਦਲੇਲਵਾਲਾ 22000 ਰੁਪਏ, ਗੁਰਨੇ ਕਲਾਂ 10,000 ਰੁਪਏ, ਮੰਡੇਰ 7500 ਰੁਪਏ ਤੇ ਬੱਛੋਆਣਾ ਤੋਂ 4500 ਰੁਪਏ ਇਕੱਠੇ ਹੋਏ ਹਨ।

ਉਕਤ ਆਗੂਆਂ ਨੇ ਕਿਹਾ ਕਿ ਬਾਕੀ ਰਹਿੰਦੀਆਂ ਪਾਰਟੀ ਬਰਾਂਚਾਂ ਵੱਲੋਂ ਵੀ ਫੰਡ ਇਕੱਠਾ ਕਰਨ ਲਈ ਪੂਰਾ ਉਤਸ਼ਾਹ ਸੀ, ਪਰੰਤੂ ਲੁਧਿਆਣਾ ਵਿਖੇ ਹੋਈ ਸੂਬਾ ਕੌਂਸਲ ਮੀਟਿੰਗ ਦੇ ਫੈਸਲੇ ਦੀ ਰੋਸ਼ਨੀ ਵਿੱਚ ਹੁਣ ਫੰਡ ਮੁਹਿੰਮ ਬੰਦ ਕਰ ਦਿੱਤੀ ਹੈ, ਹੁਣ ਕੇਵਲ 21 ਸਤੰਬਰ ਨੂੰ ਪਾਰਟੀ ਕਾਂਗਰਸ ਦੇ ਪਹਿਲੇ ਦਿਨ ਹੋਣ ਵਾਲੀ ਰੈਲੀ ਵਿੱਚ ਵੱਧ ਤੋਂ ਵੱਧ ਸਾਥੀ ਸ਼ਾਮਲ ਕਰਨ ’ਤੇ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ। ਇਸ ਮੌਕੇ ਚੋਣਵੇਂ ਪਾਰਟੀ ਆਗੂ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਕਾਮਰੇਡ ਅਰਸ਼ੀ ਨੇ ਦੱਸਿਆ ਕਿ ਪਾਰਟੀ ਕਾਂਗਰਸ ਦੀਆਂ ਤਿਆਰੀਆਂ ਨੂੰ ਅੰਤਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਦੂਸਰੇ ਰਾਜਾਂ ਤੋਂ ਆਉਣ ਵਾਲੇ ਡੈਲੀਗੇਟਸ ਦੀ ਰਿਹਾਇਸ਼ ਲਈ ਬਹੁਤ ਸਾਰੇ ਰੈੱਸਟ ਹਾਊਸ ਤੇ ਹੋਟਲ ਬੁੱਕ ਕੀਤੇ ਜਾ ਚੁੱਕੇ ਹਨ, ਰਹਿੰਦੇ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਕੈਟਰਿੰਗ ਦਾ ਪ੍ਰਬੰਧ ਹੋ ਚੁੱਕਾ ਹੈ, ਰੈਲੀ ਲਈ ਢੁਕਵੇਂ ਸਥਾਨ ਦੀ ਭਾਲ ਕੀਤੀ ਜਾ ਰਹੀ ਹੈ। ਕੋਸ਼ਿਸ਼ ਹੋਵੇਗੀ ਕਿ ਰੈਲੀ ਚੰਡੀਗੜ੍ਹ ਦੀ ਪਰੇਡ ਗਰਾਊਂਡ ਵਿਖੇ ਹੋਵੇ। ਪਾਰਟੀ ਕਾਂਗਰਸ ਤੇ ਰੈਲੀ ਦੇ ਪ੍ਰਬੰਧਾਂ ’ਤੇ ਬਹੁਤ ਭਾਰੀ ਖਰਚਾ ਹੋਵੇਗਾ, ਜਿਸ ਦੀ ਪੂਰਤੀ ਲਈ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਤੇ ਵਰਕਰ ਕੋਈ ਕਸਰ ਬਾਕੀ ਨਹੀਂ ਰੱਖ ਰਹੇ। ਪੰਜਾਬ ਦੀ ਕਮਿਊਨਿਸਟ

● ਬਾਕੀ ਸਫ਼ਾ 2 ’ਤੇ

## ਹੈਦਰਾਬਾਦ ’ਚ ਅੱਗ ਨਾਲ 17 ਮਰੇ

**ਹੈਦਰਾਬਾਦ** : ਇੱਥੇ ਇਤਿਹਾਸਕ ਚਾਰਮਿਨਾਰ ਨੇੜੇ ਗੁਲਜ਼ਾਰ ਹਾਊਸ ਵਿਚਲੀ ਇਮਾਰਤ ਵਿੱਚ ਐਤਵਾਰ ਸਵੇਰੇ ਸਾਢੇ ਛੇ ਵਜੇ ਭਿਆਨਕ ਅੱਗ ਲੱਗਣ ਕਰਕੇ ਔਰਤਾਂ ਤੇ ਬੱਚਿਆਂ ਸਣੇ 17 ਵਿਅਕਤੀਆਂ ਦੀ ਮੌਤ ਹੋ ਗਈ। ਮੁੱਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਜਿਸ ਇਮਾਰਤ ਵਿੱਚ ਅੱਗ ਲੱਗੀ, ਉਸ ਦੀ ਗਰਾਊਂਡ ਫਲੋਰ ’ਤੇ ਜਿਊਲਰੀ ਦੀਆਂ ਦੁਕਾਨਾਂ ਹਨ ਜਦੋਂਕਿ ਉਪਰਲੀ ਫਲੋਰ ਉੱਤੇ ਫਲੈਟ ਸੀ, ਜਿਸ ਵਿੱਚ ਲੋਕ ਰਹਿ ਰਹੇ ਸਨ। ਅੱਗ ਲੱਗਣ ਕਰਕੇ ਉਪਰਲੀ ਫਲੋਰ ਵਿੱਚ ਧੂੰਆਂ ਭਰ ਗਿਆ ਤੇ ਲੋਕਾਂ ਦਾ ਦਮ ਘੁੱਟ ਗਿਆ।



# ਇਜ਼ਰਾਈਲ ਨੇ ਹੋਰ 103 ਫਲਸਤੀਨੀ ਮਾਰੇ



**ਦੀਰ ਅਲ-ਬਲਾਹ** : ਗਾਜ਼ਾ ਪੱਟੀ ਵਿੱਚ ਸ਼ਨਿੱਚਰਵਾਰ ਰਾਤ ਇਜ਼ਰਾਈਲ ਵੱਲੋਂ ਕੀਤੇ ਗਏ ਜ਼ੋਰਦਾਰ ਹਮਲਿਆਂ ਕਾਰਨ 103 ਲੋਕ ਮਾਰੇ ਗਏ ਹਨ। ਇਹ ਜਾਣਕਾਰੀ ਪ੍ਰਭਾਵਤ ਇਲਾਕਿਆਂ ਦੇ ਹਸਪਤਾਲਾਂ ਅਤੇ ਡਾਕਟਰਾਂ ਨੇ ਦਿੱਤੀ ਹੈ। ਇਜ਼ਰਾਈਲ ਇਸ ਖੇਤਰ ਵਿੱਚ ਆਪਣੀ ਜੰਗ ਨੂੰ ਹੋਰ ਤੇਜ਼ ਕਰ ਰਿਹਾ ਹੈ ਅਤੇ ਬੀਤੇ 19 ਮਹੀਨਿਆਂ ਤੋਂ ਵੱਧ ਸਮੇਂ ਤੋਂ ਜਾਰੀ ਇਸ ਜੰਗ ਨੂੰ ਰੋਕਣ ਦਾ ਉਸ ਵੱਲੋਂ ਕੋਈ ਸੰਕੇਤ ਨਹੀਂ ਦਿੱਤਾ ਜਾ ਰਿਹਾ। ਖਾਨ ਯੂਨਿਸ ਸ਼ਹਿਰ ਦੇ ਨਾਸਰ ਹਸਪਤਾਲ ਦੇ ਅਨੁਸਾਰ, ਦੱਖਣੀ ਗਾਜ਼ਾ ਵਿੱਚ ਉੱਜੜੇ ਲੋਕਾਂ ਨੂੰ ਪਨਾਹ ਦੇਣ ਵਾਲੇ ਘਰਾਂ ਅਤੇ ਤੰਬੂਆਂ ’ਤੇ ਹੋਏ ਹਵਾਈ ਹਮਲਿਆਂ ਵਿੱਚ 20 ਤੋਂ ਵੱਧ ਲੋਕ ਮਾਰੇ ਗਏ। ਗਾਜ਼ਾ ਸਿਹਤ ਮੰਤਰਾਲੇ ਦੀਆਂ ਐਮਰਜੈਂਸੀ ਸੇਵਾਵਾਂ ਦੇ ਅਨੁਸਾਰ ਉੱਤਰੀ ਗਾਜ਼ਾ ਵਿੱਚ ਜਬਾਲੀਆ ਸ਼ਰਨਾਰਥੀ ਕੈਂਪ ਵਿੱਚ ਇੱਕ ਘਰ ’ਤੇ ਹੋਏ ਹਮਲੇ ਵਿੱਚ ਇੱਕੋ ਪਰਵਾਰ ਦੇ ਨੌਂ ਲੋਕਾਂ ਦੀ ਮੌਤ ਹੋ ਗਈ। ਹਮਾਸ ਦੁਆਰਾ ਚਲਾਈ ਜਾ ਰਹੀ ਸਰਕਾਰ ਦੇ ਅਧੀਨ ਕੰਮ ਕਰਨ ਵਾਲੀ ਸਿਵਲ ਡਿਫੈਂਸ ਦੇ ਅਨੁਸਾਰ, ਜਬਾਲੀਆ ਵਿੱਚ ਇੱਕ ਪਰਵਾਰ ਦੇ ਘਰ ’ਤੇ ਇੱਕ ਹੋਰ ਹਮਲੇ ਵਿੱਚ 10 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਸੱਤ ਬੱਚੇ ਅਤੇ ਇੱਕ ਔਰਤ ਸ਼ਾਮਲ ਸੀ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਖੇਤਰ ’ਤੇ ਕਬਜ਼ਾ ਕਰਨ, ਲੱਖਾਂ ਫਲਸਤੀਨੀਆਂ ਨੂੰ ਗਾਜ਼ਾ ਦੇ ਦੱਖਣ ਵਿੱਚ ਧੱਕਣ ਅਤੇ ਸਹਾਇਤਾ ਦੀ ਵੰਡ ’ਤੇ ਵਧੇਰੇ ਕੰਟਰੋਲ ਕਰਨ ਦੀ ਯੋਜਨਾ ਬਣਾ ਰਿਹਾ ਹੈ।

## ਮਨਪ੍ਰੀਤ ਸਿੰਘ ਫਰੀਦਕੇ ਵੱਲੋਂ ਦੋ ਲੱਖ ਦਾ ਚੈੱਕ ਭੇਟ

**ਬੁਢਲਾਡਾ, (ਅਸ਼ੋਕ ਲਾਕੜਾ)**

ਮਰਹੂਮ ਲੈਕਚਰਾਰ ਕਾਮਰੇਡ ਹਰਚਰਨ ਸਿੰਘ ਮੌੜ ਪਿੰਡ ਫਰੀਦਕੇ ਤਹਿਸੀਲ ਬੁਢਲਾਡਾ ਜ਼ਿਲ੍ਹਾ ਮਾਨਸਾ ਗੌਰਮਿੰਟ ਟੀਚਰ ਯੂਨੀਅਨ ਦੇ ਸਿਰਮੌਰ ਆਗੂ ਹੋਏ ਹਨ। ਸਰਵਿਸ ਦੌਰਾਨ ਹੀ ਉਹ ਮਾਰਕਸਵਾਦੀ ਪਾਰਟੀ ਨਾਲ ਜੁੜ ਗਏ। ਆਖਰੀ ਸਮੇਂ ਮੰਗਤ ਰਾਮ ਪਾਸਲਾ ਦੀ ਪਾਰਟੀ ਨਾਲ ਸੰਬੰਧਤ ਹੋ ਗਏ, ਪ੍ਰੰਤੂ ਉਹ ਭਾਰਤੀ ਕਮਿਊਨਿਸਟ ਪਾਰਟੀ ਨੂੰ ਵੀ ਵਧ-ਚੜ੍ਹ ਕੇ ਪਿਆਰ ਕਰਦੇ ਸਨ। ਉਹ ਜ਼ਮੀਨ ਦੀ ਵੱਡੀ ਢੇਰੀ ਦੇ ਮਾਲਕ ਤੇ ਰੱਜੇ-ਪੁੱਜੇ ਪਰਵਾਰ ਨਾਲ ਸੰਬੰਧਤ ਵੱਡੇ ਦਿਲ ਵਾਲੇ ਸਨ, ਇੱਕ ਵਾਰ ਉਨ੍ਹਾ ਜ਼ਮੀਨ ਦਾ ਵੱਡਾ ਹਿੱਸਾ ਠੇਕੇ ’ਤੇ ਗਰੀਬ ਕਿਸਾਨਾਂ ਨੂੰ ਦਿੱਤਾ ਹੋਇਆ ਸੀ, ਗੜੇਮਾਰੀ ਕਾਰਨ ਸਾਰੀ ਫਸਲ ਤਬਾਹ ਹੋ ਗਈ, ਕਾਮਰੇਡ ਮੌੜ ਨੇ ਨੌਂ ਲੱਖ ਰੁਪਏ ਠੇਕਾ ਰਾਸ਼ੀ ਗਰੀਬ ਕਿਸਾਨਾਂ ਨੂੰ ਮੁਆਫ਼ ਕਰ ਦਿੱਤੀ ਸੀ। ਉਨ੍ਹਾ ਦਾ ਛੋਟਾ ਬੇਟਾ ਮਨਪ੍ਰੀਤ ਆਰੰਭ ਤੋਂ



● ਬਾਕੀ ਸਫ਼ਾ 2 ’ਤੇ

## ਰਾਜਪੁਰਾ-ਮੁਹਾਲੀ ਰੇਲ ਲਾਈਨ ਨੂੰ ਹਰੀ ਝੰਡੀ

### ਪ੍ਰੋਜੈਕਟ 2 ਸਾਲਾਂ ’ਚ ਪੂਰਾ ਕਰਨ ਦਾ ਟੀਚਾ

**ਚੰਡੀਗੜ੍ਹ** : ਕੇਂਦਰ ਸਰਕਾਰ ਵੱਲੋਂ ਰਾਜਪੁਰਾ-ਮੁਹਾਲੀ ਰੇਲ ਲਾਈਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ ਅਤੇ ਇਸ ਪ੍ਰੋਜੈਕਟ ਲਈ 202.99 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਮਾਲਵਾ ਖਿੱਤੇ ਨੂੰ ਇਸ ਰੇਲ ਲਾਈਨ ਦਾ ਵੱਡਾ ਲਾਭ ਪੁੱਜੇਗਾ। ਇਸ ਰੇਲ ਪ੍ਰੋਜੈਕਟ ਨੂੰ ਕਰੀਬ ਦੋ ਵਰ੍ਹਿਆਂ ਵਿੱਚ ਮੁਕੰਮਲ ਕੀਤਾ ਜਾਵੇਗਾ। ਇਸ ਪ੍ਰੋਜੈਕਟ ਦੇ ਸਿਰੇ ਚੜ੍ਹਨ ਨਾਲ ਸਮੁੱਚਾ ਮਾਲਵਾ ਖਿੱਤਾ ਰੇਲ ਮਾਰਗ ਰਾਹੀਂ ਚੰਡੀਗੜ੍ਹ ਨਾਲ ਜੁੜ ਜਾਵੇਗਾ।

ਚੇਤੇ ਰਹੇ ਕਿ ਰਾਜਪੁਰਾ-ਮੁਹਾਲੀ ਰੇਲ ਲਾਈਨ ਲਈ ਜ਼ਮੀਨ ਪ੍ਰਾਪਤੀ ਵੱਡਾ ਅੜਿੱਕਾ ਬਣੀ ਹੋਈ ਸੀ। ਪੰਜਾਬ ਵਿਧਾਨ ਸਭਾ ਦੀਆਂ 2027 ਦੀਆਂ ਚੋਣਾਂ ਦੇ ਮੱਦੇਨਜ਼ਰ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਨੇ ਪੰਜਾਬ ਵਿੱਚ ਲਟਕੇ ਪਏ ਰੇਲ ਪ੍ਰੋਜੈਕਟਾਂ ’ਤੇ ਫੈਸਲੇ ਲੈਣੇ ਸ਼ੁਰੂ ਕੀਤੇ ਹਨ। ਦੇਖਣਾ ਹੋਵੇਗਾ ਕਿ ਹੁਣ ਕੇਂਦਰ ਸਰਕਾਰ ਇਸ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤੀ ਦਾ ਕੰਮ ਕਿੰਨੇ ਕੁ ਸਮੇਂ ਵਿੱਚ ਨੇਪਰੇ ਚਾੜ੍ਹਦੀ ਹੈ।

## ਅੱਜ-ਨਾਮਾ

ਆਗੂ ਹੋਰ ਇੱਕ ਬੋਲ ਪਿਆ ਭਾਜਪਾ ਦਾ,
ਅਗਲੀ ਹੱਦ ਵੀ ਕਰ ਗਿਆ ਪਾਰ ਮੀਆਂ।
ਭਾਰਤ-ਪਾਕਿ ਖਿਚਾਅ ਦਾ ਜ਼ਿਕਰ ਕੀਤਾ,
ਕੀਤਾ ਏ ਧਿਰ ਵਿਰੋਧੀ ਵੱਲ ਵਾਰ ਮੀਆਂ।
ਲਫਜ਼ ਜ਼ਬਾਨ ਤੋਂ ਜਿਹੜੇ ਸਨ ਓਸ ਕੱਢੇ,
ਹੁੰਦਾ ਏ ਸੁਣਨ ਵਾਲਾ ਸ਼ਰਮਸਾਰ ਮੀਆਂ।
ਭਾਸ਼ਾ ਏਦਾਂ ਦੀ ਵਰਤੀ ਤੇ ਸੋਚਿਆ ਨਹੀਂ,
ਸੁਣ ਕੇ ਕਹੂ ਕੀ ਉਹਦਾ ਪਰਵਾਰ ਮੀਆਂ।
ਛਿੱਕਾ ਲੀਡਰਾਂ ਦਾ ਲੱਥਿਆ ਸਾਫ ਦਿੱਸਦਾ,
ਸਭ ਸਮਾਜ ਦੀ ਭੁੱਲੀ ਪਈ ਸ਼ਰਮ ਮੀਆਂ।
ਸਿੱਧਾ ਚਮਕਣ ਦਾ ਲੱਭ ਲਿਆ ਫਾਰਮੂਲਾ,
ਭੁੱਲਾ ਅਸੂਲ-ਸੰਵਿਧਾਨ ਦਾ ਭਰਮ ਮੀਆਂ।

-ਤੀਸ ਮਾਰ ਖਾਂ

# ਪਾਕਿਸਤਾਨ ਦੇ ਪੁਲਸੀਏ ਜਿਓਤੀ ਨੂੰ ਟਰੇਨ ’ਚ ਚਾਹ ਪਿਆਉਂਦੇ ਰਹੇ

**ਚੰਡੀਗੜ੍ਹ** : ਟਰੈਵਲ ਬਲੌਗਿੰਗ ਦੀ ਆੜ ਵਿੱਚ ਦੇਸ਼ ਦੀ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨ ਦੀ ਖੁਫੀਆ ਏਜੰਸੀ ਤੱਕ ਪਹੁੰਚਾਉਣ ਦੇ ਦੋਸ਼ ਵਿਚ ਗ੍ਰਿਫਤਾਰ ਹਰਿਆਣਾ ਦੇ ਹਿਸਾਰ ਦੀ 33 ਸਾਲਾ ਯੂਟਿਊਬਰ ਜਿਓਤੀ ਮਲਹੋਤਰਾ ਨੂੰ ਹਿਸਾਰ ਕੋਰਟ ਨੇ ਪੰਜ ਦਿਨ ਦੇ ਪੁਲਸ ਰਿਮਾਂਡ ’ਤੇ ਭੇਜ ਦਿੱਤਾ ਹੈ। ਜਿਓਤੀ ‘ਟਰੈਵਲ ਵਿਦ ਜੋ’ ਨਾਂਅ ਨਾਲ ਯੂਟਿਊਬ ਚੈਨਲ ਚਲਾਉਂਦੀ ਸੀ, ਜਿਸ ਦੇ 3.80 ਲੱਖ ਸਬਸਕ੍ਰਾਈਬਰ ਤੇ ਇੰਸਟਾਗ੍ਰਾਮ ’ਤੇ ਇਕ ਲੱਖ ਤੋਂ ਵੱਧ ਫਾਲੋਅਰਜ਼ ਹਨ। ਖੁਦ ਨੂੰ ‘ਘੁਮੱਕੜ’ ਦੱਸਣ ਵਾਲੀ ਜਿਓਤੀ ਪਿਛਲੇ ਦੋ ਸਾਲਾਂ ਵਿੱਚ ਤਿੰਨ ਵਾਰ ਪਾਕਿਸਤਾਨ ਜਾ ਚੁੱਕੀ ਹੈ ਤੇ ਚੌਥੀ ਫੇਰੀ ਦੀ ਤਿਆਰੀ ’ਚ ਸੀ।

ਜਿਓਤੀ ਦੀ ਪਾਕਿਸਤਾਨ ਵਿੱਚ ਉਨ੍ਹਾਂ ਇਲਾਕਿਆਂ ਤੱਕ ਪਹੁੰਚ ਸੀ, ਜਿੱਥੇ ਆਮ ਭਾਰਤੀਆਂ ਦਾ ਜਾਣਾ ਲੱਗਭੱਗ ਅਸੰਭਵ ਹੈ। ਲਾਹੌਰ ਵਿਚ ਪੁਲਸ ਵਾਲੇ ਖੁਦ ਉਸ ਨੂੰ ਰੇਲਗੱਡੀ ਵਿੱਚ ਚਾਹ ਪਿਆਉਂਦੇ ਦਿਸੇ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਭਾਰਤੀ ਸੁਰੱਖਿਆ ਏਜੰਸੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਜਿਓਤੀ ਉੱਤੇ ਪਾਕਿਸਤਾਨ ਦੇ ਖੁਫੀਆ ਏਜੰਟਾਂ ਨੂੰ ਫੌਜੀ ਟਿਕਾਣਿਆਂ ਤੇ ਹਵਾਈ ਪੱਟੀ ਨਾਲ ਜੁੜੀ ਜਾਣਕਾਰੀ ਦੇਣ ਦਾ ਦੋਸ਼ ਹੈ।

ਐੱਨ ਡੀ ਟੀ ਵੀ ਦੀ ਇਕ ਰਿਪੋਰਟ ਮੁਤਾਬਕ ਜਿਓਤੀ ਦੀ ਮੁਲਾਕਾਤ 2023 ਵਿੱਚ ਪਾਕਿਸਤਾਨੀ ਹਾਈ ਕਮਿਸ਼ਨ ਵਿੱਚ ਕੰਮ ਕਰਦੇ ਅਹਿਸਾਨ ਉਰ ਰਹੀਮ ਉਰਫ ਦਾਨਿਸ਼ ਨਾਲ ਹੋਈ ਸੀ। ਦਾਨਿਸ਼ ਨੇ ਉਸ ਨੂੰ ਵੀਜ਼ਾ ਦਿਵਾਉਣ ਦਾ ਭਰੋਸਾ ਦਿੱਤਾ ਤੇ ਦੋਵਾਂ ਦਰਮਿਆਨ ਰਾਬਤਾ ਵਧਿਆ। ਪਾਕਿਸਤਾਨ ਵਿਚ ਜਿਓਤੀ ਦੀ ਮੁਲਾਕਾਤ ਅਲੀ ਅਹਿਵਾਨ, ਸ਼ਾਕਿਰ ਤੇ ਰਾਣਾ ਸ਼ਹਿਬਾਜ਼ ਜਿਹੇ ਖੁਫੀਆ ਏਜੰਟਾਂ ਨਾਲ ਕਰਵਾਈ ਗਈ। ਇਸੇ ਦੌਰਾਨ ਉਹ ਜਾਸੂਸੀ ਨੈੱਟਵਰਕ ਦਾ ਹਿੱਸਾ ਬਣ ਗਈ।

ਜਿਓਤੀ ਨੇ ਵਟਸਐਪ, ਟੈਲੀਗ੍ਰਾਮ ਤੇ ਸਨੈਪਚੈਟ ਜਿਹੇ ਸੋਸ਼ਲ ਮੀਡੀਆ ਪਲੈਟਫਾਰਮਾਂ ਜ਼ਰੀਏ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨ ਤੱਕ ਪਹੁੰਚਾਈ। ਉਸ ਨੇ ਏਜੰਟ ਸ਼ਾਕਿਰ ਦਾ ਨਾਂਅ ‘ਜੱਟ ਰੰਧਾਵਾ’ ਦੇ ਨਾਂਅ ਨਾਲ ਸੇਵ ਕੀਤਾ ਹੋਇਆ ਸੀ ਤਾਂ ਕਿ ਕਿਸੇ ਨੂੰ ਸ਼ੱਕ ਨਾ ਹੋਵੇ। 24 ਮਾਰਚ 2024 ਨੂੰ ਦਿੱਲੀ ਸਥਿਤ ਪਾਕਿ ਅੰਬੈਸੀ ਵਿੱਚ ਰੱਖੀ ਇੱਕ ਪਾਰਟੀ ’ਚ ਜਿਓਤੀ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਗਿਆ। ਇਸ ਪਾਰਟੀ ਦੀ ਵੀਡੀਓ ਉਸ ਦੇ ਚੈਨਲ ’ਤੇ ਵੀ ਹੈ। ਦੱਸਿਆ ਜਾਂਦਾ ਹੈ ਕਿ ਉਹ ਪਾਕਿਸਤਾਨ ਦੇ ਅਧਿਕਾਰੀਆਂ ਨਾਲ ਬਾਲੀ ਦੀ ਯਾਤਰਾ ’ਤੇ ਵੀ ਗਈ ਸੀ।

ਇਸੇ ਦੌਰਾਨ ਓਡੀਸ਼ਾ ਪੁਲਸ ਨੇ ਪੁਰੀ ਦੀ ਇੱਕ ਯੂਟਿਊਬਰ ਅਤੇ ਹਰਿਆਣਾ ਦੀ ਯੂਟਿਊਬਰ ਜਿਓਤੀ ਮਲਹੋਤਰਾ ਵਿਚਕਾਰ ਕਥਿਤ ਸੰਬੰਧਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਿਓਤੀ ਮਲਹੋਤਰਾ ਨੂੰ ਪਾਕਿਸਤਾਨੀ ਖੁਫੀਆ ਏਜੰਸੀਆਂ ਨੂੰ ਦੇਸ਼ ਦੀਆਂ ਸੰਵੇਦਨਸ਼ੀਲ ਜਾਣਕਾਰੀਆਂ ਦੇਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।

ਪੁਰੀ ਦੇ ਐੱਸ ਪੀ ਵਿਨੀਤ ਅਗਰਵਾਲ ਨੇ ਦੱਸਿਆ ਕਿ ਪਤਾ ਲੱਗਾ ਹੈ ਕਿ ਜਿਓਤੀ ਬੀਤੇ ਸਾਲ ਸਤੰਬਰ ਵਿੱਚ ਪੁਰੀ ਆਈ ਸੀ। ਇਸ ਦੌਰਾਨ ਉਹ ਪੁਰੀ ਦੀ ਯੂਟਿਊਬਰ ਔਰਤ ਦੇ ਸੰਪਰਕ ਵਿੱਚ ਆਈ ਸੀ। ਪੁਰੀ ਦੀ ਔਰਤ ਨੇ ਹਾਲ ਹੀ ਵਿੱਚ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਵੀ ਕੀਤੀ ਸੀ। ਉਨ੍ਹਾ ਕਿਹਾ, ‘ਸਾਨੂੰ ਪਤਾ ਲੱਗਾ ਹੈ ਕਿ ਜਿਓਤੀ ਮਲਹੋਤਰਾ ਪਿਛਲੇ ਸਾਲ ਪੁਰੀ ਆਈ ਸੀ ਅਤੇ ਅਸੀਂ ਇਸ ਤੱਥ ਦੀ ਪੁਸ਼ਟੀ ਕਰ ਰਹੇ ਹਾਂ। ਤਸਦੀਕ ਤੋਂ ਬਾਅਦ ਹੋਰ ਕੁਝ ਵੀ ਸਾਂਝਾ ਕੀਤਾ ਜਾ ਸਕਦਾ ਹੈ।’

ਯੂਟਿਊਬਰ ਦੇ ਪਿਤਾ ਨੇ ਕਿਹਾ ਕਿ ਪੁਲਸ ਨੇ ਸਨਿੱਚਰਵਾਰ ਉਸ ਦੀ ਧੀ ਤੋਂ ਪੁੱਛਗਿੱਛ ਕੀਤੀ ਸੀ ਅਤੇ ਕੁਝ ਜਾਣਕਾਰੀ ਮੰਗੀ ਸੀ। ਯੂਟਿਊਬਰ ਦੇ ਪਿਤਾ ਨੇ ਕਿਹਾ, ‘ਮੇਰੀ ਧੀ

● ਬਾਕੀ ਸਫ਼ਾ 2 ’ਤੇ

## ‘ਨਿਹੰਗਾਂ’ ਦੀ ਪੁਲਸ ਨਾਲ ਝੜਪ

**ਮੋਗਾ** : ਕੋਟਕਪੂਰਾ ਬਾਈਪਾਸ ਉੱਤੇ ਸ਼ਨਿੱਚਰਵਾਰ ਦੇਰ ਸ਼ਾਮ ਇੱਕ ਹੋਟਲ ਦੇ ਬਾਹਰ ਨਿਹੰਗ ਬਾਣੇ ’ਚ ਆਏ ਤਿੰਨ ਨੌਜਵਾਨਾਂ ਦੀ ਪੁਲਸ ਮੁਲਾਜ਼ਮਾਂ ਨਾਲ ਤਕੜੀ ਝੜਪ ਹੋ ਗਈ। ਵਾਇਰਲ ਵੀਡੀਓ ਵਿੱਚ ਪੁਲਸ ਮੁਲਾਜ਼ਮ ਤੇ ਨਿਹੰਗ ਗੁੱਥਮ-ਗੁੱਥਾ ਹੁੰਦੇ ਨਜ਼ਰ ਆ ਰਹੇ ਹਨ। ਸਿਟੀ ਪੁਲਸ ਦਾ ਦਾਅਵਾ ਹੈ ਕਿ ਮੁਲਜ਼ਮ ਹੋਟਲ ਮਾਲਕ ’ਤੇ ਫਿਰੌਤੀ ਦੇਣ ਲਈ ਦਬਾਅ ਬਣਾ ਰਹੇ ਸਨ। ਡੀ ਐੱਸ ਪੀ ਸਿਟੀ ਰਵਿੰਦਰ ਸਿੰਘ ਤੇ ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਤਿੰਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਦੀ ਪਛਾਣ ਜਗਰਾਜ ਸਿੰਘ ਪਿੰਡ ਜਲਾਲਾਬਾਦ ਪੂਰਬੀ, ਸ਼ੇਰ ਸਿੰਘ ਉਰਫ ਮਨਮੋਹਨ ਸਿੰਘ ਵਾਸੀ ਕੋਠੇ ਸ਼ੇਰ ਜੰਗ, ਜਗਰਾਓਂ ਅਤੇ ਕੁਲਵਿੰਦਰ ਸਿੰਘ ਪਿੰਡ ਸਫੀਪੁਰ ਥਾਣਾ ਸਿੱਧਵਾਂ ਬੇਟ, ਜਗਰਾਓਂ ਵਜੋਂ ਹੋਈ ਹੈ। ਪੁਲਸ ਮੁਤਾਬਕ ਸੁਮਿਤ ਕੁਮਾਰ ਵਾਸੀ ਮੋਗਾ ਦੇ ਬਿਆਨ ਉੱਤੇ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤ ਕਰਤਾ ਮੁਤਾਬਕ ਉਸ ਦੇ ਦੋਸਤ ਸਾਜਨ ਨੇ ਕੋਟਕਪੂਰਾ ਬਾਈਪਾਸ ਉੱਤੇ ਹੋਟਲ ਠੇਕੇ ਉੱਤੇ ਲਿਆ ਹੋਇਆ ਹੈ। ਉਹ ਆਪਣੇ ਦੋਸਤ ਕੋਲ ਗਿਆ ਸੀ। ਮਹਿੰਦਰਾ ਐਕਸਯੂਵੀ ਗੱਡੀ ਉੱਤੇ ਆਏ ਮੁਲਜ਼ਮਾਂ ਨੇ ਪੈਸਿਆਂ ਦੀ ਮੰਗ ਕੀਤੀ ਅਤੇ ਲੜਾਈ-ਝਗੜਾ ਕਰਨ ਲੱਗ ਪਏ। ਇਸ ਦੌਰਾਨ ਮੁਲਜ਼ਮਾਂ ਨੇ ਉਸ ਦਾ ਰਿਵਾਲਵਰ ਖੋਹ ਲਿਆ। ਇਤਲਾਹ ਮਿਲਣ ’ਤੇ ਪੁਲਸ ਮੌਕੇ ਉੱਤੇ ਪੁੱਜ ਗਈ ਤੇ ਮੁਲਜ਼ਮਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਉਹ ਮੁਲਾਜ਼ਮਾਂ ਨਾਲ ਉਲਝ ਪਏ ਅਤੇ ਹਵਾ ਵਿੱਚ ਤਲਵਾਰਾਂ ਲਹਿਰਾਉਣ ਲੱਗੇ। ਪੁਲਸ ਨੇ ਬੜੀ ਮੁਸ਼ੱਕਤ ਨਾਲ ਮੁਲਜ਼ਮਾਂ ਨੂੰ ਕਾਬੂ ਕੀਤਾ। ਪੁਲਸ ਨੇ ਦਾਅਵਾ ਕੀਤਾ ਕਿ ਮੁਲਜ਼ਮਾਂ ਨੇ ਪੁੱਛਗਿੱਛ ਵਿੱਚ ਮੰਨਿਆ ਕਿ ਉਹ ਹੋਰ ਵੀ ਦੁਕਾਨਦਾਰਾਂ ਤੋਂ ਡਰਾ-ਧਮਕਾ ਕੇ ਜਬਰੀ ਵਸੂਲੀ ਦਾ ਧੰਦਾ ਕਰਦੇ ਹਨ।

CMYK

## ਮਾਡਲ ਸਕੂਲ ਕੁਲਰੀਆਂ ਦੀਆਂ 4 ਵਿਦਿਆਰਥਣਾਂ ਮੈਰਿਟ 'ਚ



**ਬਰੇਟਾ (ਰੀਤਵਾਲ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਤੇ 12ਵੀਂ ਕਲਾਸਾਂ ਦੀਆਂ ਸਾਲਾਨਾ ਪ੍ਰੀਖਿਆਵਾਂ ਦੇ ਐਲਾਨੇ ਨਤੀਜਿਆਂ ਵਿੱਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਕੁਲਰੀਆਂ ਦੀਆਂ ਚਾਰ ਵਿਦਿਆਰਥਣਾਂ ਨੇ ਆਪਣਾ ਨਾਮ ਮੈਰਿਟ ਸੂਚੀ ਵਿੱਚ ਦਰਜ ਕਰਵਾਇਆ। 12ਵੀਂ ਦੀ ਵਿਦਿਆਰਥਣ ਜਸ਼ਨਜੋਤ ਕੌਰ ਨੇ 97.20 ਪ੍ਰਤੀਸ਼ਤ ਅੰਕ ਲੈ ਕੇ ਪੰਜਾਬ 'ਚੋਂ 14ਵਾਂ ਰੈਂਕ, 10ਵੀਂ ਦੀ ਵਿਦਿਆਰਥਣ ਮੰਨਤ ਕੌਰ ਨੇ 98 ਪ੍ਰਤੀਸ਼ਤ ਅੰਕ ਲੈ ਕੇ ਪੰਜਾਬ 'ਚੋਂ 13ਵਾਂ ਰੈਂਕ, ਭਾਰਤੀ ਨੇ 97.33 ਪ੍ਰਤੀਸ਼ਤ ਅੰਕ ਲੈ ਕੇ 17ਵਾਂ ਰੈਂਕ ਤੇ ਅਮਨਜੋਤ ਕੌਰ ਨੇ 96.92 ਪ੍ਰਤੀਸ਼ਤ ਅੰਕਾਂ ਨਾਲ 20ਵਾਂ ਰੈਂਕ ਹਾਸਲ ਕਰਕੇ ਆਪਣੇ ਨਾਮ ਸੁਨਹਿਰੀ ਅੱਖਰਾਂ 'ਚ ਦਰਜ ਕਰਵਾਏ।ਵਿਦਿਆਰਥਣਾਂ ਦਾ ਆਪਣੇ ਪਰਵਾਰ ਤੇ ਰਿਸ਼ਤੇਦਾਰਾਂ ਸਮੇਤ ਸੰਸਥਾ ਵਿੱਚ ਪਹੁੰਚਣ 'ਤੇ ਵਿਦਿਆਰਥੀਆਂ, ਅਧਿਆਪਕਾਂ, ਗ੍ਰਾਮ ਪੰਚਾਇਤ ਤੇ ਸਮੂਹ ਕਮੇਟੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ।ਇਨ੍ਹਾਂ ਵਿਦਿਆਰਥਣਾਂ ਦਾ ਸਨਮਾਨ ਮੁੱਖ ਮਹਿਮਾਨ ਐਡਵੋਕੇਟ ਰਵਿੰਦਰ ਸਿੰਘ ਸੇਖੋਂ ਵੱਲੋਂ 5100-5100 ਰੁਪਏ ਤੇ ਟਰਾਫ਼ੀ ਦੇ ਕੇ ਕੀਤਾ ਗਿਆ।ਇਸ ਤੋਂ ਇਲਾਵਾ ਮੈਰਿਟ ਪ੍ਰਾਪਤ ਵਿਦਿਆਰਥਣਾਂ ਨੂੰ 5100 ਰੁਪਏ ਦੇ ਚੈੱਕ, ਟਰਾਫੀ ਦੇ ਕੇ ਸਰਪੰਚ ਸ਼੍ਰੀਮਤੀ ਪਰਮਿੰਦਰ ਕੌਰ, ਓਮ ਪ੍ਰਕਾਸ਼ ਸਿੰਘ, ਐੱਸ ਐੱਮ ਸੀ ਚੇਅਰਮੈਨ ਬੰਤ ਸਿੰਘ, ਬਲਾਕ ਸੰਮਤੀ ਚੇਅਰਮੈਨ ਜਗਮੇਲ ਸਿੰਘ ਦੁਆਰਾ ਸਨਮਾਨਤ ਕੀਤਾ ਗਿਆ।ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਭੁਪਿੰਦਰ ਕੌਰ, ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਪਰਮਜੀਤ ਸਿੰਘ ਭੋਗਲ ਤੇ ਡੀ ਸੀ ਓ ਸ੍ਰੀ ਅਰੁਣ ਕੁਮਾਰ ਵੱਲੋਂ ਵੀ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਗਈ।ਵਿਦਿਆਰਥੀਆਂ ਵੱਲੋਂ ਇਸ ਮੌਕੇ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਅਤੇ ਮੰਚ ਦਾ ਸੰਚਾਲਨ ਸਤਵੰਤ ਸਿੰਘ (ਹਿੰਦੀ ਮਾਸਟਰ) ਤੇ ਗੁਰਮੇਲ ਸਿੰਘ (ਅੰਗਰੇਜ਼ੀ ਮਾਸਟਰ) ਵੱਲੋਂ ਕੀਤਾ ਗਿਆ।ਇਸ ਮੌਕੇ ਸਤਪਾਲ ਸਿੰਘ ਸਾਬਕਾ ਸਰਪੰਚ ਕਾਹਨਗੜ੍ਹ, ਕੁਲਦੀਪ ਸਿੰਘ ਫੌਜੀ ਸਰਪੰਚ ਬਖਸ਼ੀਵਾਲਾ ਤੇ ਪੰਚਾਇਤ ਮੈਂਬਰ, ਐੱਸ ਐੱਮ ਸੀ ਕਮੇਟੀ ਮੈਂਬਰ, ਸਕੂਲ ਸਟਾਫ਼ ਤੇ ਹੋਰ ਹਾਜ਼ਰ ਸਨ।

## ਦਸਮੇਸ਼ ਸਕੂਲ ਦੀ ਜਸਨੂਰ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ ਰਹੀ



**ਸਰਦੂਲਗੜ੍ਹ (ਅਵਤਾਰ ਜਟਾਣਾ)**- ਦਸਮੇਸ਼ ਇੰਟਰਨੈਸ਼ਨਲ ਸਕੂਲ (ਸੀ. ਬੀ. ਐੱਸ. ਈ) ਸਰਦੂਲਗੜ੍ਹ ਦਾ ਬਾਰਵੀਂ ਜਮਾਤ ਦਾ ਨਤੀਜਾ 100% ਰਿਹਾ।ਸਕੂਲ ਦੇ ਚੇਅਰਮੈਨ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਕੂਲ ਦੀ ਬਾਰਵੀਂ ਜਮਾਤ ਦੀ ਵਿਦਿਆਰਥਣ ਜਸਨੂਰ ਕੌਰ ਸਪੁੱਤਰੀ ਸ: ਮੇਵਾ ਸਿੰਘ ਮੀਰਪੁਰ ਖੁਰਦ ਨੇ ਆਰਟਸ ਗਰੁੱਪ ਵਿੱਚੋਂ 98 ਫ਼ੀਸਦੀ ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਪਹਿਲੇ ਸਥਾਨ 'ਤੇ ਰਹਿੰਦਿਆਂ ਸਰਦੂਲਗੜ੍ਹ ਏਰੀਏ ਦਾ ਨਾਮ ਚਮਕਾਇਆ, ਜਦਕਿ ਅਨਮੋਲ ਅਰੋੜਾ ਨੇ 95 ਫ਼ੀਸਦੀ ਅੰਕਾਂ ਨਾਲ ਦੂਸਰਾ, ਈਵਨਦੀਪ ਕੌਰ ਨੇ 93.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹਰਮਨਦੀਪ ਕੌਰ ਨੇ 91.2 ਫ਼ੀਸਦੀ, ਹਰਸ਼ ਜੈਨ ਨੇ 90 ਫ਼ੀਸਦੀ, ਮਨਵੀਰ ਕੌਰ ਨੇ 88.6 ਫ਼ੀਸਦੀ ਮਨਵੀਰ ਸਿੰਘ ਨੇ 88.4 ਫ਼ੀਸਦੀ ਤੇ ਅਰਮਾਨ ਸਿੰਘ ਨੇ 86.6 ਫ਼ੀਸਦੀ ਅੰਕ ਹਾਸਲ ਕਰਕੇ ਆਰਟਸ ਗਰੁੱਪ ਵਿੱਚ ਆਪਣਾ ਨਾਮ ਰੌਸ਼ਨ ਕੀਤਾ। ਕਾਮਰਸ ਗਰੁੱਪ ਦੀ ਜਸ਼ਨਦੀਪ ਕੌਰ ਨੇ 96 ਫ਼ੀਸਦੀ ਅੰਕਾਂ ਨਾਲ ਪਹਿਲਾ, ਨੀਤਿਕਾ ਰਾਣੀ 90.4 ਫ਼ੀਸਦੀ ਅੰਕਾਂ ਨਾਲ ਦੂਸਰਾ ਤੇ ਜੰਨਤ 88.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਯਸ਼ਨੂਰ ਕੌਰ ਨੇ 87.6 ਫ਼ੀਸਦੀ, ਕਰਮਨਦੀਪ ਸਿੰਘ ਨੇ 87 ਫ਼ੀਸਦੀ ਤੇ ਕਰਨਦੀਪ ਸਿੰਘ ਨੇ 84.8 ਫ਼ੀਸਦੀ ਅੰਕ ਹਾਸਲ ਕੀਤੇ । ਮੈਡੀਕਲ ਗਰੁੱਪ 'ਚੋਂ ਚਮਨਪ੍ਰੀਤ ਕੌਰ, ਮੇਹੁਲ ਸ਼ਰਮਾ ਨੇ 93 ਫ਼ੀਸਦੀ ਤੇ ਸੁਖਨਪ੍ਰੀਤ ਕੌਰ ਨੇ 93 ਫ਼ੀਸਦੀ ਅੰਕਾਂ ਨਾਲ ਪਹਿਲਾ ਸਥਾਨ, ਦੀਆ ਮਿੱਤਲ ਨੇ 91.2 ਫ਼ੀਸਦੀ ਅੰਕਾਂ ਨਾਲ ਦੂਸਰਾ ਤੇ ਸਰਵੋਤਮ ਸਿੰਘ ਬਰਾੜ ਨੇ 90.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਕਾਵਿਆ ਨੇ 89.8 ਫ਼ੀਸਦੀ, ਮੁਸਕਾਨ ਉੱਪਲ 87.6 ਫ਼ੀਸਦੀ ਦਿਵਸ਼ਾ ਤੇ ਗਰਵਿਤ ਮਹਿਤਾ ਨੇ 84.8 ਫ਼ੀਸਦੀ ਅੰਕ ਹਾਸਲ ਕੀਤੇ। ਨਾਨ-ਮੈਡੀਕਲ ਗਰੁੱਪ 'ਚ ਮਹਿਕਪ੍ਰੀਤ ਕੌਰ ਨੇ 91 ਫ਼ੀਸਦੀ ਅੰਕਾਂ ਨਾਲ ਪਹਿਲਾ, ਕਿਰਨਜੀਤ ਕੌਰ ਨੇ 90 ਫ਼ੀਸਦੀ ਅੰਕਾਂ ਨਾਲ ਦੂਸਰਾ ਤੇ ਲਵਪ੍ਰੀਤ ਕੌਰ ਨੇ 88.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਲਵਦੀਪ ਕੌਰ ਨੇ 88 ਫ਼ੀਸਦੀ, ਨੇਹਾ ਰਾਣੀ 85.6 ਫ਼ੀਸਦੀ ਅੰਕ ਹਾਸਲ ਕੀਤੇ।ਮੈਨੇਜਿੰਗ ਡਾਇਰੈਕਟਰ ਦਿਲਮੋਹਿਤ ਸਿੰਘ ਸੰਧੂ ਤੇ ਵਾਇਸ ਪ੍ਰਿੰਸੀਪਲ ਰਾਜਵੀਰ ਕੌਰ ਮੱਲੀ ਨੇ ਕਿਹਾ ਕਿ ਸਟਾਫ ਦੀ ਮਿਹਨਤ ਸਦਕਾ 14 ਵਿਦਿਆਰਥੀਆਂ ਨੇ 90% ਤੇ 44 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਹਾਸਲ ਕਰਕੇ ਆਪਣੇ ਸਟਾਫ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

## ਡਾ. ਬਲਜਿੰਦਰ ਸਿੰਘ ਲੱਖਾ ਵੱਲੋਂ ਰਾਜਾ ਵੜਿੰਗ ਦਾ ਸਨਮਾਨ



**ਹਠੂਰ (ਨਛੱਤਰ ਸੰਧੂ)**- ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਜਗਰਾਉਂ ਹਲਕੇ ਦੇ ਪਿੰਡਾਂ ਦਾ ਧੰਨਵਾਦੀ ਦੌਰਾ ਕੀਤਾ।ਪਿੰਡ ਲੱਖਾ ਵਿਖੇ ਪਹੁੰਚਣ 'ਤੇ ਸੀਨੀਅਰ ਕਾਂਗਰਸੀ ਆਗੂ ਡਾ: ਬਲਜਿੰਦਰ ਸਿੰਘ ਲੱਖਾ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕਰਦਿਆਂ ਜੀ ਆਇਆਂ ਆਖਿਆ।ਇਸ ਮੌਕੇ ਬੋਲਦਿਆਂ ਰਾਜਾ ਵੜਿੰਗ ਨੇ ਕਿਹਾ ਕਿ 3 ਸਾਲਾਂ ਦੇ ਰਾਜ ਭਾਗ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਸੂਬੇ ਨੂੰ ਸੁਧਾਰਨ ਦੇਣ ਦੀ ਬਜਾਏ ਬਰਬਾਦੀ ਦੇ ਕੰਢੇ 'ਤੇ ਖੜਾ ਕਰ ਦਿੱਤਾ ਹੈ।ਅੱਜ ਪੰਜਾਬ ਦਾ ਹਰ ਵਿਅਕਤੀ ਇਸ ਸਰਕਾਰ ਤੋਂ ਡਾਢਾ ਦੁਖੀ ਹੋਇਆ ਪਿਆ ਹੈ ਕਿ ਜਿਸ ਸੂਬੇ ਦਾ ਮੁੱਖ ਮੰਤਰੀ ਖੁਦ ਨਸ਼ਿਆਂ ਦਾ ਆਦੀ ਹੋਵੇ, ਉਹ ਸੂਬੇ ਦੇ ਨੌਜਵਾਨਾਂ ਨੂੰ ਨਸ਼ਾ ਮੁਕਤ ਕਿਵੇਂ ਕਰ ਸਕਦਾ ਹੈ।ਇਸ ਤੋਂ ਪੰਜਾਬ ਦੇ ਭਲੇ ਦੀ ਕੀ ਆਸ ਰੱਖ ਸਕਦੇ ਹਾਂ।ਇਸ ਮੌਕੇ ਡਾ: ਬਲਜਿੰਦਰ ਸਿੰਘ ਲੱਖਾ ਨੇ ਰਾਜਾ ਵੜਿੰਗ ਨੂੰ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਜਗਤਾਰ ਸਿੰਘ ਜੱਗਾ, ਸਾਬਕਾ ਸਰਪੰਚ ਜਸਵੀਰ ਸਿੰਘ ਸੀਰਾ, ਪਿਰਤਾ ਬਾਸੀ, ਬਿੰਦਰ ਚੱਕੀ ਵਾਲਾ ਤੇ ਹਰਦੀਪ ਗਿੱਲ ਆਦਿ ਹਾਜ਼ਰ ਸਨ।

## ਧੂਰੀ ਵਿਕਾਸ ਮੰਚ ਨੇ ਜੋਬਨਪ੍ਰੀਤ ਕੌਰ ਦਾ ਕੀਤਾ ਸਨਮਾਨ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਧੂਰੀ ਵਿਕਾਸ ਮੰਚ ਵੱਲੋਂ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ +2 ਦੇ ਐਲਾਨੇ ਨਤੀਜਿਆਂ ਵਿੱਚ



ਜ਼ਿਲ੍ਹੇ ਭਰ ਵਿੱਚੋਂ ਅੱਵਲ ਆਉਣ ਵਾਲੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੀ ਵਿਦਿਆਰਥਣ ਜੋਬਨਪ੍ਰੀਤ ਕੌਰ ਦਾ ਪ੍ਰਸ਼ੰਸਾ ਪੱਤਰ, ਯਾਦਗਾਰੀ ਚਿੰਨ੍ਹ ਤੇ 2100 ਰੁਪੈ ਨਕਦ ਦੇ ਕੇ ਸਨਮਾਨ ਕੀਤਾ ਗਿਆ।ਸੰਸਥਾ ਦੇ ਚੇਅਰਮੈਨ ਜੱਗੀ ਢੀਂਡਸਾ ਨੇ ਜੋਬਨਪ੍ਰੀਤ ਕੌਰ ਦੀ ਪ੍ਰਾਪਤੀ ਲਈ ਉਸ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਸੰਸਥਾ ਵੱਲੋਂ ਸਿੱਖਿਆ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਹੋਰ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।ਸੰਸਥਾ ਦੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਦੇਸ਼ ਦੀ ਤਰੱਕੀ ਤੇ ਸੁਰੱਖਿਆ ਵਿੱਚ ਲੜਕੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਲਈ ਫ਼ਖਰ ਦੀ ਗੱਲ ਹੈ ਕਿ ਅੱਜ ਦੇ ਸਮਾਜ ਵਿੱਚ ਲੜਕੀਆਂ ਲੜਕਿਆਂ ਦੇ ਬਰਾਬਰ ਹਰ ਖ਼ੇਤਰ ਵਿੱਚ ਯੋਗਦਾਨ ਪਾ ਰਹੀਆਂ ਹਨ।ਸਕੂਲ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ ਨੇ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਹੋਰ ਬੱਚਿਆਂ ਲਈ ਵੀ ਪ੍ਰੇਰਣਾਦਾਇਕ ਸਾਬਿਤ ਹੋ ਸਕਦੇ ਹਨ।ਉਨ੍ਹਾਂ ਜੋਬਨਪ੍ਰੀਤ ਦੀ ਮਾਣਮੱਤੀ ਪ੍ਰਾਪਤੀ ਲਈ ਉਸ ਦੀ ਮਿਹਨਤ, ਅਧਿਆਪਕਾਂ ਤੇ ਮਾਪਿਆਂ ਦਾ ਸਹਿਯੋਗ ਦੱਸਿਆ।ਇਸ ਮੌਕੇ ਪ੍ਰਧਾਨ ਅਮਰ ਗਰਗ, ਉੱਪ-ਚੇਅਰਮੈਨ ਜਤਿੰਦਰ ਸਿੰਘ ਸੋਨੀ ਮੰਡੇਰ, ਰਾਜੇਸ਼ਵਰ ਚੌਧਰੀ, ਮਨੋਹਰ ਸਿੰਘ ਸੱਗੂ, ਐਡਵੋਕੇਟ ਮਨਿੰਦਰ ਸਿੰਘ ਢੀਂਡਸਾ, ਸੁਰਿੰਦਰਪਾਲ ਸਿੰਘ ਨੀਟਾ, ਮੋਹਿਤ ਜਿੰਦਲ, ਵਰਿੰਦਰਪਾਲ ਸਿੰਘ ਭੁੱਲਰ ਆਦਿ ਹਾਜ਼ਰ ਸਨ।

## 20 ਲੋੜਵੰਦ ਵਿਧਵਾ ਔਰਤਾਂ ਨੂੰ ਚੈੱਕ ਵੰਡੇ



**ਬਰੇਟਾ (ਰੀਤਵਾਲ)**- ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੌਮੀ ਪ੍ਰਧਾਨ ਜੱਸਾ ਸਿੰਘ ਦੀ ਰਹਿਨੁਮਾਈ ਤੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਘਾਲੀ ਅਤੇ ਖਜ਼ਾਨਚੀ ਮਦਨ ਲਾਲ ਕੁਸ਼ਲਾ ਦੀ ਅਗਵਾਈ ਹੇਠ ਬਿੱਗ ਹੋਪ ਫਾਊਂਡੇਸ਼ਨ ਦੇ ਸਹਿਯੋਗ ਸਦਕਾ ਬਰੇਟਾ ਵਿਖੇ 20 ਲੋੜਵੰਦ ਵਿਧਵਾ ਔਰਤਾਂ ਨੂੰ ਮਹੀਨਾਵਾਰ ਪੈਨਸ਼ਨਾਂ ਦੇ ਚੈੱਕ ਵੰਡੇ ਗਏ।ਇਸ ਮੌਕੇ ਸਮਾਜ ਸੇਵੀ ਜਸਵਿੰਦਰ ਪਾਲ ਸੇਖੋਂ ਨੇ ਡਾ. ਐੱਸ. ਪੀ. ਉਬਰਾਏ ਦੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਬਤ ਦਾ ਭਲਾ ਦੇ ਕੀਤੇ ਜਾ ਰਹੇ ਕੰਮਾਂ ਰਾਹੀਂ ਲੋੜਵੰਦ ਲੋਕਾਂ ਨੂੰ ਆਪਣੀ ਜ਼ਿੰਦਗੀ ਬਤੀਤ ਕਰਨ ਵਿੱਚ ਸਹਾਇਤਾ ਦੇ ਨਾਲ ਨਾਲ ਹੌਂਸਲਾ ਵੀ ਮਿਲਦਾ ਹੈ।ਇਸ ਸਮੇਂ ਪਵਨ ਕੁਮਾਰ, ਮਨਿੰਦਰ ਕੁਮਾਰ, ਰਣਜੀਤ ਸਿੰਘ, ਨਰਿੰਦਰ ਕੁਮਾਰ ਹਾਜ਼ਰ ਸਨ।

## ਸਨਮਤੀ ਵਿਮਲ ਜੈਨ ਸਕੂਲ ਦੀ ਸਿਮਰਤ ਤਹਿਸੀਲ 'ਚ ਦੂਸਰੇ ਸਥਾਨ 'ਤੇ ਰਹੀ

**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**- ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੀ ਵਿਦਿਆਰਥਣ ਸਿਮਰਤ ਕੌਰ ਅਰੋੜਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਪੰਜਾਬ ਦੀ ਮੈਰਿਟ ਸੂਚੀ ਵਿੱਚ ਆਪਣਾ 20ਵਾਂ ਸਥਾਨ ਦਰਜ ਕਰਵਾ ਕੇ ਸਕੂਲ ਦੀ ਸ਼ਾਨਦਾਰ ਅਕਾਦਮਿਕ ਪ੍ਰੰਪਰਾ ਨੂੰ ਜਾਰੀ ਰੱਖਦਿਆਂ ਸਕੂਲ ਦੇ ਨਾਂ ਨੂੰ ਚਾਰ ਚੰਨ ਲਗਾਏ। ਸਕੂਲ ਪ੍ਰਿੰਸੀਪਾਲ ਸੁਪ੍ਰਿਆ ਖੁਰਾਣਾ ਨੇ ਨਤੀਜਿਆਂ ਬਾਰੇ ਦੱਸਦਿਆਂ ਕਿਹਾ ਕਿ ਸਕੂਲ ਦੀ ਹੋਣਹਾਰ ਵਿਦਿਆਰਥਣ ਸਿਮਰਤ ਕੌਰ ਅਰੋੜਾ ਨੇ 96.92 ਫ਼ੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਵਿੱਚੋਂ 20ਵਾਂ ਸਥਾਨ, ਜਗਰਾਉਂ ਤਹਿਸੀਲ 'ਚੋਂ ਦੂਸਰਾ ਤੇ ਸਕੂਲ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਤਰਨਪ੍ਰੀਤ ਕੌਰ ਨੇ 95.07 ਫ਼ੀਸਦੀ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਦੂਸਰਾ, ਅਰੁਸ਼ੀ ਨੇ 94.46 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਕੇ ਤੀਸਰਾ, ਰਿੱਧੀਮਾ ਨੇ 93.84 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਚੌਥਾ, ਸੁਖਦੀਪ ਸਿੰਘ ਤੇ ਤਰੁਣ ਕੁਮਾਰ ਨੇ ਸਾਂਝੇ ਤੌਰ 'ਤੇ 93.38 ਫੀਸਦੀ ਅੰਕ ਲੈ ਕੇ ਪੰਜਵਾਂ, ਪ੍ਰਭਜੋਤ ਕੌਰ ਨੇ 90.46 ਫੀਸਦੀ ਅੰਕ ਲੈ ਕੇ ਛੇਵਾਂ, ਨਵਦੀਪ ਸਿੰਘ ਨੇ 89.69 ਫ਼ੀਸਦੀ ਅੰਕ ਪ੍ਰਾਪਤ ਕਰਕੇ ਸੱਤਵਾਂ, ਆਰਤੀ ਦੇਵੀ ਨੇ 89.53 ਫੀਸਦੀ ਅੰਕ ਪ੍ਰਾਪਤ ਕਰਕੇ ਅੱਠਵਾਂ, ਨਿਮਰਤ ਕੌਰ ਤੇ ਖ਼ੁਸ਼ੀ ਯਾਦਵ ਨੇ ਸਾਂਝੇ ਰੂਪ 'ਚ 89.38 ਫੀਸਦੀ ਅੰਕ ਲੈ ਕੇ ਨੌਵਾਂ ਤੇ ਜੁਝਾਰ ਸਿੰਘ ਨੇ 88.92 ਫ਼ੀਸਦੀ ਅੰਕ ਲੈ ਕੇ ਦਸਵਾਂ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ।ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਜੈਨ, ਉਪ-ਪ੍ਰਧਾਨ ਕਾਂਤਾ ਸਿੰਗਲਾ ਤੇ ਸੈਕਟਰੀ ਮਹਾਂਵੀਰ ਜੈਨ, ਮੈਨੇਜਰ ਰਾਕੇਸ਼ ਜੈਨ, ਮੈਂਬਰ ਸੁਭ ਜੈਨ, ਚੰਦਰ ਪ੍ਰਭਾ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ।ਉਨ੍ਹਾਂ ਇਨ੍ਹਾਂ ਨਤੀਜਿਆਂ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੀ ਨਿਸ਼ਠਾ ਤੇ ਮਾਤਾ-ਪਿਤਾ ਦੇ ਅਤੁ ਸਮਰਥਨ ਨੂੰ ਦਿੱਤਾ।ਇਸ ਮੌਕੇ ਮਲਕੀਤ ਕੌਰ, ਸਨੀ ਪਾਸੀ, ਸਰਬਜੀਤ ਸਿੰਘ ਧਾਲੀਵਾਲ, ਵਿਨੋਦ ਕੁਮਾਰ, ਅੰਜੂ ਕੌਸ਼ਲ, ਅੰਕਿਤਾ ਗੁਪਤਾ, ਸਰਿਤਾ ਅਗਰਵਾਲ, ਰਿਸ਼ੂ ਬਾਂਸਲ, ਕੁਲਦੀਪ ਕੌਰ ਆਦਿ ਹਾਜ਼ਰ ਸਨ।



## ਜੀ ਹੋਲੀ ਹਾਰਟ ਪਬਲਿਕ ਸਕੂਲ 'ਚ ਇਨਵੇਸਟਿਚਰ ਸਮਾਰੋਹ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**- ਹੋਲੀ ਹਾਰਟ ਸਕੂਲ, ਵਿੱਚ 17 ਮਈ 2025 ਨੂੰ ਇਨਵੇਸਟਿਚਰ ਸਮਾਰੋਹ ਉਤਸ਼ਾਹ ਅਤੇ ਆਦਰ ਨਾਲ ਮਨਾਇਆ ਗਿਆ, ਜਿਸ ਦੌਰਾਨ ਨਵ-ਚੁਣੇ ਵਿਦਿਆਰਥੀ ਕੌਂਸਲ ਮੈਂਬਰਾਂ ਨੂੰ ਅਧਿਕਾਰਕ ਤੌਰ 'ਤੇ ਨਿਯੁਕਤ ਕੀਤਾ ਗਿਆ। ਇਹ ਸਮਾਰੋਹ ਵਿਦਿਆਰਥੀਆਂ ਵਿੱਚ ਨੇਤ੍ਰਿਤਵ, ਜ਼ਿੰਮੇਵਾਰੀ ਅਤੇ ਸਮਰਪਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਇਕ ਪਲੇਟਫਾਰਮ ਰਿਹਾ। ਸਮਾਰੋਹ ਵਿੱਚ ਪ੍ਰਬੰਧਕ ਡਾਇਰੈਕਟਰ ਸੁਸ਼ੀਲ ਗੋਇਲ ਨੇ ਵਿਦਿਆਰਥੀ ਨੇਤਾਵਾਂ ਨੂੰ ਅਨੁਸ਼ਾਸਨ ਅਤੇ ਸੇਵਾ ਦੇ ਮੂਲ ਮੰਤਰਾਂ ਨੂੰ ਨਿਭਾਉਣ ਲਈ ਉਤਸ਼ਾਹਿਤ ਕੀਤਾ। ਕਲਾਸ 12 ਕਾਮਰਸ ਦੇ ਕਰਮਦੀਪ ਸਿੰਘ ਨੂੰ ਸੀਨੀਅਰ ਵਿੰਗ ਲਈ ਹੈੱਡ ਬੁਆਏ ਅਤੇ ਕਲਾਸ 12 ਸਾਇੰਸ ਦੀ ਅਮਨਜੋਤ ਕੌਰ ਨੂੰ ਸੀਨੀਅਰ ਵਿੰਗ ਲਈ ਹੈੱਡ ਗਰਲ ਵਜੋਂ ਸਹੁੰ ਦਿਵਾਈ ਗਈ। ਲਿਟਲ ਗਿਗਲਸ ਲਈ, ਕਲਾਸ ਦੂਜੀ ਦੇ ਫਤਿਹਦੀਪ ਸਿੰਘ ਬੁੱਟਰ ਨੂੰ ਜੂਨੀਅਰ ਵਿੰਗ ਦਾ ਹੈੱਡ ਬੁਆਏ ਅਤੇ ਕਲਾਸ ਦੂਜੀ ਦੀ ਹਰਮੀਤ ਕੌਰ ਢਿੱਲੋਂ ਨੂੰ ਹੈੱਡ ਗਰਲ ਚੁਣਿਆ ਗਿਆ। ਕਰੇਜ, ਵਿਜ਼ਡਮ, ਪੀਸ ਅਤੇ ਚੈਰਿਟੀ - ਇਨ੍ਹਾਂ ਚਾਰ ਹਾਊਸਾਂ ਦੇ ਹਾਊਸ ਕੈਪਟਨ, ਵਾਈਸ ਕੈਪਟਨ, ਖੇਡ ਕੈਪਟਨ ਅਤੇ ਡਿਸਿਪਲਿਨ ਇੰਚਾਰਜਾਂ ਨੂੰ ਵੀ ਬੈਜ ਤੇ ਸੈਸ਼ ਸੌਂਪੇ ਗਏ।ਨਵ-ਨਿਯੁਕਤ ਕੌਂਸਲ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਪੂਰੀ ਕੋਸ਼ਿਸ਼ ਕਰਨ ਦੀ ਸਹੁੰ ਲਈ।ਸਮਾਰੋਹ ਦਾ ਸਮਾਪਨ ਡਾਇਰੈਕਟਰ ਰਾਕੇਸ਼ ਬਾਂਸਲ , ਵਾਈਸ ਪ੍ਰਿੰਸੀਪਲ ਪੂਜਾ ਸ਼ਰਮਾ ਅਤੇ ਕੋਆਰਡੀਨੇਟਰ ਪਰਦੀਪ ਕੌਰ ਗਰੇਵਾਲ ਵੱਲੋਂ ਪ੍ਰੇਰਕ ਬੋਲਾਂ ਅਤੇ ਵਧਾਈਆਂ ਨਾਲ ਹੋਇਆ। ਉਨ੍ਹਾਂ ਨੇ ਵਿਦਿਆਰਥੀ ਨੇਤਾਵਾਂ ਨੂੰ ਇਮਾਨਦਾਰੀ, ਸਹਿਣਸ਼ੀਲਤਾ ਅਤੇ ਉਦੇਸ਼ ਦੀ ਭਾਵਨਾ ਨਾਲ ਆਗੂ ਬਣਨ ਲਈ ਉਤਸ਼ਾਹਤ ਕੀਤਾ।




## ਸ਼ਹੀਦ ਭਗਤ ਸਿੰਘ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਦਸਵੀਂ ਦੇ ਨਤੀਜੇ ਵਿੱਚ ਸ਼ਹੀਦ ਭਗਤ ਸਿੰਘ ਪਬਲਿਕ ਹਾਈ ਸਕੂਲ ਮਾਛੀਵਾੜਾ ਸਾਹਿਬ ਦੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਵਧੀਆ ਰਹੀ ਤੇ ਨਤੀਜਾ 100 ਪ੍ਰਤੀਸ਼ਤ ਰਿਹਾ। ਸਕੂਲ ਪ੍ਰਬੰਧਕ ਦਰਸ਼ਨ ਲਾਲ ਜੈਨ ਨੇ ਦੱਸਿਆ ਕਿ ਸਕੂਲ ਵਿਦਿਆਰਥਣ ਆਰਤੀ ਨੇ 606/650 (93.23 ਪ੍ਰਤੀਸ਼ਤ) ਅੰਕ ਪ੍ਰਾਪਤ ਕਰ ਸਕੂਲ 'ਚੋਂ ਪਹਿਲਾ, ਮਨਸ਼ਾ ਸ਼ਰਮਾ ਨੇ 603/650 (92.77 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਅੰਮ੍ਰਿਤਾ ਤੇ ਦਿਵਾਂਸ਼ੀ ਨੇ 576/650 (88.62) ਪ੍ਰਤੀਸ਼ਤ ਅੰਕ ਪ੍ਰਾਪਤ ਕਰ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਹਰਸਿਮਰਨ ਕੌਰ ਨੇ 569/650 (87.54 ਪ੍ਰਤੀਸ਼ਤ), ਬਲਪ੍ਰੀਤ ਕੌਰ ਨੇ 559/650 (86 ਪ੍ਰਤੀਸ਼ਤ), ਮੁਸਕਾਨ ਸਿੰਧਵਾਨੀ ਨੇ 556/650 (85.54 ਪ੍ਰਤੀਸ਼ਤ), ਪ੍ਰੀਤੀ ਬਜਾਜ ਨੇ 548/650 (84.31 ਪ੍ਰਤੀਸ਼ਤ), ਹਰਨੂਰ ਕੌਰ ਨੇ 540/650 (83.08 ਪ੍ਰਤੀਸ਼ਤ), ਪਰਿਕਸ਼ਿਤ ਸਚਦੇਵਾ ਨੇ 535/650 (82.31 ਪ੍ਰਤੀਸ਼ਤ), ਰੂਪਜੋਤ ਕੌਰ ਨੇ 533/650 (82 ਪ੍ਰਤੀਸ਼ਤ) ਤੇ ਰਿਚਾ ਬੱਸੀ ਨੇ 529/650 (81.38 ਪ੍ਰਤੀਸ਼ਤ) ਅੰਕ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਅਨੀਤਾ ਜੈਨ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।

## ਸ਼ਿਵਾਲਿਕ ਮਾਡਲ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**- ਸ਼ਿਵਾਲਿਕ ਮਾਡਲ ਸਕੂਲ ਦੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਸੰਬੰਧੀ ਸਕੂਲ ਦੇ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਦੱਸਿਆ ਕਿ ਦਸਵੀਂ ਦੀ ਵਿਦਿਆਰਥਣ ਵੰਸ਼ਿਕਾ ਨੇ 96.46% ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਅਨਮੋਲ ਵਰਮਾ ਨੇ 96% ਅੰਕ ਪ੍ਰਾਪਤ ਕਰਕੇ ਦੂਸਰਾ, ਰਵਨੀਤ ਕੌਰ ਨੇ 95.38% ਅੰਕ ਪ੍ਰਾਪਤ ਕਰਕੇ ਤੀਜਾ, ਅੰਸ਼ ਮਿੱਤਲ ਨੇ 95.07% ਅੰਕ ਪ੍ਰਾਪਤ ਕਰਕੇ ਚੌਥਾ, ਸੁਨੀਤੀ ਨੇ 94.76% ਅੰਕ ਲੈ ਕੇ ਪੰਜਵਾਂ, ਗਗਨਜੋਤ ਸਿੰਘ ਨੇ 93.53% ਅੰਕ ਲੈ ਕੇ ਛੇਵਾਂ, ਅੰਕਿਤ ਤੇ ਸਵਾਤੀ ਜਨੇਜਾ ਨੇ 93.07% ਅੰਕ ਲੈ ਕੇ ਸੱਤਵਾਂ, ਅਰਸ਼ਦੀਪ ਸਿੰਘ 92.61% ਅੰਕ ਲੈ ਕੇ ਅੱਠਵਾਂ, ਨਵਦੀਪ ਕੌਰ ਨੇ 92.15% ਅੰਕ ਲੈ ਕੇ ਨੌਵਾਂ, ਵੇਦਿਕ ਨੇ 91.69% ਅੰਕ ਲੈ ਕੇ ਦਸਵਾਂ, ਆਂਚਲ ਨੇ 90.76% ਅੰਕ ਲੈ ਕੇ ਗਿਆਰਵਾਂ, ਦੀਪਿਕਾ ਨੇ 89.84% ਅੰਕ ਲੈ ਕੇ ਬਾਰਵਾਂ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਪ੍ਰੀਖਿਆ ਵਿੱਚ ਕੁੱਲ 39 ਵਿਦਿਆਰਥੀ ਬੈਠੇ, ਜਿਨ੍ਹਾਂ 'ਚੋਂ 28 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਸਕੂਲ ਦਾ ਨਤੀਜਾ 100% ਰਿਹਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਲਈ ਅਧਿਆਪਕਾਂ ਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ।ਸਕੂਲ ਦੇ ਵਾਈਸ ਪ੍ਰੈਜ਼ੀਡੈਂਟ ਮੈਡਮ ਇਸ਼ੀਤਾ ਸ਼ਰਮਾ ਨੇ ਕਿਹਾ ਕਿ ਇਹ ਨਤੀਜਾ ਸਿਰਫ ਅੰਕ ਨਹੀਂ, ਸਾਡੇ ਬੱਚਿਆਂ ਦੀ ਲਗਨ ਤੇ ਸੰਘਰਸ਼ ਦੀ ਕਹਾਣੀ ਨੂੰ ਬਿਆਨ ਕਰਦਾ ਹੈ।ਇਸ ਮੌਕੇ ਕੋਆਰਡੀਨੇਟਰ ਮੀਤੂ ਗੁਪਤਾ, ਲੱਕੀ ਗੁਪਤਾ, ਪ੍ਰੀਤੀ ਬਜਾਜ, ਰਜਿੰਦਰ ਕੁਮਾਰ, ਬਲਵਿੰਦਰ ਸਿੰਘ, ਨੀਰਜ ਕੁਮਾਰ, ਨਰਿੰਦਰ ਕੁਮਾਰ, ਰੈਨੂੰ ਮਿਗਲਾਨੀ, ਰਸ਼ਮੀ, ਨੈਨਸੀ ਸਿੰਗਲਾ, ਰੇਖਾ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸਿੱਖਿਆ ਤੇ ਕਲਾ ਮੰਚ ਵੱਲੋਂ ਰਾਜ ਪੱਧਰੀ ਕਲਾ ਮੁਕਾਬਲਿਆਂ ਦਾ ਪ੍ਰਾਸਪੈਕਟ ਜਾਰੀ



**ਸੰਗਰੂਰ (ਪ੍ਰਵੀਨ ਸਿੰਘ)** : ਸਿੱਖਿਆ ਤੇ ਕਲਾ ਮੰਚ ਪੰਜਾਬ ਵੱਲੋਂ ਨਵੇਂ ਦਿਸਹੱਦੇ-2025 ਤਹਿਤ ਕਰਵਾਏ ਜਾ ਰਹੇ ਰਾਜ ਪੱਧਰੀ ਆਨਲਾਈਨ/ਆਫਲਾਈਨ ਕਲਾ ਮੁਕਾਬਲਿਆਂ ਦਾ ਪ੍ਰਾਸਪੈਕਟ ਸ੍ਰੀ ਮਸਤੂਆਣਾ ਸਾਹਿਬ ਵਿਖੇ ਜਾਰੀ ਕੀਤਾ ਗਿਆ।ਸ੍ਰ. ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਨੇ ਪ੍ਰਾਸਪੈਕਟ ਜਾਰੀ ਕਰਦਿਆਂ ਕਿਹਾ ਕਿ 'ਨਵੇਂ ਦਿਸਹੱਦੇ' ਪੰਜਾਬ ਦੇ ਵਿਦਿਆਰਥੀਆਂ ਦੀ ਕਲਾ ਨੂੰ ਉਭਾਰਨ, ਨਿਖਾਰਨ ਲਈ ਵਰਦਾਨ ਸਾਬਿਤ ਹੋਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਅਧਿਆਪਕਾਂ ਵੱਲੋਂ ਇਕ ਮਿਸ਼ਨ ਵਜੋਂ ਸ਼ੁਰੂ ਕੀਤਾ ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਜਿੱਥੇ ਆਪਣੀ ਕਲਾ ਤੇ ਵਿਰਾਸਤ ਨਾਲ ਜੋੜੇਗਾ, ਉੱਥੇ ਨਸ਼ਿਆਂ ਤੇ ਸਮਾਜਿਕ ਅਲਾਮਤਾਂ ਵਿਰੁੱਧ ਨਿਤਰਣ ਦਾ ਸਾਰਥਿਕ ਸੁਨੇਹਾ ਦੇਵੇਗਾ। ਸ੍ਰ. ਖਹਿਰਾ ਨੇ ਕਿਹਾ ਕਿ ਪ੍ਰਾਇਮਰੀ ਪੱਧਰ ਤੋਂ ਹੀ ਪ੍ਰਾਈਵੇਟ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਵਿਦਿਆਰਥੀਆਂ ਦੀ ਕਲਾ ਨੂੰ ਉਭਾਰਨਾ, ਨਿਖਾਰਨਾ ਸਚਮੁੱਚ ਵੱਡਾ ਕਾਰਜ ਹੈ, ਉਨ੍ਹਾਂ ਕਿਹਾ ਕਿ ਹਰ ਬੱਚੇ 'ਚ ਕੋਈ ਨਾ ਕੋਈ ਕਮਾਲ ਦਾ ਹੁਨਰ ਹੈ, ਪਰ ਕਈ ਵਾਰ ਉਨ੍ਹਾਂ ਨੂੰ ਲੋੜੀਂਦਾ ਪਲੇਟਫਾਰਮ ਨਹੀਂ ਮਿਲਦਾ, ਪਰ ਪੰਜਾਬ ਦੇ ਅਧਿਆਪਕਾਂ ਦਾ ਨਵੇਂ ਦਿਸਹੱਦੇ ਪ੍ਰੋਜੈਕਟ ਉਨ੍ਹਾਂ ਲੋੜਵੰਦਾਂ ਬੱਚਿਆਂ ਦੀ ਪ੍ਰਤਿਭਾ ਨੂੰ ਪਹਿਚਾਨਣ ਦਾ ਵੱਡਾ ਜ਼ਰੀਆ ਬਣੇਗਾ। ਸਿੱਖਿਆ ਤੇ ਕਲਾ ਮੰਚ ਪੰਜਾਬ ਦੇ ਪ੍ਰਧਾਨ ਹਰਦੀਪ ਸਿੰਘ ਸਿੱਧੂ, ਸਟੇਟ ਪ੍ਰੋਜੈਕਟ ਕੋਆਰਡੀਨੇਟਰ ਜੱਸ ਸ਼ੇਰਗਿੱਲ, ਜਨਰਲ ਸਕੱਤਰ ਸਤਪਾਲ ਸਿੰਘ ਜੰਡੂ, ਮੁੱਖ ਸਲਾਹਕਾਰ ਨਵਜੋਤ ਕੌਰ ਬਾਜਵਾ, ਵਿੱਤ ਸਕੱਤਰ ਅਵਤਾਰ ਸਿੰਘ ਹਰੀਕੇ ਨੇ ਕਿਹਾ ਕਿ ਪੰਜਾਬ ਭਰ ਦੇ ਸਕੂਲਾਂ 'ਚ ਜਾ ਕੇ ਵਿਦਿਆਰਥੀਆਂ, ਅਧਿਆਪਕਾਂ ਨੂੰ ਉਤਸ਼ਾਹਤ ਕਰਕੇ ਮੰਚ ਦਾ ਟੀਚਾ ਹੈ ਕਿ ਆਨਲਾਈਨ ਮੁਕਾਬਲਿਆਂ ਦੌਰਾਨ 50 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ 'ਚੋਂ ਚੁਣੀਆਂ ਟੀਮਾਂ ਤੇ ਵਿਦਿਆਰਥੀ ਨਵੰਬਰ ਮਹੀਨੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਹੋ ਰਹੇ ਰਾਜ ਪੱਧਰੀ ਕਲਾ ਮੁਕਾਬਲਿਆਂ ਦੌਰਾਨ ਭਾਗ ਲੈਣਗੇ। ਇਸ ਮੌਕੇ ਪ੍ਰਿੰਸੀਪਲ ਡਾ. ਸੁਖਦੀਪ ਕੌਰ ਬੀ ਐੱਡ ਕਾਲਜ ਅਕਾਲ ਕੌਂਸਲ ਮਸਤੂਆਣਾ ਸਾਹਿਬ, ਡਾ. ਨਿਰਪਜੀਤ ਸਿੰਘ ਐੱਚ ਓ ਡੀ ਅੰਗਰੇਜ਼ੀ ਵਿਭਾਗ ਅਕਾਲ ਕੌਂਸਲ ਕਾਲਜ ਮਸਤੂਆਣਾ ਸਾਹਿਬ, ਪ੍ਰੀਤ ਹੀਰ ਮੀਡੀਆ ਮੈਨੇਜਰ ਅਕਾਲ ਕੌਂਸਲ ਕਾਲਜ ਮਸਤੂਆਣਾ ਸਾਹਿਬ ਤੇ ਪੂਰੀ ਪ੍ਰਬੰਧਕੀ ਟੀਮ ਦਾ ਬਹੁਤ ਸਹਿਯੋਗ ਰਿਹਾ।

## ਕਿੰਡਰ ਗਾਰਟਨ ਦਾ ਕਾਰਤਿਕ ਦਸਵੀਂ ਦੀ ਮੈਰਿਟ ਸੂਚੀ 'ਚ ਸ਼ਾਮਲ

**ਸਮਰਾਲਾ (ਸੁਰਜੀਤ ਸਿੰਘ)**- ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜਿਆਂ ਵਿੱਚ ਸਥਾਨਕ ਕਿੰਡਰ ਗਾਰਟਨ ਪਬਲਿਕ ਸਕੂਲ ਦਾ ਵਿਦਿਆਰਥੀ ਕਾਰਤਿਕ ਸ਼ਰਮਾ 97.7% ਅੰਕ ਲੈ ਕੇ ਪੰਜਾਬ ਭਰ 'ਚੋਂ 19ਵੇਂ ਸਥਾਨ 'ਤੇ ਆਇਆ।ਇਹ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰਣਜੋਤ ਕੌਰ ਤੇ ਡਾਇਰੈਕਟਰ ਸਰਬਜੀਤ ਕੌਰ ਨੇ ਦੱਸਿਆ ਕਿ ਕਾਰਤਿਕ ਸ਼ਰਮਾ ਨੇ ਮੈਰਿਟ ਸੂਚੀ ਵਿੱਚ ਅਪਣਾ ਨਾਂਅ ਦਰਜ ਕਰਵਾ ਕੇ ਜਿੱਥੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ, ਉੱਥੇ ਆਪਣੇ ਮਾਪਿਆਂ ਦਾ ਨਾਂ ਵੀ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਬੱਚੇ ਦੂਜੇ ਬੱਚਿਆਂ ਲਈ ਪ੍ਰੇਰਣਾ ਸਰੋਤ ਹੁੰਦੇ ਹਨ।ਉਨ੍ਹਾਂ ਕਿਹਾ ਕਿੰਡਰਗਾਰਟਨ ਸਕੂਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੰਗੇ ਨਤੀਜਿਆਂ ਕਰਨ ਇਲਾਕੇ ਵਿੱਚ ਮੋਹਰੀ ਰਿਹਾ ਹੈ।ਇਸ ਮੌਕੇ ਸਕੂਲ ਦੇ ਚੇਅਰਮੈਨ ਐਡਵੋਕੇਟ ਦਲਜੀਤ ਸ਼ਾਹੀ ਤੇ ਉੱਪ-ਚੇਅਰਮੈਨ ਕਮਲਜੀਤ ਸਿੰਘ ਸ਼ਾਹੀ ਨੇ ਦਸਵੀਂ ਜਮਾਤ ਵਿੱਚ ਚੰਗੇ ਨਤੀਜੇ ਲਿਆਉਣ ਲਈ ਉਤਸ਼ਾਹਤ ਕਰਦਿਆਂ ਉਨ੍ਹਾਂ ਨੂੰ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਤ ਕੀਤਾ।



## ਗੁਰੂ ਨਾਨਕ ਕਾਲਜੀਏਟ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ

**ਬੁਢਲਾਡਾ (ਅਸ਼ੋਕ ਲਾਕੜਾ)**- ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜੇ ਵਿੱਚ ਗੁਰੂ ਨਾਨਕ ਕਾਲਜੀਏਟ ਸੈਕੰਡਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।



ਵਾਇਸ ਪ੍ਰਿੰਸੀਪਲ ਡਾ. ਰੇਖਾ ਕਾਲੜਾ ਨੇ ਕਿਹਾ ਕਿ ਇਹ ਵਿਦਿਆਰਥੀਆਂ ਦੀ ਮਿਹਨਤ, ਲਗਨ ਤੇ ਪੜ੍ਹਨ ਰੁਚੀਆਂ ਦਾ ਨਤੀਜਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀਆਂ ਦੇ ਨੰਬਰ 90 ਪ੍ਰਤੀਸ਼ਤ ਦੇ ਕਰੀਬ ਆਏ ਹਨ।ਸਕੂਲ ਇੰਚਾਰਜ ਕੁਲਬੀਰ ਕੌਰ ਨੇ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿੱਚ ਬਾਰਵੀਂ ਆਰਟਸ ਵਿੱਚੋਂ ਸੋਮਾ ਸਿੰਘ ਨੇ 92 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਹਰਮਨ ਕੌਰ ਨੇ 91 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਪਰਵਾਜਪ੍ਰੀਤ ਕੌਰ ਨੇ 90 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਸਾਇੰਸ ਸਟਰੀਮ ਵਿੱਚੋਂ ਸਾਗਰ ਨੇ 92 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਦਲਜੀਤ ਸਿੰਘ ਨੇ 89 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਰਵੀ ਸਿੰਘ ਨੇ 88 ਅਤੇ ਜਸ਼ਨਪ੍ਰੀਤ ਸਿੰਘ ਨੇ 88 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਕਾਮਰਸ ਸਟਰੀਮ 'ਚੋਂ ਜੋਤੀ ਸ਼ਰਮਾ ਨੇ 93 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਇਸਮੀਤ ਬਾਵਾ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ, ਗੁਰਵੀਰ ਸਿੰਘ ਨੇ 89 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆਂ ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਸ਼ੰਕਰ ਦਾਸ ਸਰਕਾਰੀ ਸਕੂਲ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਐਲਾਨੇ ਮੈਟ੍ਰਿਕ ਦੇ ਨਤੀਜਿਆਂ ਵਿੱਚ ਐੱਸ.ਐੱਸ.ਡੀ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਦੇ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਈ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਮੈਟ੍ਰਿਕ ਪ੍ਰੀਖਿਆ ਵਿੱਚ ਕੁੱਲ 87 ਵਿਦਿਆਰਥੀ ਬੈਠੇ, ਜੋ ਸਾਰੇ ਪਾਸ ਹੋਏ ਤੇ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਕੂਲ ਦੇ ਵਿਦਿਆਰਥੀ ਮਨਵੀਰ ਸਿੰਘ ਨੇ 650 'ਚੋਂ 584 ਅੰਕ ਪ੍ਰਾਪਤ ਕਰਕੇ ਪਹਿਲਾ, ਅਗਮਪ੍ਰੀਤ ਸਿੰਘ 513 ਤੇ ਅਕਾਸ਼ ਕੁਮਾਰ 507 ਅੰਕ ਲੈ ਕੇ ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸਨਮਾਨਤ ਕਰਦਿਆਂ ਅੱਗੇ ਤੋਂ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸ਼੍ਰੇਣੀ ਇੰਚਾਰਜ ਮਨੋਜ ਜੋਸ਼ੀ, ਹਨਦੀਪ ਕੌਰ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।



## ਮਾਊਂਟ ਲਿਟਰਾ ਦੇ ਬੱਚਿਆਂ ਪੂਲ ਪਾਰਟੀ ਦਾ ਆਨੰਦ ਮਾਣਿਆ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**- ਸਥਾਨਕ ਮਾਊਂਟ ਲਿਟਰਾ ਜ਼ੀ ਸਕੂਲ ਦੇ ਬੱਚਿਆਂ ਨੇ ਪੂਲ ਪਾਰਟੀ ਦਾ ਆਨੰਦ ਮਾਣਿਆ।ਪ੍ਰੀ-ਨਰਸਰੀ ਤੇ ਨਰਸਰੀ ਬੱਚਿਆਂ ਨੇ ਪੂਲ ਵਿੱਚ ਬਹੁਤ ਮਸਤੀ ਕੀਤੀ। ਰੰਗੀਨ ਛਤਰੀਆਂ ਤੇ ਐਨਕਾਂ ਦੀ ਵਰਤੋਂ ਕਰਕੇ ਮੀਂਹ ਦਾ ਨਾਚ ਵੀ ਕੀਤਾ।ਪਾਣੀ ਵਿੱਚ ਖੇਡਣ ਦੀਆਂ ਗਤੀਵਿਧੀਆਂ ਛੋਟੇ ਬੱਚਿਆਂ ਵਿੱਚ ਮੋਟਰ ਹੁਨਰਾਂ ਨੂੰ ਮਜ਼ਬੂਤ ਕਰਨ, ਸੰਤੁਲਨ ਤੇ ਤਾਲਮੇਲ ਬਣਾਉਣ ਦਾ ਇੱਕ ਵਧੀਆ ਤਰੀਕਾ ਹੈ, ਕਿਉਂਕਿ ਬੱਚਿਆਂ ਲਈ ਗਰਮੀਆਂ ਦੇ ਦਿਨ ਸਪਲੈਸ਼ ਪੂਲ ਵਿੱਚ ਪਾਣੀ ਨਾਲ ਖੇਡਣ ਨਾਲੋਂ ਵੱਧ ਮਜ਼ੇਦਾਰ ਹੋਰ ਕੁਝ ਨਹੀਂ ਹੋ ਸਕਦਾ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੀਮਾ ਗੁਲਾਟੀ ਵੀ ਬੱਚਿਆਂ ਨੂੰ ਇੱਧਰ-ਉੱਧਰ ਛਾਲ ਮਾਰਦੇ ਦੇਖ ਕੇ ਬਹੁਤ ਖੁਸ਼ ਹੋਏ।



## ...ਸ.ਫ਼ਾ 1 ਦੇ ਬਾਕੀ

### ਪਾਰਟੀ ਕਾਂਗਰਸ ਤੇ ਰੈਲੀ ਲਈ ...

ਪਾਰਟੀ ਨੂੰ ਦ੍ਰਿੜ੍ਹ ਵਿਸ਼ਵਾਸ ਹੈ ਕਿ ਉਹ 25ਵੀਂ ਪਾਰਟੀ ਕਾਂਗਰਸ ਨੂੰ ਹਰ ਪੱਖੋਂ ਸਫਲਤਾ ਨਾਲ ਨੇਪਰੇ ਚਾੜ੍ਹੇਗੀ।ਸਾਥੀ ਅਰਸ਼ੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਪਾਰਟੀ 25 ਵੀਂ ਕਾਂਗਰਸ ਲਈ ਕਿਸੇ ਵੀ ਬੁਰਜੂਆ ਪਾਰਟੀ ਜਾਂ ਇਸ ਦੇ ਆਗੂਆਂ ਤੋਂ ਕੋਈ ਵੀ ਆਰਥਕ ਮਦਦ ਨਹੀਂ ਲਈ ਜਾਵੇਗੀ ਅਤੇ ਨਾ ਹੀ ਭਵਿੱਖ ਵਿੱਚ ਕਿਸੇ ਵੀ ਬੁਰਜੂਆ ਪਾਰਟੀ ਨਾਲ਼ ਚੋਣਾਵੀ ਤਾਲਮੇਲ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦਾਸ ਟਾਹਲੀਆਂ, ਹਰਮੀਤ ਬੋੜਾਵਾਲ, ਕਰਨੈਲ ਦਾਤੇਵਾਸ, ਮਨਪ੍ਰੀਤ ਫਰੀਦਕੇ, ਸੁਲੱਖਣ ਸਿੰਘ ਕਾਹਨਗੜ੍ਹ, ਹਰਦਿਆਲ ਸਿੰਘ ਦਾਤੇਵਾਸ ਤੇ ਚਿਮਨ ਲਾਲ ਕਾਕਾ ਆਦਿ ਆਗੂ ਹਾਜਰ ਸਨ।

### ਮਨਪ੍ਰੀਤ ਸਿੰਘ ਫਰੀਦਕੇ ਵੱਲੋਂ ਦੋ ਲੱਖ ...

ਹੀ ਸੀ ਪੀ ਆਈ ਨਾਲ ਜੁੜਿਆ ਹੋਇਆ ਹੈ ਤੇ ਜ਼ਿਲ੍ਹਾ ਕੌਂਸਲ ਮੈਂਬਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਹੈ।ਉਹ ਪਿਤਾ ਨਾਲੋਂ ਵੀ ਵੱਧ ਖੁੱਲ੍ਹੇ ਦਿਲ ਵਾਲਾ ਹੈ। ਪਰਵਾਰ ਪਾਰਟੀ ਦੇ ਸੀਨੀਅਰ ਆਗੂ ਹਰਦੇਵ ਸਿੰਘ ਅਰਸ਼ੀ ਦਾ ਤਨੋ-ਮਨੋ ਵਿਸ਼ਵਾਸਪਾਤਰ ਤੇ ਸ਼ੁਭਚਿੰਤਕ ਹੈ। ਪਾਰਟੀ ਤੇ ਵਿਸ਼ੇਸ਼ ਕਰਕੇ ਕਾਮਰੇਡ ਅਰਸ਼ੀ ਨੇ ਪਾਰਟੀ ਦੀ ਆਰਥਕ ਮਦਦ ਕਰਨ ਲਈ ਜਿੰਨੀ ਵੀ ਰਾਸ਼ੀ ਦਾ ਹੁਕਮ ਕੀਤਾ, ਮਨਪ੍ਰੀਤ ਨੇ ਖੁਸ਼ੀ-ਖੁਸ਼ੀ ਪ੍ਰਵਾਨ ਕੀਤਾ।25ਵੀਂ ਪਾਰਟੀ ਕਾਂਗਰਸ ਦਾ ਬਹੁਤ ਵੱਡਾ ਬਜਟ ਹੈ, ਉਸ ਲਈ ਸਾਥੀ ਨੂੰ ਅਰਸ਼ੀ ਨੇ ਦੋ ਲੱਖ ਦੇਣ ਨੂੰ ਕਿਹਾ ਤਾਂ ਉਨ੍ਹਾ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ ਬੁਢਲਾਡਾ ਦਫ਼ਤਰ ਵਿਖੇ ਪਾਰਟੀ ਸਾਥੀਆਂ ਦੀ ਹਾਜ਼ਰੀ ਵਿੱਚ ਦੋ ਲੱਖ ਦਾ ਚੈੱਕ ਸਾਥੀ ਅਰਸ਼ੀ ਨੂੰ ਭੇਟ ਕੀਤਾ।

### ਪਾਕਿਸਤਾਨ ਦੇ ਪੁਲਸੀਏ ਜਿਓਤੀ ...

ਜਿਓਤੀ ਮਲਹੋਤਰਾ ਦੇ ਸੰਪਰਕ ਵਿੱਚ ਆਈ ਸੀ, ਕਿਉਂਕਿ ਦੋਵੇਂ ਯੂਟਿਊਬਰ ਹਨ। ਜਿਵੇਂ ਹੀ ਉਨ੍ਹਾਂ ਵਿਚਕਾਰ ਦੋਸਤੀ ਵਧੀ, ਮਲਹੋਤਰਾ ਪੁਰੀ ਆਈ, ਕਿਉਂਕਿ ਇਹ ਦੇਸ਼ ਦੀ ਸੁਰੱਖਿਆ ਦਾ ਮਾਮਲਾ ਹੈ, ਇਸ ਲਈ ਸਹੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਅਸੀਂ ਪੁਲਸ ਨੂੰ ਸਹਿਯੋਗ ਦੇਵਾਂਗੇ।'

ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਪੁਰੀ ਦੀ ਯੂਟਿਊਬਰ ਪ੍ਰਿਯੰਕਾ ਸੇਨਾਪਤੀ ਨੇ ਕਿਹਾ, 'ਜਿਓਤੀ ਸਿਰਫ ਮੇਰੀ ਇੱਕ ਦੋਸਤ ਸੀ ਅਤੇ ਮੈਂ ਯੂਟਿਊਬ ਰਾਹੀਂ ਉਸ ਦੇ ਸੰਪਰਕ ਵਿੱਚ ਆਈ ਸੀ। ਮੈਨੂੰ ਉਸ ਕਿਸੇ ਵੀ ਚੀਜ਼ ਬਾਰੇ ਪਤਾ ਨਹੀਂ ਸੀ, ਜਿਸ ਦਾ ਉਸ 'ਤੇ ਦੋਸ਼ ਹੈ। ਜੇ ਮੈਨੂੰ ਪਤਾ ਹੁੰਦਾ ਕਿ ਉਹ ਦੁਸ਼ਮਣ ਮੁਲਕ ਪਾਕਿਸਤਾਨ ਲਈ ਜਾਸੂਸੀ ਕਰ ਰਹੀ ਹੈ ਤਾਂ ਮੈਂ ਉਸ ਦੇ ਸੰਪਰਕ ਵਿੱਚ ਨਾ ਹੁੰਦੀ। ਜੇ ਕੋਈ ਜਾਂਚ ਏਜੰਸੀ ਸਵਾਲ-ਜਵਾਬ ਕਰਨਾ ਚਾਹੁੰਦੀ ਹੈ, ਤਾਂ ਮੈਂ ਪੂਰਾ ਸਹਿਯੋਗ ਦੇਵਾਂਗੀ। ਰਾਸ਼ਟਰ ਸਭ ਤੋਂ ਉੱਪਰ ਹੈ। ਜੈ ਹਿੰਦ।'

## ਬੀ ਐੱਚ ਐੱਸ ਸਕੂਲ ਬਰਨਾਲਾ ਦਾ ਨਤੀਜਾ ਸ਼ਾਨਦਾਰ ਰਿਹਾ

**ਮਾਨਸਾ (ਆਤਮਾ ਸਿੰਘ ਪਮਾਰ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਤੇ ਬਾਰਵੀਂ ਦੇ ਐਲਾਨੇ ਨਤੀਜਿਆਂ ਵਿੱਚ ਬੀ ਐੱਚ ਐੱਸ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਬਾਰਵੀਂ ਕਲਾਸ ਵਿੱਚੋਂ ਨਵਜੋਤ ਕੌਰ ਨੇ 500 'ਚੋਂ 474 ਅੰਕ ਪ੍ਰਾਪਤ ਕਰਕੇ ਪਹਿਲਾ, ਅਮਨਦੀਪ ਕੌਰ ਨੇ 500 'ਚੋਂ 458 ਅੰਕ ਪ੍ਰਾਪਤ ਕਰ ਕੇ ਦੂਸਰਾ ਤੇ ਖੁਸ਼ਵਿੰਦਰ ਸਿੰਘ ਨੇ 500 'ਚੋਂ 425 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਦਸਵੀਂ ਕਲਾਸ ਵਿੱਚੋਂ ਸੁਖਦੀਪ ਕੌਰ ਪੁੱਤਰੀ ਨੈਬ ਸਿੰਘ ਨੇ 650 'ਚੋਂ 610 ਅੰਕ ਪ੍ਰਾਪਤ ਕਰ ਕੇ ਪਹਿਲਾ, ਨਵਜੋਤ ਕੌਰ ਨੇ 650 'ਚੋਂ 599 ਅੰਕ ਪ੍ਰਾਪਤ ਕਰ ਕੇ ਦੂਸਰਾ ਤੇ ਅਰਸ਼ਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 650 'ਚੋਂ 588 ਅੰਕ ਪ੍ਰਾਪਤ ਕਰ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਚੇਅਰਮੈਨ ਨਾਇਬ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।ਇਸ ਮੌਕੇ ਦਰਬਾਰਾ ਸਿੰਘ, ਗੁਰਮੇਲ ਸਿੰਘ, ਮਨਪ੍ਰੀਤ ਸਿੰਘ, ਬੇਅੰਤ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ ਤੇ ਰਾਜਵੀਰ ਕੌਰ ਸਕੂਲ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।




## ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ 'ਮੈਂਗੋ ਡੇ' ਮਨਾਇਆ




**ਜਗਰਾਉਂ (ਸੰਜੀਵ ਅਰੋੜਾ)**- ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਸਕੂਲ ਦੇ ਕਿੰਡਰ ਗਾਰਟਨ ਵਿੰਗ ਦੇ ਬੱਚਿਆਂ ਵੱਲੋਂ ਪ੍ਰਿੰਸੀਪਲ ਗੀਨਾ ਜੈਦਿਕਾ ਦੀ ਰਸਮਵਾਨੀ ਹੇਠ 'ਮੈਂਗੋ ਡੇ' ਧੂਮ-ਧਾਮ ਨਾਲ ਮਨਾਇਆ ਗਿਆ। ਨੰਨ੍ਹੇ-ਮੁੰਨੇ ਬੱਚੇ ਪੀਲੇ ਰੰਗ ਦੀਆਂ ਪੁਸ਼ਾਕਾਂ ਵਿੱਚ ਸਜ-ਧਜ ਕੇ ਸਕੂਲ ਪਹੁੰਚੇ ਤੇ ਅੰਬਾਂ ਨਾਲ ਸਜਾਏ ਗਏ ਵਿਸ਼ੇਸ਼ ਕਾਰਨਰ ਦਾ ਹਿੱਸਾ ਬਣ ਕੇ ਖੂਬ ਮਨੋਰੰਜਨ ਤੇ ਮਸਤੀ ਕੀਤੀ। ਸਕੂਲ ਵਿੱਚ ਅਧਿਆਪਕਾਂ ਦੁਆਰਾ ਪੀਲੇ ਰੰਗ ਦੀ ਮਹੱਤਤਾ ਨੂੰ ਦਰਸਾਉਂਦੀਆਂ ਗਤੀਵਿਧੀਆਂ ਦਾ ਬੱਚਿਆਂ ਲਈ ਆਯੋਜਨ ਕੀਤਾ ਤੇ ਅੰਬਾਂ ਦੀਆਂ ਵੱਖ-ਵੱਖ ਕਿਸਮਾਂ ਬਾਰੇ ਵੀ ਦੱਸਿਆ। ਵਿਦਿਆਰਥੀਆਂ ਨੇ ਅੰਬਾਂ ਨਾਲ ਜੁੜੀਆਂ ਕਵਿਤਾਵਾਂ ਵੀ ਸੁਣਾਈਆਂ। ਇਸ ਸਮੇਂ ਪ੍ਰਿੰਸੀਪਲ ਗੀਨਾ ਜੈਦਿਕਾ ਤੇ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਦੱਸਿਆ ਕਿ ਇਹ ਦਿਨ ਮਨਾਉਣ ਦਾ ਉਦੇਸ਼ ਰੰਗਾਂ ਦੀ ਮਹੱਤਤਾ ਨੂੰ ਦਰਸਾਉਣਾ ਨਹੀਂ, ਬਲਕਿ ਪ੍ਰਾਕ੍ਰਿਤਕ ਤੱਤਾਂ ਤੇ ਪੌਸ਼ਟਿਕ ਭੋਜਨ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਇਸ ਸਮੇਂ ਕੇ. ਜੀ. ਵਿੰਗ ਦੇ ਸਮੂਹ ਅਧਿਆਪਕ ਮੈਡਮ ਵੰਦਨਾਂ, ਪ੍ਰਭਦੀਪ ਕੌਰ, ਹਰਪ੍ਰੀਤ ਕੌਰ, ਇੰਦਰਪਾਲ ਕੌਰ ਤੇ ਕੁਲਜੀਤ ਕੌਰ ਤੋਂ ਇਲਾਵਾ ਸਮੂਹ ਮੈਨੇਜਮੈਂਟ ਮੈਂਬਰਜ਼ ਪ੍ਰੈਜ਼ੀਡੈਂਟ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ.ਐੱਸ.ਏ. ਆਦਿ ਹਾਜ਼ਰ ਸਨ।

## ਭਾਰਤੀ ਤੁਰਕੀ ਤੇ ਚੀਨ ਦੇ ਸਾਮਾਨ ਦਾ ਬਾਈਕਾਟ ਕਰੇ : ਅਮਿਤ ਅਗਰਵਾਲ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਜਦੋਂ ਵੀ ਰਾਸ਼ਟਰ 'ਤੇ ਕੋਈ ਭੀੜ ਬਣਦੀ ਹੈ ਤਾਂ ਪੰਜਾਬ ਦੇ ਲੋਕ ਦੇਸ਼ ਸੇਵਾ 'ਚ ਸਦਾ ਮੋਹਰੀ ਰਹਿੰਦੇ ਹਨ।ਇਹ ਭਾਵਪੂਰਤ ਸ਼ਬਦ ਬਾਘਾ ਪੁਰਾਣਾ ਦੇ ਪ੍ਰਸਿੱਧ ਸਮਾਜ ਸੇਵੀ ਐਡਵੋਕੇਟ



ਅਮਿਤ ਅਗਰਵਾਲ ਨੇ ਭਾਰਤ ਪਾਕਿਸਤਾਨ ਦਰਮਿਆਨ ਬੀਤੇ ਦਿਨੀਂ ਬਣੇ ਹਾਲਾਤਾਂ ਦੇ ਪ੍ਰਸੰਗ 'ਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਹੇ।ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਦੇਸ਼ ਭਗਤੀ ਤੇ ਦੇਸ਼ ਸੇਵਾ ਦਾ ਜਜ਼ਬਾ ਪੰਜਾਬੀਆਂ ਦੇ ਖ਼ੂਨ ਵਿੱਚ ਰਚਿਆ ਹੋਇਆ ਹੈ।ਵਰਤਮਾਨ ਕਠਿਨ ਪ੍ਰਸਥਿਤੀਆਂ ਵਿੱਚ ਵੀ ਪੰਜਾਬੀ ਮੁਲਕ ਦੀ ਸੈਨਾ ਨਾਲ ਡੱਟ ਕੇ ਖਲੋਤੇ ਰਹੇ ਤੇ ਦੋਵਾਂ ਦੇਸ਼ਾਂ ਦਰਮਿਆਨ ਹੋਈ ਜੰਗਬੰਦੀ ਦਾ ਭਰਵਾਂ ਸਵਾਗਤ ਕਰਦਿਆਂ ਕਿਹਾ ਕਿ ਜੰਗ 'ਚ ਨਿਰਦੋਸ਼ਾਂ ਦਾ ਘਾਣ ਹੁੰਦਾ ਹੈ ਅਤੇ ਆਰਥਿਕ ਤਬਾਹੀ ਹੁੰਦੀ ਹੈ, ਜਿਸ ਦੀ ਭਰਪਾਈ ਦਹਾਕਿਆਂ ਤੱਕ ਨਹੀਂ ਹੋ ਸਕਦੀ।ਉਨ੍ਹਾਂ ਸਪੱਸ਼ਟ ਕਿਹਾ ਕਿ ਦੇਸ਼ ਦੇ ਵਿਕਾਸ ਲਈ ਅਮਨ ਸ਼ਾਂਤੀ ਦਾ ਮਾਹੌਲ ਬੇਹੱਦ ਜ਼ਰੂਰੀ ਹੈ।ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਤੁਰਕੀ, ਜਿਸ ਦੀ ਮਦਦ ਭਾਰਤ ਨੇ ਭੂਚਾਲ ਵਿੱਚ ਕੀਤੀ ਸੀ, ਦੀ ਕਮਾਈ ਜ਼ਿਆਦਾਤਰ ਟੂਰਿਜ਼ਮ ਹੈ ਤੇ ਇਸ ਵਿੱਚ ਭਾਰਤੀਆਂ ਦਾ ਵੱਡਾ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਭਾਰਤ ਵਾਸੀਆਂ ਨੂੰ ਤੁਰਕੀ ਤੇ ਚੀਨ ਦੇ ਸਾਮਾਨ ਦਾ ਬਾਈਕਾਰਨ ਚਾਹੀਦਾ ਹੈ, ਜਿਨ੍ਹਾਂ ਨੇ ਸਾਡੇ ਦੁਸ਼ਮਣ ਦੇਸ਼ ਦਾ ਸਾਥ ਦਿੱਤਾ ਹੈ।

## ਕਲ਼ਮ ਤੇ ਕਲਾ ਨਾਲ਼ ਜੁੜੀਆਂ ਸੰਸਥਾਵਾਂ ਸੰਗਰੂਰ ਮਾਰਚ 'ਚ ਹੋਣਗੀਆਂ ਸ਼ਾਮਲ

**ਜਲੰਧਰ (ਪੱਤਰ ਪ੍ਰੇਰਕ)**

ਬਸਤਰ ਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ 22 ਮਈ ਨੂੰ ਪਰਲ ਪੈਲੇਸ (ਨੇੜੇ ਬਰਨਾਲਾ ਕੈਂਚੀਆਂ) ਸੰਗਰੂਰ ਵਿਖੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰੇ 'ਚ ਲੇਖਕ, ਸਾਹਿਤਕਾਰ, ਰੰਗਕਰਮੀ, ਬੁੱਧੀਜੀਵੀ, ਕਵੀ, ਲੋਕ-ਪੱਖੀ ਗੀਤ-ਸੰਗੀਤ ਦੀ ਦੁਨੀਆ ਨਾਲ਼ ਜੁੜੀਆਂ ਮੰਡਲੀਆਂ, ਤਰਕਸ਼ੀਲ, ਜਮਹੂਰੀ ਮਿਹਨਤਕਸ਼ ਤਬਕਿਆਂ, ਸਮਾਜਿਕ ਇਨਸਾਫ਼ਪਸੰਦ ਲੋਕ ਹਿੱਸਿਆਂ ਦੀਆਂ ਸੰਸਥਾਵਾਂ ਅਤੇ ਵਿਅਕਤੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਣਗੇ।ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਹਨਾਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸਿਰ ਜੋੜ ਕੇ ਮਿਲੇ ਹੁੰਗਾਰੇ ਅਤੇ ਪੁੱਜੇ ਸੁਨੇਹਿਆਂ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਇਹ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਪ੍ਰਗਤੀਸ਼ੀਲ ਲੇਖਕ ਸੰਘ, ਕੇਂਦਰੀ ਪੰਜਾਬੀ ਲੇਖਕ ਸਭਾਵਾਂ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਸਮੇਤ ਦਰਜਨਾਂ ਜਥੇਬੰਦੀਆਂ ਦਾ ਹੁੰਗਾਰਾ ਆਸ ਬੰਨ੍ਹਾਉਂਦਾ ਹੈ ਕਿ ਪੰਜਾਬ ਦੇ ਸੂਝਵਾਨ ਚੇਤਨ ਹਿੱਸੇ ਇਸ ਫਾਸ਼ੀ ਹੱਲੇ ਦੇ ਖ਼ਤਰਿਆਂ ਨੂੰ ਭਾਂਪਦੇ ਹੋਏ ਜਨਤਕ ਲਾਮਬੰਦੀ ਅਤੇ ਵਿਸ਼ਾਲ ਜਨਤਕ ਲਹਿਰ ਉਸਾਰਨ ਲਈ ਦ੍ਰਿੜ੍ਹ ਸੰਕਲਪ ਹਨ।ਕਨਵੈਨਸ਼ਨ 'ਚ ਮੁੱਖ ਵਕਤਾ ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਹੋਣਗੇ। ਉਹਨਾ ਕਿਹਾ ਕਿ ਓਪਰੇਸ਼ਨ ਗਰੀਨ ਹੰਟ, ਜੋ ਕਿ ਅੱਜ ਓਪਰੇਸ਼ਨ ਕਗਾਰ ਅਤੇ ਓਪਰੇਸ਼ਨ ਸੰਕਲਪ ਦੇ ਰੂਪ ਵਿੱਚ ਆਦਿਵਾਸੀਆਂ ਉਪਰ ਹੋਰ ਵੀ ਫਾਸ਼ੀ ਰੁਖ਼ ਧਾਰਨ ਕਰਕੇ ਵਰ੍ਹ ਰਿਹਾ ਹੈ ਅਤੇ ਇਸ ਦੇ ਫੈਲਦੇ ਪੰਜੇ ਆਦਿਵਾਸੀ ਖੇਤਰਾਂ ਤੋਂ ਅੱਗੇ ਵਧ ਕੇ ਭਵਿੱਖ ਵਿੱਚ ਹੋਰ ਵੀ ਘਿਨਾਉਣੇ ਰੂਪ ਵਿੱਚ ਸਾਹਮਣੇ ਆਉਣਗੇ, ਇਸ ਦੀ ਝਲਕ ਪੰਜਾਬ ਅੰਦਰ ਵੀ ਚੜ੍ਹਦੇ ਸੂਰਜ ਦਿਖਾਈ ਦੇ ਰਹੀ ਹੈ।

## ਜ਼ਮੀਨ ਪ੍ਰਾਪਤੀ ਸੰਘਰਸ਼ ਮੋਰਚੇ ਦੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਬੀਤੇ ਕੱਲ੍ਹ ਜ਼ਮੀਨ ਪ੍ਰਾਪਤੀ ਸੰਘਰਸ਼ ਮੋਰਚੇ ਦੀ 15 ਮੈਂਬਰੀ ਕਮੇਟੀ ਮੀਟਿੰਗ ਕੀਤੀ ਗਈ।ਇਸ ਸਮੇਂ ਜ਼ਮੀਨ ਪ੍ਰਾਪਤੀ ਸੰਘਰਸ਼ ਮੋਰਚੇ ਦਾ ਗਠਨ ਕੀਤਾ ਗਿਆ। ਮੀਟਿੰਗ ਨੂੰ ਜਸਵਿੰਦਰ ਸਿੰਘ ਵੱਟੂ ਨੇ ਕਿਹਾ ਕਿ ਮਾਲਵੇ ਦੇ ਸਾਰੇ ਜ਼ਿਲ੍ਹਿਆਂ 'ਚ ਪਿੰਡ ਪਿੰਡ ਕਮੇਟੀਆਂ ਗਠਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜ਼ਮੀਨ ਹੱਦਬੰਦੀ ਕਾਨੂੰਨ ਸਰਕਾਰ ਲਾਗੂ ਕਰੇ ਅਤੇ ਸਰਕਾਰੀ ਨਜ਼ੂਲ ਬੰਜਰ ਸ਼ਾਮਲਾਟ ਫਰੀਦਕੋਟ ਰਾਜੇ ਦੀ ਜ਼ਮੀਨ ਗਰੀਬਾਂ ਵਿੱਚ ਵੰਡੀ ਜਾਵੇ। ਇਸ ਸਮੇਂ ਕਮੇਟੀ ਦੀ ਚੋਣ ਕੀਤੀ ਗਈ ਜਿਸ 'ਚ ਪ੍ਰਧਾਨ ਜਸਵਿੰਦਰ ਸਿੰਘ ਬੱਟੂ, ਮੀਤ ਪ੍ਰਧਾਨ ਸਿਕੰਦਰ ਸਿੰਘ ਚੱਕ ਕਲਿਆਣ, ਜਨਰਲ ਸਕੱਤਰ ਜਗਸੀਰ ਸਿੰਘ ਬਾਜਾ, ਹਰਜਿੰਦਰ ਸਿੰਘ ਮੀਤ ਸਕੱਤਰ, ਚਮਕੌਰ ਸਿੰਘ ਖਜ਼ਾਨਚੀ, ਕੁਲਦੀਪ ਸਿੰਘ ਹਰੀਕੇ ਕਲਾਂ ਮੀਤ ਪ੍ਰਧਾਨ, ਕਾਰਜ ਸਿੰਘ ਗੁੜੀ ਸੰਘਰ ਸਲਾਹਕਾਰ, ਭਰਪੂਰ ਸਿੰਘ ਕਾਨੂੰਗੋ ਸਲਾਹਕਾਰ, ਡਾਕਟਰ ਜਸਕਰਨ ਸਿੰਘ ਪ੍ਰੈਸ ਸਕੱਤਰ, ਗੁਰਭੇਜ ਸਿੰਘ ਕੋਟਲੀ ਸੰਘਰ ਮੀਤ ਪ੍ਰਧਾਨ, ਪ੍ਰੀਤ ਸਿੰਘ ਗੁਰੂ ਹਰਸਾਏ ਕਮੇਟੀ ਮੈਂਬਰ ਅਤੇ ਕਰਨਵੀਰ ਸਿੰਘ ਕਮੇਟੀ ਮੈਂਬਰ ਚੁਣੇ ਗਏ।

## ਯੁੱਧ ਨਸ਼ਿਆਂ ਵਿਰੁੱਧ ਤੇ ਟ੍ਰੈਫਿਕ ਨਿਯਮਾਂ ਬਾਰੇ ਸੈਮੀਨਾਰ

**ਜਗਰਾਉਂ (ਸੰਜੀਵ ਅਰੋੜਾ)**- ਯੁੱਧ ਨਸ਼ਿਆਂ ਵਿਰੁੱਧ ਤੇ ਟ੍ਰੈਫਿਕ ਨਿਯਮਾਂ ਬਾਰੇ ਐੱਲ. ਐੱਲ. ਡੀ. ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਕਲਾਂ ਦੇ ਵਿਦਿਆਰਥੀਆਂ ਤੇ ਡਰਾਈਵਰਾਂ, ਕੰਡਕਟਰਾਂ ਦਾ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਭਗਵੰਤ ਮਾਨ ਸਿੰਘ ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ ਚਲਾਈ ਲਹਿਰ ਨੂੰ ਪੰਜਾਬ ਦੇ ਯੂਥ ਤੱਕ ਪਹੁੰਚਾਉਣ ਦਾ ਵਧੀਆ ਉਪਰਾਲਾ ਹੈ। ਜਾਗਰੂਕਤਾ ਸੈਮੀਨਾਰ ਨੂੰ ਮਾਣਯੋਗ ਐੱਸ. ਐੱਸ. ਪੀ. ਡਾ. ਅੰਕੁਰ ਗੁਪਤਾ ਦੇ ਨਿਰਦੇਸ਼ਾਂ ਹੇਠ ਹਰਪਾਲ ਸਿੰਘ ਏ. ਐੱਸ. ਆਈ. ਟ੍ਰੈਫਿਕ ਨੇ ਵਿਦਿਆਰਥੀਆਂ, ਡਰਾਈਵਰਾਂ ਤੇ ਕੰਡਕਟਰਾਂ ਦਾ ਵਿਸ਼ੇਸ਼ ਸੈਮੀਨਾਰ ਲਗਾ ਕੇ ਨਸ਼ਿਆਂ ਵਿਰੁੱਧ ਤੇ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ੇ ਕੇਵਲ ਇਕੱਲੇ ਵਿਅਕਤੀ ਨੂੰ ਹੀ ਨਹੀਂ ਬਲਕਿ ਪੂਰੇ ਪਰਿਵਾਰ ਤੇ ਸਮਾਜ ਨੂੰ ਨਿਗਲ ਜਾਂਦੇ ਹਨ। ਸ਼ੌਕ-ਸ਼ੌਕ ਵਿੱਚ ਕੀਤੀ ਨਸ਼ਿਆਂ ਦੀ ਸ਼ੁਰੂਆਤ ਵਿਅਕਤੀ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਬਗੈਰ ਡਰਾਈਵਿੰਗ ਲਾਈਸੈਂਸ ਵਹੀਕਲ/ਬਾਈਕ ਚਲਾਉਣਾ ਜਾਂ ਡਰਾਈਵਿੰਗ ਕਰਦੇ ਸਮੇਂ ਸਟੰਟ ਕਰਨਾ ਕਾਨੂੰਨੀ ਜੁਰਮ ਹੈ। ਪ੍ਰਿੰਸੀਪਲ ਬਲਦੇਵ ਬਾਵਾ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੇ ਟ੍ਰੈਫਿਕ ਨਿਯਮ ਬਾਰੇ ਚਲਾਈ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਉਣ ਵਾਲੀ ਪੀੜ੍ਹੀ ਨੂੰ ਦੋਵੇਂ ਅਹਿਮ ਗੱਲਾਂ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਨਸ਼ੇ ਭਵਿੱਖ ਤੇ ਸਿਹਤ ਨੂੰ ਖਤਮ ਕਰ ਦਿੰਦੇ ਹਨ ਅਤੇ ਟ੍ਰੈਫਿਕ ਨਿਯਮਾਂ ਤੇ ਸਾਵਧਾਨੀਆਂ ਨਾਲ ਹੀ ਅਸੀਂ ਸੁਰੱਖਿਅਤ ਰਹਿ ਸਕਦੇ ਹਾਂ। ਅਖੀਰ ਵਿੱਚ ਪ੍ਰਿੰਸੀਪਲ ਬਲਦੇਵ ਤੇ ਸਮੂਹ ਸਟਾਫ ਨੇ ਹਰਪਾਲ ਸਿੰਘ ਨੂੰ ਵਿਸ਼ੇਸ਼ ਸਨਮਾਨ ਨਿਸ਼ਾਨੀ ਭੇਟ ਕੀਤੀ। ਇਸ ਮੌਕੇ ਮੈਡਮ ਜਸਮਿੰਦਰ ਕੌਰ, ਗੁਰਚਰਨ ਸਿੰਘ, ਹਰਪ੍ਰੀਤ ਸਿੰਘ, ਤਜਿੰਦਰਪਾਲ ਸਿੰਘ, ਅਨੂਪ ਸਿੰਘ ਤੇ ਮਨਦੀਪ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਭਲਕੇ ਡੀ ਐੱਸ ਪੀ ਦੇ ਦਫਤਰ ਅੱਗੇ ਧਰਨਾ ਦੇਣ ਦਾ ਐਲਾਨ



ਪੱਟੀ (ਬਲਦੇਵ ਸਿੰਘ ਸੰਧੂ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਦੀ ਮੀਟਿੰਗ ਪਿੰਡ ਭੱਗੂਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਪੱਟੀ ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ ਹਰਵਿੰਦਰ ਸਿੰਘ ਆਸਲ ਦੀ ਅਗਵਾਈ ਹੇਠ ਹੋਈ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੱਟੀ ਹਲਕਾ ਵਿਧਾਇਕ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਪੁਤਲਾ ਫੂਕਿਆ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ। ਮੀਟਿੰਗ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਜ਼ਿਲ੍ਹਾ ਆਗੂ ਸਤਨਾਮ ਸਿੰਘ ਮਾਣੋਚਾਹਲ ਅਤੇ ਹਰਜਿੰਦਰ ਸਿੰਘ ਸਕਰੀ ਰੇਸ਼ਮ ਸਿੰਘ ਘੁਰਕਵਿੰਡ ਫਤਿਹ ਸਿੰਘ ਪਿੱਦੀ ਵਿਸ਼ੇਸ਼ ਤੌਰ ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕੇ ਪੱਟੀ ਹਲਕੇ ਦੇ ਅਧੀਨ ਆਉਂਦੇ ਪਿੰਡ ਸਭਰਾ ਦੀ ਰੇਤ ਵਾਲੀ ਖੱਡ ਦਾ ਮਸਲਾ ਦਿਨੋਂ ਦਿਨ ਉਲਝਦਾ ਨਜ਼ਰ ਆ ਰਿਹਾ। ਕਿਸਾਨ ਆਗੂਆਂ ਨੇ ਕਿਹਾ ਕਿ ਪਿੰਡ ਸਭਰਾ ਦੀ ਰੇਤ ਵਾਲੀ ਖੱਡ ਨੂੰ ਮੁਕੰਮਲ ਤੌਰ ਤੇ ਬੰਦ ਕਰਵਾਉਣ ਵਾਸਤੇ ਕਈ ਧਰਨੇ ਮੁਜ਼ਾਹਰੇ ਕੀਤੇ ਗਏ ਪਰ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਰੇਤ ਵਾਲੀ ਖੱਡ ਨੂੰ ਧੱਕੇ ਨਾਲ ਚਲਾਉਣਾ ਚਾਹੁੰਦੇ ਹਨ। ਕਿਸਾਨ ਆਗੂਆਂ ਨੇ ਖੱਡ ਚਾਲੂ ਕਰਾਉਣ ਵਾਲੇ ਪ੍ਰਸ਼ਾਸਨ ਦਾ ਵਿਰੋਧ ਕੀਤਾ ਤੇ ਮੌਕੇ ਤੇ ਮਾਈਨਿੰਗ ਵਿਭਾਗ ਵੱਲੋਂ ਸੱਦੇ ਗੁੰਡਿਆਂ ਵੱਲੋਂ ਡੀ ਐਸ ਪੀ ਪੱਟੀ ਦੀ ਹਾਜ਼ਰੀ ਵਿੱਚ ਕਿਸਾਨਾਂ ਮਜ਼ਦੂਰਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਜਿਸ ਦੀ ਵੀਡੀਓ ਸੋਸ਼ਲ ਮੀਡੀਆ ਤੇ ਚੱਲ ਰਹੀ ਹੈ। ਪੁਲਸ ਪ੍ਰਸ਼ਾਸਨ ਵੱਲੋਂ ਗੁੰਡਿਆਂ 'ਤੇ ਕਾਰਵਾਈ ਕਰਨ ਦੀ ਥਾਂ ਕਿਸਾਨਾਂ/ਮਜ਼ਦੂਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ ।ਡੀ ਐੱਸ ਪੀ ਪੱਟੀ ਲਵਕੇਸ਼ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਵਿਸ਼ਵਾਸ ਦਵਾਇਆ ਗਿਆ ਸੀ ਕਿ ਬਣਦੀ ਕਾਰਵਾਈ ਕੀਤੀ ਜਾਵੇਗੀ ਪਰ ਕਾਰਵਾਈ ਅਜੇ ਤਕ ਨਹੀਂ ਹੋਈ। ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ 20 ਮਈ ਨੂੰ ਡੀ ਐੱਸ ਪੀ ਪੱਟੀ ਦੇ ਦਫਤਰ ਅੱਗੇ ਧਰਨਾ ਲਗਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਖਜਾਨ ਸਿੰਘ ਕਿਰਤੋਵਾਲ, ਬਲਕਾਰ ਸਿੰਘ ਸਭਰਾਂ, ਮੁਖਤਿਆਰ ਸਿੰਘ, ਬੱਬਣ, ਕੁਲਵਿੰਦਰ ਸਿੰਘ, ਜਰਨੈਲ ਸਿੰਘ, ਸਾਬ ਸਿੰਘ ਸੀਤੋ, ਸਰਬਜੀਤ ਸਿੰਘ, ਮਹਾਂਵੀਰ ਸਿੰਘ, ਸੋਨੂੰ ਚੂਸਲੇਵੜ, ਸੁਖਵੰਤ ਸਿੰਘ ਪੱਟੀ, ਮੰਗਲ ਸਿੰਘ ਪੱਟੀ, ਕਿਰਪਾਲ ਸਿੰਘ, ਸਿੱਦਾ ਸਿੰਘ ਬੂਹ, ਸਕੱਤਰ ਸਿੰਘ ਕੰਡਿਆਲਾ, ਬਲਵਿੰਦਰ ਸਿੰਘ ਹਰੀਕੇ ਆਦਿ ਆਗੂ ਹਾਜ਼ਰ ਸਨ।

# ਮਜੀਠਾ ਸ਼ਰਾਬ ਕਾਂਡ ਕਤਲ ਦੇ ਘਿਨਾਉਣੇ ਅਪਰਾਧ ਤੋਂ ਘੱਟ ਨਹੀਂ : ਤਰਕਸ਼ੀਲ ਸੁਸਾਇਟੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)



ਤਰਕਸ਼ੀਲ ਸੁਸਾਇਟੀ ਪੰਜਾਬ ਨੇ ਮਜੀਠਾ (ਅੰਮ੍ਰਿਤਸਰ) ਵਿਖੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 27 ਵਿਅਕਤੀਆਂ ਦੀਆਂ ਮੌਤਾਂ ਨੂੰ ਪੰਜਾਬ ਸਰਕਾਰ ਦੀ ਘੋਰ ਸਿਆਸੀ ਅਤੇ ਪ੍ਰਸ਼ਾਸਨਿਕ ਨਲਾਇਕੀ ਹੇਠ ਹੋਏ ਕਤਲ ਕਰਾਰ ਦਿੰਦਿਆਂ ਇਸ ਵਹਿਸ਼ੀ ਅਪਰਾਧ ਲਈ ਜ਼ਿੰਮੇਵਾਰ ਦੋਸ਼ੀਆਂ ਅਤੇ ਉਨ੍ਹਾਂ ਦੇ ਸਿਆਸੀ ਸਰਪ੍ਰਸਤਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ।ਇਸ ਸਬੰਧੀ ਸੁਸਾਇਟੀ ਦੀ ਹੋਈ ਇਕ ਮੀਟਿੰਗ ਤੋਂ ਬਾਅਦ ਪ੍ਰੈੱਸ ਨੋਟ ਜਾਰੀ ਕਰਦਿਆਂ ਅੰਮ੍ਰਿਤਸਰ ਇਕਾਈ ਦੇ ਆਗੂਆਂ ਜਸਪਾਲ ਬਾਸਰਕੇ, ਪ੍ਰਿੰਸੀਪਲ ਮੇਲਾ ਰਾਮ, ਐਡਵੋਕੇਟ ਅਮਰਜੀਤ ਬਾਈ, ਮਾਸਟਰ ਬਲਦੇਵ ਰਾਜ ਵੇਰਕਾ, ਦਮਨਜੀਤ ਕੌਰ ਅਤੇ ਸੂਬਾਈ ਆਗੂ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਜੇਕਰ ਪੰਜਾਬ ਪੁਲਸ ਨੇ ਗੈਰ-ਕਾਨੂੰਨੀ ਨਸ਼ਾ ਵਪਾਰੀਆਂ ਵਿਰੁੱਧ ਖ਼ਾਨਾਪੂਰਤੀ ਦੇ ਛਾਪਿਆਂ ਦੀ ਥਾਂ ਜ਼ਹਿਰ ਦਾ ਵਪਾਰ ਕਰਨ ਵਾਲੇ ਅਸਲ ਵੱਡੇ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ ਸਿਆਸੀ ਸਰਪ੍ਰਸਤਾਂ ਤੇ ਪੁਲਸ ਅਧਿਕਾਰੀਆਂ ਦੇ ਵਿਰੁੱਧ ਸਮੇਂ ਸਿਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਹੁੰਦੀ ਤਾਂ ਇਨ੍ਹਾਂ ਆਮ ਗਰੀਬ ਲੋਕਾਂ ਦੀਆਂ ਕੀਮਤੀ ਜਾਨਾਂ ਅਤੇ ਪਰਿਵਾਰਾਂ ਨੂੰ ਬਚਾਇਆ ਜਾ ਸਕਦਾ ਸੀ। ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸਿਰਫ ਇਕ ਸਿਆਸੀ ਸਟੰਟ ਸਾਬਤ ਹੋਈ ਹੈ ਅਤੇ ਪੰਜਾਬ ਦੇ ਲੋਕਾਂ ਦੇ ਹੱਕ ਹਲਾਲ ਦੀ ਕਮਾਈ ਨਾਲ ਪ੍ਰਿੰਟ ਅਤੇ ਬਿਜਲਈ ਮੀਡੀਏ ਵਿੱਚ ਨਸ਼ੇ ਖਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਦੀ ਰੋਜ਼ਾਨਾ ਫੋਕੀ ਅਤੇ ਝੂਠੀ ਇਸ਼ਤਿਹਾਰਬਾਜ਼ੀ ਕਰਕੇ ਪੰਜਾਬ ਦੀ ਜਨਤਾ ਨੂੰ ਸਿਰਫ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਸ਼ਰੇਆਮ ਗ਼ੈਰ ਕਾਨੂੰਨੀ ਵਿਕਦੇ ਸਿੰਥੈਟਿਕ ਡਰੱਗ ਅਤੇ ਨਸ਼ਿਆਂ ਰਾਹੀਂ ਆਮ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਸੁੱਟਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਦੀ ਘੋਰ ਨਾਕਾਮੀ ਕਰਕੇ ਹੋਈਆਂ ਨਜਾਇਜ਼ ਮੌਤਾਂ ਦੇ ਬਦਲੇ ਮੁਆਵਜ਼ਾ ਦੇ ਕੇ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ।ਤਰਕਸ਼ੀਲ ਆਗੂਆਂ ਨੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਉਹ ਪੰਜਾਬ ਦੇ ਲੋਕਾਂ ਨੂੰ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ, ਸ਼ੁੱਧ ਵਾਤਾਵਰਨ, ਸੜਕਾਂ, ਸੀਵਰੇਜ ਦੀਆਂ ਸਹੂਲਤਾਂ ਅਤੇ ਭ੍ਰਿਸ਼ਟਾਚਾਰ ਮੁਕਤ ਲੁੱਟ ਰਹਿਤ ਰਾਜ ਪ੍ਰਬੰਧ ਦੇਣ ਵਿੱਚ ਪੂਰੀ ਤਰਾਂ ਨਾਕਾਮ ਸਾਬਤ ਹੋਈ ਹੈ ਜਿਸ ਦੇ ਨਤੀਜੇ ਵਜੋਂ ਸਮਾਜ ਦੇ ਕਿਰਤੀ ਵਰਗ ਦੇ ਲੱਖਾਂ ਆਮ ਲੋਕ ਭੁੱਖਮਰੀ, ਬੇਰੁਜ਼ਗਾਰੀ ਅਤੇ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਕੇ ਨਸ਼ਿਆਂ ਅਤੇ ਖੁਦਕਸ਼ੀਆਂ ਵੱਲ ਧੱਕੇ ਜਾ ਰਹੇ ਹਨ।ਇਸ ਵਿਚਾਰ ਚਰਚਾ ਵਿੱਚ ਤਰਕਸ਼ੀਲ ਆਗੂਆਂ ਰਾਜ ਕੁਮਾਰ ਵੇਰਕਾ, ਸੁਖਮੀਤ ਸਿੰਘ, ਹਰਜਿੰਦਰ ਜਲਾਲਪੁਰ, ਰਮੇਸ਼ ਜੈਨ, ਹਰੀ ਕ੍ਰਿਸ਼ਨ ਅਤੇ ਰਣਬੀਰ ਸਿੰਘ ਨੇ ਭਾਗ ਲਿਆ।

# ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨਾਥ ਦੀ ਖੂਹੀ ਦਾ ਬਾਰ੍ਹਵੀਂ ਦਾ ਨਤੀਜਾ ਸੌ ਫੀਸਦੀ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੀਤੇ ਦਿਨ ਬਾਰ੍ਹਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਅੱਡਾ ਨਾਥ ਦੀ ਖੂਹੀ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਮੈਨੇਜਿੰਗ ਡਾਇਰੈਕਟਰ ਕੁਲਜੀਤ ਸਿੰਘ ਬਾਠ ਨੇ ਦੱਸਿਆ ਕਿ ਸਾਇੰਸ ਗਰੁੱਪ ਦੀਆਂ ਗੁਰਸ਼ਰਨ ਕੌਰ ਅਤੇ ਅਰਸ਼ਪ੍ਰੀਤ ਕੌਰ ਨੇ



96% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਲੀਨ ਕੌਰ ਨੇ 95.4% ਪ੍ਰਾਪਤ ਕਰਕੇ ਦੂਸਰਾ ਅਤੇ ਗੁਰਪ੍ਰੀਤ ਕੌਰ ਤੇ ਅਨੁਰੀਤ ਕੌਰ ਨੇ 95% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਛੇ ਵਿਦਿਆਰਥੀਆਂ ਨੇ 95% ਤੋਂ ਵੱਧ, 37 ਨੇ 90 ਤੋਂ 95% ਅੰਕ ਅਤੇ 50 ਨੇ 80% ਤੋਂ 90% ਤੱਕ ਅੰਕ ਪ੍ਰਾਪਤ ਕੀਤੇ। ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਕੁਲਜੀਤ ਸਿੰਘ ਬਾਠ, ਡਾਇਰੈਕਟਰ ਕੁਲਵੰਤ ਕੌਰ ਬਾਠ, ਪ੍ਰਿੰ. ਮਨਪ੍ਰੀਤ ਕੌਰ ਅਤੇ ਮੁੱਖ ਪ੍ਰਬੰਧਕ ਮਨਜੀਤ ਕੌਰ ਨੇ ਸਮੁੱਚੇ ਸਟਾਫ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਦਾ ਨਤੀਜਾ ਰਿਹਾ ਸ਼ਾਨਦਾਰ

ਟਾਂਗਰਾ (ਲਾਡੀ ਮੱਲ੍ਹੀ)-ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਦੇ ਵਿਦਿਆਰਥੀਆਂ ਦਾ ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਦੱਸਵੀਂ ਜਮਾਤ ਦੇ ਵਿਦਿਆਰਥੀ ਰਮਨੀਤ ਕੌਰ, ਗੁਰਤੇਜ ਸਿੰਘ ਅਤੇ ਗੁਰਬੀਰ ਸਿੰਘ ਨੇ 95% ,93% ਅਤੇ 90% ਨੰਬਰ ਲੈ ਕੇ ਪਹਿਲਾ, ਦੂਜਾ



ਅਤੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਬਾਰ੍ਹਵੀਂ ਦੇ ਦੀ ਪਵਨਪ੍ਰੀਤ ਕੌਰ, ਅੰਸ਼ਿਕਾ, ਦੀਆ ਅਰੋੜਾ, ਮਨਸੀਰਤ ਕੌਰ, ਹਰਮਨਪ੍ਰੀਤ ਸਿੰਘ ਅਤੇ ਕਰਨਬੀਰ ਸਿੰਘ ਨੇ 91%, 90%, 89% ਅਤੇ 88% ਨੰਬਰ ਲੈ ਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਪਲਵਿੰਦਰ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਦਸਵੀਂ ਜਮਾਤ ਵਿਚ 90% ਤੋਂ ਉਪਰ 8, 85% ਤੋਂ ਉਪਰ 13, 80% ਤੋਂ ਉਪਰ 8, 70% ਤੋਂ ਉਪਰ 6 ਅਤੇ 60% ਤੋਂ ਉਪਰ 7 ਵਿਦਿਆਰਥੀਆਂ ਨੇ ਅੰਕ ਪ੍ਰਾਪਤ ਕਰਕੇ ਆਪਣਾ, ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਉਨ੍ਹਾਂ ਦੱਸਿਆ ਕਿ ਇਹ ਸਭ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਇਸੇ ਹੀ ਤਰ੍ਹਾਂ ਹਰੇਕ ਪ੍ਰੀਖਿਆ ਵਿੱਚੋਂ ਮਿਹਨਤ ਕਰਦੇ ਹੋਏ ਚੰਗੇ ਨੰਬਰ ਪ੍ਰਾਪਤ ਕਰੋ ਅਤੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕਰੋ।ਇਸ ਮੌਕੇ ਸਕੂਲ ਦੇ ਵਿਦਿਆਰਥੀ ਅਤੇ ਸਮੂਹ ਸਟਾਫ ਹਾਜ਼ਰ ਸਨ।

# ਭਲਕ ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਹੁਣ 9 ਜੁਲਾਈ ਨੂੰ ਹੋਵੇਗੀ : ਆਸਲ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕੇਂਦਰੀ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ



ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਅੰਮ੍ਰਿਤਸਰ ਵਿੱਚ ਸੀਟੂ ਦਫਤਰ ਪੁਤਲੀਘਰ ਵਿਖੇ ਸੁਰਿੰਦਰ ਸ਼ਰਮਾ ਇੰਟਕ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਸਭਾ ਦੇ ਆਗੂ ਅਮਰਜੀਤ ਸਿੰਘ ਆਸਲ ਨੇ ਕਿਹਾ ਕਿ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 20 ਮਈ ਨੂੰ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਹੁਣ 9 ਜੁਲਾਈ ਨੂੰ ਹੋਵੇਗੀ।ਉਨ੍ਹਾਂ ਕਿਹਾ ਕਿ ਅਜਿਹਾ ਦੇਸ਼ ਦੇ ਮੌਜੂਦਾ ਹਾਲਾਤ ਨੂੰ ਸਾਹਮਣੇ ਰੱਖਦੇ ਹੋਏ ਕੀਤਾ ਗਿਆ ਹੈ।9 ਜੁਲਾਈ ਨੂੰ ਕੀਤੀ ਜਾਣ ਵਾਲੀ ਹੜਤਾਲ ਦੀ ਕਾਮਯਾਬੀ ਵਾਸਤੇ ਤਿਆਰੀਆਂ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰਹਿਣਗੀਆਂ। ਸਮੂਹ ਮਜ਼ਦੂਰਾਂ, ਮੁਲਾਜ਼ਮਾਂ ਅਤੇ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ।ਮੀਟਿੰਗ ਵਿੱਚ ਸ਼ੁਭਾ ਸਿੰਘ ਅਜਨਾਲਾ ਸੀਟੀਊ, ਐੱਸ. ਐੱਸ. ਬਾਵਾ, ਐੱਚਐੱਮਐੱਸ, ਜਗਤਾਰ ਸਿੰਘ ਕਰਮਪੁਰਾ, ਕਿਸਾਨ ਜਥੇਬੰਦੀਆਂ ਵੱਲੋਂ ਡਾ: ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ ਜਮਹੂਰੀ ਕਿਸਾਨ ਸਭਾ ਪੰਜਾਬ, ਲਖਬੀਰ ਸਿੰਘ ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ), ਸਵਿੰਦਰ ਸਿੰਘ ਮੀਰਾਂਕੋਟ ਕੁੱਲ ਹਿੰਦ ਕਿਸਾਨ ਸਭਾ, ਸੁਖਰਾਜਬੀਰ ਸਿੰਘ ਲੁਹਾਰਕਾ ਬੀਕੇਯੂ ਰਾਜੇਵਾਲ, ਬਲਬੀਰ ਸਿੰਘ ਝਾਮਕਾ ਪੰਜਾਬ ਕਿਸਾਨ ਯੂਨੀਅਨ, ਅਜੀਤ ਸਿੰਘ ਸੰਗਤਪੁਰਾ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਗੁਰਦੇਵ ਸਿੰਘ ਵਰਪਾਲ ਕਿਸਾਨੀ ਸੰਘਰਸ਼ ਕਮੇਟੀ (ਪੰਨੂ) ਅਤੇ ਕੰਵਲਜੀਤ ਕੌਰ ਆਦਿ ਹਾਜ਼ਰ ਸਨ।

# ਨਵੇਂ ਸਿਵਲ ਡਿਫੈਂਸ ਵਲੰਟੀਅਰਾਂ ਦੀ ਭਰਤੀ ਸ਼ੁਰੂ

ਗੁਰਦਾਸਪੁਰ, (ਜਨਕ ਮਹਾਜਨ)-ਮਾਨਯੋਗ ਡਿਪਟੀ ਕਮਿਸ਼ਨਰ-ਕਮ-ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਮੌਜੂਦਾ ਚੱਲ ਰਹੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੇਂ ਸਿਵਲ ਡਿਫੈਂਸ ਵਲੰਟੀਅਰ ਭਰਤੀ ਕਰਨ ਸਬੰਧੀ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕਾਂ, ਆਮ ਨਾਗਰਿਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੌਜੂਦਾ ਸਮੇਂ ਦੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਸਿਵਲ ਡਿਫੈਂਸ ਗੁਰਦਾਸਪੁਰ ਵਿੱਚ ਬਤੌਰ ਵਲੰਟੀਅਰ ਨਿਸ਼ਕਾਮ ਸੇਵਾ ਲਈ ਐਨਰੋਲਮੈਂਟ ਕੀਤੀ ਜਾ ਰਹੀ ਹੈ। ਜਾਣਕਾਰੀ ਦਿੰਦੇ ਹੋਏ ਰਵੇਲ ਸਿੰਘ ਰੰਧਾਵਾ ਕਮਾਂਡੈਂਟ ਪੰਜਾਬ ਹੋਮ ਗਾਰਡਜ਼-ਕਮ-ਐਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਨੇ ਦੱਸਿਆ ਕਿ ਇਸ ਵਿੱਚ ਸਾਬਕਾ ਫੌਜੀ, ਸਾਬਕਾ ਕਰਮਚਾਰੀ, ਐੱਨਸੀਸੀ ਦੇ ਕੈਡਿਟ, ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਅਤੇ ਆਮ ਨਾਗਰਿਕ ਜੋ ਦੇਸ਼ ਦੀ ਸੇਵਾ ਕਰਨ ਦਾ ਜਜ਼ਬਾ ਰੱਖਦੇ ਹੋਣ, ਸਿਵਲ ਡਿਫੈਂਸ ਵਲੰਟੀਅਰ ਬਣ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਸਿਵਲ ਡਿਫੈਂਸ ਦੇ ਕੰਟਰੋਲ ਰੂਮ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਦਾ 10ਵੀਂ/12ਵੀਂ ਦਾ ਨਤੀਜਾ ਸੌ ਫੀਸਦੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਅਤੇ 12ਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ), ਡੇਰਾ ਬਾਬਾ ਨਾਨਕ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।ਸਕੂਲ ਦੇ ਪ੍ਰਿੰਸੀਪਲ ਮੈਡਮ ਤ੍ਰਿਪਿੰਦਰਜੀਤ ਧਾਲੀਵਾਲ ਨੇ ਦੱਸਿਆ ਕਿ ਜਮਾਤ ਅੱਠਵੀਂ ਦੀ ਖੁਸ਼ੀ (94.3), ਏਕਮਜੀਤ ਕੌਰ (91.1), ਖੁਸ਼ੀ (91) ਜਮਾਤ 10ਵੀਂ ਦੀ ਹਰਸ਼ਿਤਾ (95.53), ਮਨਦੀਪ ਕੌਰ (91.6), ਕਿਰਨਦੀਪ ਕੌਰ (91.5) ਜਮਾਤ 12ਵੀਂ (ਸਾਇੰਸ ਗਰੁੱਪ) ਦੀ ਕੁਦਰਤਦੀਪ ਬਾਜਵਾ (93.4), ਸ਼ਰੀਆ (91.6), ਕਰਮਪ੍ਰੀਤ ਕੌਰ (91.2), ਕਰਿਸ਼ਮਾ (91), ਮਨਪ੍ਰੀਤ ਕੌਰ (90.6), ਵੰਸ਼ਿਕਾ ਸ਼ਰਮਾ (90.2), ਰਾਧਕਾ ਕੁਮਾਰੀ (90),12ਵੀਂ (ਕਾਮਰਸ) ਦੀ ਰੀਆ (93), ਮਹਿਕਜੀਤ (92), ਨੈਨਾ ਨੇ (91) ਫੀਸਦੀ ਅੰਕਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਪ੍ਰਿੰ. ਧਾਲੀਵਾਲ ਨੇ ਵਿਦਿਆਰਥੀਆਂ ਦੀ ਇਸ ਸਫਲਤਾ ਲਈ ਸਮੂਹ ਸਕੂਲ ਦੇ ਸਟਾਫ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਕੂਲ ਵਿੱਚ ਛੇਵੀਂ ਤੋਂ ਬਾਰ੍ਹਵੀਂ (ਸਾਇੰਸ ਮੈਡੀਕਲ, ਨਾਨ-ਮੈਡੀਕਲ, ਆਰਟਸ ਅਤੇ ਕਾਮਰਸ) ਲਈ ਦਾਖਲਾ ਸ਼ੁਰੂ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਆਪਣੇ ਬੱਚਿਆ ਦਾ ਦਾਖਲਾ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ), ਡੇਰਾ ਬਾਬਾ ਨਾਨਕ ਵਿੱਚ ਕਰਵਾਉਣ। ਇਸ ਮੌਕੇ ਸਕੂਲ ਸਟਾਫ ਮੈਂਬਰ ਮੈਡਮ ਰਵਿੰਦਰ ਕੌਰ, ਗੁਰਮੀਤ ਕੌਰ, ਸੁਖਵਿੰਦਰ ਕੌਰ, ਅਮਨਪ੍ਰੀਤ ਕੌਰ, ਮਾਸਟਰ ਪਲਵਿੰਦਰ ਸਿੰਘ, ਜਗਜੀਤ ਸਿੰਘ, ਲਵ ਕੁਮਾਰ, ਗੌਰਵ ਸ਼ਰਮਾ, ਹਰਿੰਦਰ ਸਿੰਘ, ਨਰਿੰਦਰ ਸਿੰਘ, ਅਪਰਅਪਾਰ ਸਿੰਘ, ਨੀਤੂ ਬਾਲਾ, ਹਰਪਾਲ ਸਿੰਘ, ਅਮਰੇਸ਼ ਸਿੰਘ, ਪਲਵੀ ਮਹਾਜਨ, ਸੰਗੀਤਾ, ਲੀਨਾ ਮਹਾਜਨ, ਪੰਕਜ ਜਸਵਾਲ, ਅਨਿਕਾ, ਪਰਮਜੀਤ ਕੌਰ, ਰਜਿੰਦਰ ਕੌਰ, ਪੰਕਜ, ਜਸਪ੍ਰੀਤ ਕੌਰ, ਪੂਜਾ ਦੇਵੀ, ਗਗਨਦੀਪ ਸ਼ਰਮਾ, ਸਰਬਜੀਤ ਕੌਰ, ਮਮਤਾ ਦੇਵੀ, ਦਵਿੰਦਰ ਕੌਰ, ਜਸਵਿੰਦਰ ਕੌਰ, ਰਜਵੰਤ ਕੌਰ, ਮਮਤਾ, ਮਨਦੀਪ ਕੌਰ, ਸੁਖਜੀਤ ਕੌਰ, ਰੀਤਾ, ਅਨੀਤਾ, ਡੀਪੀ ਰਾਮ ਸਰੂਪ ਸਮੇਤ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਕਸਬੇ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।

# ਕਟਾਰੂਚੱਕ ਨੇ ਵੱਖ-ਵੱਖ ਸਰਕਾਰੀ ਸਕੂਲਾਂ 'ਚ ਕੀਤੇ ਵਿਕਾਸ ਕਾਰਜਾਂ ਦੇ ਉਦਘਾਟਨ

ਪਠਾਨਕੋਟ (ਦਵਿੰਦਰ ਸਿੰਘ)-ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਅੰਦਰ ਸਕੂਲਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਡੀ. ਜੀ. ਸਿੰਘ ਡਿਪਟੀ ਡੀਈਓ ਐਲੀਮੈਂਟਰੀ, ਅਮਨਦੀਪ ਕੁਮਾਰ ਡਿਪਟੀ ਡੀਈਓ ਸੈਕੰਡਰੀ, ਪੰਕਜ ਅਰੋੜਾ ਬੀਪੀਈਓ-, ਚੇਤਨ



ਅੱਤਰੀ, ਜੋਤੀ ਬਾਲਾ, ਮਨਦੀਪ, ਸੁਨੀਤਾ, ਕਮਲ ਸੰਧੂ, ਬਲਕਾਰ ਅੱਤਰੀ ਮੀਡੀਆ ਕੋਆਰਡੀਨੇਟਰ, ਰਾਕੇਸ਼ ਸੈਣੀ, ਰਾਜੇਸ਼ ਸ਼ਰਮਾ, ਅੰਜੂ ਬਾਲਾ, ਸਰਬਜੀਤ, ਸ਼ਿਵਟਾ, ਪਵਨ ਕੁਮਾਰ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਹਲਕਾ ਭੋਆ ਦੇ ਪਿੰਡ ਬਹਿੰਦੋਚੱਕ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ 2.2 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਢੇਲੇਵਾਲ ਵਿਖੇ 8.0 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ, ਸਰਕਾਰੀ ਮਿਡਲ ਸਕੂਲ ਢੇਲੇਵਾਲ ਵਿਖੇ 5.0 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਹਾੜੀਪੁਰ ਵਿਖੇ 6.5 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਦੇ ਕੀਤੇ ਨਿਰਮਾਣ ਦੇ ਉਦਘਾਟਨ ਕੀਤੇ।ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੂਰੇ ਪੰਜਾਬ ਅੰਦਰ ਸਿੱਖਿਆ ਕ੍ਰਾਂਤੀ ਅਧੀਨ ਵੱਖ-ਵੱਖ ਸਕੂਲਾਂ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਨੂੰ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ।ਇਨ੍ਹਾਂ ਪ੍ਰੋਜੈਕਟਾਂ 'ਤੇ ਕਰੀਬ 21 ਲੱਖ ਰੁਪਏ ਦੀ ਲਾਗਤ ਆਈ ਹੈ। ਉਨ੍ਹਾਂ ਇਸ ਮੌਕੇ ਸਰਕਾਰੀ ਸਕੂਲਾਂ ਦੇ ਵਧੀਆ ਨਤੀਜੇ ਆਉਣ 'ਤੇ ਅਧਿਆਪਕਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਦਾ 10ਵੀਂ ਦੇ ਨਤੀਜੇ 'ਚ ਸ਼ਾਨਦਾਰ ਪ੍ਰਦਰਸ਼ਨ

ਅੰਮ੍ਰਿਤਸਰ (ਅਰੋੜਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 10ਵੀਂ ਕਲਾਸ ਦੇ ਨਤੀਜੇ ਵਿੱਚ ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦਾ ਸ਼ਲਾਘਾਯੋਗ ਪ੍ਰਦਰਸ਼ਨ ਰਿਹਾ।ਕਾਰਤਿਕ ਨੇ 91.07 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਦੀਦਾਰ ਸਿੰਘ ਅਤੇ



ਗਗਨਦੀਪ ਸਿੰਘ ਨੇ 90.5 ਪ੍ਰਤੀਸ਼ਤ ਅੰਕ ਲੈ ਦੂਸਰਾ ਸਥਾਨ ਪ੍ਰਾਪਤ ਕੀਤਾ।ਤੀਸਰੇ ਸਥਾਨ 'ਤੇ ਸਾਹਿਬ ਕੌਰ ਅਤੇ ਕ੍ਰਿਸ਼ ਸਿਨਹਾ ਰਹੇ ਜਿਨ੍ਹਾਂ ਨੇ 89.4 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਦਿਵਆਂਸ਼ ਨੇ 89 ਪ੍ਰਤੀਸ਼ਤ ਅੰਕ ਲੈ ਕੇ ਚੌਥਾ ਅਤੇ ਹੋਰ ਸਾਰੇ ਬੱਚਿਆ ਨੇ 60 ਪ੍ਰਤੀਸ਼ਤ ਤੋਂ ਵੀ ਵੱਧ ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਸਾਰੇ ਪ੍ਰਬੰਧਕਾਂ ਅਤੇ ਸਟਾਫ਼ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ।ਸਕੂਲ ਦੇ ਪ੍ਰਿੰਸੀਪਲ ਰਾਜੇਸ਼ ਪ੍ਰਭਾਕਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਮੈਡਮ ਇੰਦੂ ਕਾਲੀਆ, ਰਣਜੀਤ ਕੌਰ, ਸੰਦੀਪ ਕੌਰ, ਨਵਨੀਤ ਕੌਰ, ਗਗਨਪ੍ਰੀਤ ਕੌਰ, ਅਮਨਪ੍ਰੀਤ ਕੌਰ, ਮੁਸਕਾਨ, ਪ੍ਰਿਆ, ਅਮੀਸ਼ਾ, ਖੇਲ ਵਿਭਾਗ ਦੇ ਪ੍ਰਮੁੱਖ ਮਨਵਿੰਦਰ ਸਿੰਘ, ਆਰਟ ਵਿਭਾਗ ਦੇ ਅਸ਼ਵਨੀ ਕੁਮਾਰ ਆਦਿ ਵੀ ਮੌਜੂਦ ਸਨ।

# ਸਕੂਲ ਆਫ ਐਮੀਨੈਂਸ ਮਾਲ ਰੋਡ ਅੰਮ੍ਰਿਤਸਰ ਦੇ ਸ਼ਾਨਦਾਰ ਨਤੀਜੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸਕੂਲ ਆਫ਼ ਐਮੀਨੈਂਸ, ਮਾਲ ਰੋਡ ਨੇ ਆਪਣੀਆਂ ਅਮੀਰ ਅਕਾਦਮਿਕ ਪਰੰਪਰਾਵਾਂ ਨੂੰ ਜਾਰੀ ਰਖਦਿਆਂ ਇਸ ਵਾਰ ਫਿਰ ਮੀਲ ਪੱਥਰ ਸਥਾਪਿਤ ਕਰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਦਸਵੀਂ ਸ਼੍ਰੇਣੀ ਦੇ ਐਲਾਨੇ ਗਏ ਨਤੀਜਿਆਂ ਵਿਚ ਬਿਹਤਰੀਨ ਪ੍ਰਦਰਸ਼ਨ ਕੀਤਾ।ਪ੍ਰਿੰ. ਮਨਦੀਪ ਕੌਰ ਨੇ ਦੱਸਿਆ ਕਿ ਪਹਿਲੇ ਸਥਾਨ 'ਤੇ ਰਹੀ ਮਨਸੀਰਤ ਕੌਰ ਨੇ



94.31% ਅੰਕ, ਦੂਸਰੇ ਸਥਾਨ ਤੇ ਖੁਸ਼ਪ੍ਰੀਤ ਕੌਰ ਨੇ 92.92% ਅੰਕ, ਤੀਸਰੇ ਸਥਾਨ ਤੇ ਹਰਸ਼ਿਤਾ ਨੇ 91.69% ਅੰਕ, ਚੌਥੇ ਸਥਾਨ ਤੇ ਹਰਮਨਪ੍ਰੀਤ ਕੌਰ ਨੇ 90.92% ਅੰਕ ਅਤੇ ਪੰਜਵੇਂ ਸਥਾਨ ਤੇ ਪਵਿੱਤਰਜੋਤ ਕੌਰ ਨੇ 90.62% ਅੰਕ ਹਾਸਲ ਕੀਤੇ।5 ਵਿਦਿਆਰਥਣਾਂ ਨੇ 90% ਤੋਂ ਵੱਧ, 28 ਵਿਦਿਆਰਥਣਾਂ ਨੇ 80% ਤੋਂ ਵੱਧ, 69 ਵਿਦਿਆਰਥਣਾਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਦੀ ਮਿਆਰੀ ਸਿੱਖਿਆ ਪ੍ਰਣਾਲੀ ਦਾ ਸਬੂਤ ਦਿੱਤਾ ਜਿਸ ਦਾ ਸਿਹਰਾ ਸਕੂਲ ਦੇ ਮਿਹਨਤੀ ਅਤੇ ਪ੍ਰਤੀਬੱਧ ਅਧਿਆਪਕਾਂ ਦੇ ਸਿਰ ਜਾਂਦਾ ਹੈ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਹਰਭਗਵੰਤ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਦਫਤਰ ਦੀ ਸਮੁੱਚੀ ਟੀਮ ਨੇ ਸਕੂਲ ਨੂੰ ਉਚੇਚੇ ਤੌਰ 'ਤੇ ਵਧਾਈ ਅਤੇ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

# ਜੇਠੂਵਾਲ ਦੇ ਸਰਪੰਚ 'ਤੇ ਪੁਲਸ ਵੱਲੋਂ ਨਜਾਇਜ਼ ਪਰਚਾ ਦਰਜ, ਪਿੰਡ ਵਾਸੀਆਂ 'ਚ ਰੋਸ



ਮਜੀਠਾ (ਸੋਇਮ ਆਨੰਦ)-ਪੁਲਸ ਚੌਕੀ ਸੋਹੀਆਂ ਖੁਰਦ ਦੀ ਪੁਲਸ ਪਾਰਟੀ ਵੱਲੋਂ ਬੀਤੇ ਦਿਨੀਂ ਪਿੰਡ ਜੇਠੂਵਾਲ ਦੇ ਮੌਜੂਦਾ ਸਰਪੰਚ ਦੇ ਭਰਾ ਕੁਲਜੀਤ ਸਿੰਘ ਉਰਫ ਟੋਨੀ ਦੇ ਘਰ ਛਾਪਾਮਾਰੀ ਕਰਕੇ ਬਰਾਮਦ ਕੀਤੀ ਗਈ ਨਜਾਇਜ਼ ਸ਼ਰਾਬ ਸਮੇਤ ਹਿਰਾਸਤ 'ਚ ਲੈ ਕੇ ਕੀਤੇ ਗਏ ਦਰਜ ਮੁਕੱਦਮੇ ਵਿੱਚ ਪਿੰਡ ਦੇ ਮੌਜੂਦਾ ਸਰਪੰਚ ਤਰਸੇਮ ਸਿੰਘ ਨੂੰ ਵੀ ਨਾਮਜ਼ਦ ਕਰ ਦਿੱਤਾ ਸੀ, ਜਿਸ ਦੇ ਵਿਰੋਧ ਵਿੱਚ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਮੌਜੂਦਾ ਪੰਚਾਇਤ ਦੇ ਨੌਂ ਮੈਂਬਰਾਂ, ਨੰਬਰਦਾਰਾਂ ਤੇ ਹੋਰ ਮੋਹਤਬਰਾਂ ਨੇ ਪਿੰਡ ਵਿਚ ਇਕੱਠ ਕਰਕੇ ਇੱਕ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿੱਚ ਉਨ੍ਹਾਂ ਪੁਲਸ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਜੋ ਇਹ ਪੁਲਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ ਉਸ ਵਿੱਚ ਮੌਜੂਦਾ ਸਰਪੰਚ ਤਰਸੇਮ ਸਿੰਘ ਨੂੰ ਜਾਣਬੁੱਝ ਕੇ ਪਰਚੇ ਵਿੱਚ ਨਾਮਜ਼ਦ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਤਰਸੇਮ ਸਿੰਘ ਨੇ ਹੀ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੁਲਸ ਨੂੰ ਆਪਣੇ ਭਰਾ ਕੁਲਜੀਤ ਸਿੰਘ ਦੀ ਸ਼ਰਾਬ ਦੇ ਧੰਦੇ ਅਤੇ ਨਸ਼ੇ ਦੀ ਆਦਤ ਬਾਰੇ ਜਾਣਕਾਰੀ ਦਿੱਤੀ ਸੀ ਪ੍ਰੰਤੂ ਪੁਲਸ ਵੱਲੋਂ ਉਸ ਦੇ ਭਰਾ ਕੁਲਜੀਤ ਸਿੰਘ 'ਤੇ ਪਰਚੇ ਵਿੱਚ ਉਲਟਾ ਸਰਪੰਚ ਤਰਸੇਮ ਸਿੰਘ ਨੂੰ ਹੀ ਨਾਮਜ਼ਦ ਕਰ ਦਿੱਤਾ ਗਿਆ ਹੈ।ਪਿੰਡ ਵਾਸੀਆਂ ਅਤੇ ਸਮੁੱਚੀ ਪੰਚਾਇਤ ਵਿੱਚ ਇਸ ਮਾਮਲੇ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਵਿਰੁੱਧ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਪਿੰਡ ਦੇ ਸੈਂਕੜੇ ਲੋਕ ਹਾਜ਼ਰ ਸਨ।

# ਡਾ. ਹਰਪਾਲ ਸਿੰਘ ਸਿਹਤ ਵਿਭਾਗ ਦੇ ਡਿਪਟੀ ਡਾਇਰੈਕਟਰ ਨਿਯੁਕਤ


ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਹਰਪਾਲ ਸਿੰਘ ਜਿਨ੍ਹਾਂ ਨੂੰ ਪੰਜਾਬ ਸਰਕਾਰ ਦੇ ਸਿਹਤ ਮਹਿਕਮੇ ਵੱਲੋਂ ਵਿਭਾਗ ਨੂੰ ਦਿੱਤੀਆਂ ਚੰਗੀਆਂ ਸੇਵਾਵਾਂ ਦੇਣ ਬਦਲੇ ਪਦਉੱਨਤ ਕਰਕੇ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਨੂੰ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਸੀਐੱਚਸੀ ਡੇਰਾ ਬਾਬਾ ਨਾਨਕ ਅਤੇ ਸੀਐੱਚਸੀ ਧਿਆਨਪੁਰ ਦੇ ਸਮੂਹ ਮੁਲਾਜ਼ਮਾਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਮੌਕੇ ਡਾ. ਹਰਪਾਲ ਸਿੰਘ ਦੇ ਡਿਪਟੀ ਡਾਇਰੈਕਟਰ ਬਣਨ ਦੀ ਖੁਸ਼ੀ ਵਿੱਚ ਮਲਟੀਪਲ ਹੈਲਥ ਇੰਪਲਾਈਜ਼ ਯੂਨੀਅਨ ਬਲਾਕ ਡੇਰਾ ਬਾਬਾ ਨਾਨਕ ਅਤੇ ਬਲਾਕ ਧਿਆਨਪੁਰ ਦੇ ਪ੍ਰਧਾਨ ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਸਮੂਹ ਮੁਲਾਜ਼ਮਾਂ ਵੱਲੋਂ ਸਨਮਾਨ ਚਿੰਨ੍ਹ ਤੇ ਫੁੱਲਾਂ ਦੇ ਬੁੱਕੇ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟਾਫ਼ ਦੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ. ਹਰਪਾਲ ਸਿੰਘ ਨੇ ਬਤੌਰ ਸੀਨੀਅਰ ਮੈਡੀਕਲ ਅਫਸਰ ਹੁੰਦਿਆਂ ਹੋਇਆਂ ਜਿੱਥੇ ਇਸ ਬਾਰਡਰ ਦੇ ਪੱਛੜੇ ਹੋਏ ਇਲਾਕੇ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਹਨ, ਉਥੇ ਉਨ੍ਹਾਂ ਵੱਲੋਂ ਸਮੂਹ ਸਟਾਫ ਨੂੰ ਵੀ ਪੂਰਨ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਡਾ. ਹਰਪਾਲ ਸਿੰਘ ਵੱਲੋਂ ਇੱਕ ਇਮਾਨਦਾਰ ਅਫਸਰ ਵਜੋਂ ਦਿੱਤੀਆਂ ਗਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਇਸ ਮੌਕੇ ਡਾਕਟਰ ਹਰਪਾਲ ਸਿੰਘ ਨੇ ਸਮੂਹ ਸਟਾਫ ਤੇ ਇਲਾਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਦਿੱਤੇ ਗਏ ਪੂਰਨ ਸਹਿਯੋਗ ਸਦਕਾ ਹੀ ਮੈਂ ਆਪਣੀਆਂ ਸੇਵਾਵਾਂ ਚੰਗੇ ਤਰੀਕੇ ਨਾਲ ਨਿਭਾ ਸਕਿਆ ਹਾਂ।ਇਸ ਮੌਕੇ ਡਾ. ਜਤਿੰਦਰ ਸਿੰਘ, ਡਾ. ਪ੍ਰਗਤੀ ਸਿੰਘ, ਡਾ.



ਸਾਹਿਲ ਮਹਾਜਨ, ਡਾ. ਸੁਪ੍ਰੀਤ ਕੌਰ ਰੰਧਾਵਾ, ਡਾ. ਵਤਨ, ਪ੍ਰਧਾਨ ਜਸਪ੍ਰੀਤ ਸਿੰਘ, ਗਗਨਦੀਪ ਸਿੰਘ, ਸਰਬਜੀਤ ਸਿੰਘ, ਮਨਜਿੰਦਰ ਸਿੰਘ, ਜਗਬੀਰ ਸਿੰਘ, ਸਤਨਾਮ ਸਿੰਘ, ਗੁਰਦੀਪ ਸਿੰਘ, ਜਗਰੂਪ ਸਿੰਘ, ਮਨਦੀਪ ਸਿੰਘ, ਨਰਿੰਦਰ ਸਿੰਘ, ਜੋਗਾ ਸਿੰਘ, ਹੈਲਥ ਇੰਸਪੈਕਟਰ ਚੂਨੀ ਲਾਲ, ਹੈਲਥ ਇੰਸਪੈਕਟਰ ਮਨਮੋਹਨ ਸਿੰਘ ਭੱਟੀ, ਦੀਪਕ ਕੁਮਾਰ, ਸੰਤੋਖ ਸਿੰਘ, ਏਐੱਮਓ ਜਗਜੀਤ ਸਿੰਘ, ਸੌਰਵ ਸ਼ਰਮਾ, ਜੋਬਨਜੀਤ ਸਿੰਘ, ਅਸ਼ੋਕ ਸਿੰਘ, ਵਿਜੇ ਕੁਮਾਰ, ਭੁਪਿੰਦਰ ਸਿੰਘ, ਹਰਪ੍ਰੀਤ ਸਿੰਘ, ਅੰਮ੍ਰਿਤ ਸਿੰਘ, ਆਸ਼ਾ ਕੁਮਾਰੀ, ਸਿਮਰਨ ਕੌਰ, ਪਰਮਜੀਤ ਕੌਰ, ਦਵਿੰਦਰ ਪਾਲ, ਪ੍ਰਭਜੀਤ ਕੌਰ, ਰਾਣੋ ਦੇਵੀ, ਕੁਲਵਿੰਦਰ ਕੌਰ, ਅਮਨਪ੍ਰੀਤ ਕੌਰ, ਸ਼ਗਨਦੀਪ ਕੌਰ, ਰਾਜਵਿੰਦਰ ਕੌਰ, ਪਰਮਜੀਤ ਪਰਮ, ਹਿਨਾ ਕੁਮਾਰੀ, ਸੰਦੀਪ ਕੌਰ, ਰਜਨੀਸ਼ ਕੌਰ, ਕੋਮਲਪ੍ਰੀਤ, ਮੋਨਿਕਾ ਕੁਮਾਰੀ, ਅਵਤਾਰ ਸਿੰਘ, ਰੋਸ਼ਨ ਮਸੀਹ, ਗੁਰਮੀਤ ਮਸੀਹ, ਵਿਨੋਦ ਕੁਮਾਰ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਭਾਗੋਵਾਲ ਦਾ ਨਤੀਜਾ ਸੌ ਪ੍ਰਤੀਸ਼ਤ

ਬਟਾਲਾ (ਡਾ. ਮਲਵਿੰਦਰ ਸਿੰਘ)-ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਸੀਨੀਅਰ ਸੈਕਡਰੀ ਸਕੂਲ ਭਾਗੋਵਾਲ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਦਵਿੰਦਰ ਸਿੰਘ ਕਾਹਲੋਂ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਰ੍ਹਵੀਂ ਜਮਾਤ ਦੇ ਐਲਾਨੇ ਨਤੀਜੇ ਵਿੱਚ ਉਨ੍ਹਾਂ ਦੇ ਸਕੂਲ ਦੇ



ਵਿਦਿਆਰਥੀਆਂ ਵੱਲੋਂ ਬਿਹਤਰੀਨ ਪ੍ਰਦਰਸ਼ਨ ਕੀਤਾ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਸਕੂਲ ਦੀ ਵਿਦਿਆਰਥਣ ਲਵਪ੍ਰੀਤ ਕੌਰ ਵੱਲੋਂ 89%, ਅਰਸ਼ਦੀਪ ਕੌਰ ਵੱਲੋਂ 85 % ਤੇ ਨਵਦੀਪ ਕੌਰ ਵੱਲੋਂ 84 ਪ੍ਰਤੀਸ਼ਤ ਅੰਕ ਹਾਸਲ ਕਰਕੇ ਅਧਿਆਪਕਾਂ ਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਸਕੂਲ ਦੇ ਚੇਅਰਮੈਨ ਨਿਰਮਲ ਸਿੰਘ ਕਾਹਲੋਂ ਵੱਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਗਈ ।ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਬਾਕੀ ਸਕੂਲ ਦੇ ਵਿਦਿਆਰਥੀਆਂ ਲਈ ਮਿਸਾਲ ਕਾਇਮ ਕੀਤੀ ਹੈ।ਇਸ ਦੌਰਾਨ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਅਧਿਆਪਕ ਬਖਸ਼ਿੰਦਰ ਸਿੰਘ ਅਠਵਾਲ, ਸੁਖਚੈਨ ਸਿੰਘ, ਰਮਿੰਦਰ ਕੌਰ, ਮਧੂ ਸ਼ਰਮਾ, ਕਿਰਨ ਸ਼ਰਮਾ, ਨੀਲਮ, ਰਮਨਜੀਤ ਕੌਰ ਆਦਿ ਹਾਜ਼ਰ ਸਨ।

# ਸਮੈਮ ਸਕੀਮ ਤਹਿਤ ਮਸ਼ੀਨਰੀ ਲਈ ਅਪਲਾਈ ਕਰਨ ਦੀ ਆਖਰੀ ਤਾਰੀਖ 22 ਮਈ : ਏ ਈ ਓ

ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫ਼ਸਰ ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਕਿਸਾਨ ਸਨਮਾਨ ਨਿਧੀ ਯੋਜਨਾ, ਝੋਨੇ ਦੀ ਸਿੱਧੀ ਬਿਜਾਈ, ਫਸਲਾਂ ਦੇ ਰਹਿੰਦ ਖੂੰਹਦ ਪ੍ਰਬੰਧਨ ਅਤੇ ਮਿੱਟੀ ਪਰਖ ਸਬੰਧੀ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਚਲਾਈ ਜਾ ਰਹੀ ਮੁਹਿੰਮ ਤਹਿਤ ਪਿੰਡ ਬੁਰਜ ਦੇਵਾ ਸਿੰਘ ਅਤੇ ਬੁਰਜ ਪੂਹਲਾ ਵਿਖੇ ਸਰਕਲ ਇੰਚਾਰਜ ਦਇਆਪ੍ਰੀਤ ਸਿੰਘ ਏਈਓ ਅਤੇ ਗੁਰਸਿਮਰਨ ਸਿੰਘ ਖੇਤੀ ਉਪ ਨਿਰੀਖਕ ਨੇ ਕਿਸਾਨ ਮੀਟਿੰਗਾਂ ਅਤੇ ਮਿੱਟੀ ਦੇ ਨਮੂਨੇ ਇਕੱਤਰ ਕੀਤੇ।ਇਸ ਦੌਰਾਨ ਕਿਸਾਨਾਂ ਨੂੰ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਦੌਰਾਨ ਅਪੀਲ ਕੀਤੀ ਗਈ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਣਾਏ ਰੱਖਣ ਲਈ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਈ ਜਾਵੇ ਅਤੇ ਖਾਦਾਂ ਦੀ ਵਰਤੋਂ ਮਿੱਟੀ ਪਰਖ ਅਨੁਸਾਰ ਹੀ ਕੀਤੀ ਜਾਵੇ।ਇਸ ਮੌਕੇ ਕਿਸਾਨਾਂ ਨੂੰ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਸਬੰਧੀ ਜਾਗਰੂਕ ਕਰਦਿਆਂ ਕਿਹਾ ਕਿ ਇਸ ਨਾਲ ਵਾਧੂ ਪਾਣੀ ਜ਼ਮੀਨ ਵਿੱਚ ਰੀਚਾਰਜ ਹੋ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਇਸ ਵਾਰ ਸਰਕਾਰ ਵੱਲੋਂ ਪਨੀਰੀ ਰਾਹੀਂ ਲਵਾਈ 5 ਜੂਨ ਨਿਸ਼ਚਿਤ ਕੀਤੀ ਗਈ ਹੈ।ਇਸ ਮੌਕੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਝੋਨੇ ਦੀ ਸਿੱਧੀ ਬਿਜਾਈ, ਨਿਊਮੈਟਿਕ ਮੱਕੀ ਪਲਾਂਟਰ ਆਦਿ ਮਸ਼ੀਨਰੀ ਲੈਣ ਦੇ ਚਾਹਵਾਨ ਕਿਸਾਨ ਸਮੈਮ ਸਕੀਮ ਤਹਿਤ 22 ਮਈ ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ।ਇਸ ਮੌਕੇ ਸੂਝਵਾਨ ਕਿਸਾਨ ਗੁਰਬਚਨ ਸਿੰਘ, ਦਲਜੀਤ ਸਿੰਘ, ਹਰਭੇਜ ਸਿੰਘ, ਦਵਿੰਦਰ ਸਿੰਘ, ਰਣਜੀਤ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਪਿੰਡਾਂ 'ਚ ਹੋਈ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ





ਤਰਨ ਤਾਰਨ (ਪ੍ਰਿਤਪਾਲ ਸਿੰਘ)

ਹਲਕਾ ਵਿਧਾਇਕਾਂ ਦੀ ਅਗਵਾਈ ਹੇਠ ਤਰਨਤਾਰਨ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਹਲਕਾ ਵਿਧਾਇਕ ਤਰਨ ਤਾਰਨ ਡਾ. ਕਸ਼ਮੀਰ ਸਿੰਘ ਸੋਹਲ ਨੇ ਮੁਰਾਦਪੁਰ ਖੁਰਦ, ਮੁਰਾਦਪੁਰ ਕਲਾਂ ਅਤੇ ਪਿੰਡ ਮੱਲ੍ਹੀਆਂ ਵਿਖੇ 'ਨਸ਼ਾ ਮੁਕਤੀ ਯਾਤਰਾ' ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਇਹ ਨਸ਼ਾ ਮੁਕਤੀ ਯਾਤਰਾ ਨਸ਼ਿਆਂ ਦੇ ਖਾਤਮੇ ਲਈ ਲੋਕ ਲਹਿਰ ਬਣ ਕੇ ਉਭਰੇਗੀ।ਇਸ ਦੌਰਾਨ ਹਲਕਾ ਵਿਧਾਇਕ ਖੇਮਕਰਨ ਸਰਵਣ ਸਿੰਘ ਧੁੰਨ ਨੇ ਪਿੰਡ ਬੈਂਕਾਂ, ਸੁੱਗਾ ਅਤੇ ਲਾਖਣਾ ਵਿਖੇ 'ਨਸ਼ਾ ਮੁਕਤੀ ਯਾਤਰਾ' ਦੀ ਅਗਵਾਈ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮੰਤਵ ਰਾਜ ਨੂੰ ਨਸ਼ਾ ਮੁਕਤ ਕਰਨਾ ਹੈ।ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਪਿੰਡ ਕੋਟ ਧਰਮ ਚੰਦ, ਬਾਕੀਪੁਰ ਅਤੇ ਜਰਮਸਤਪੁਰ ਵਿਖੇ ਨਸ਼ਾ ਮੁਕਤੀ ਯਾਤਰਾ 'ਚ ਸ਼ਾਮਲ ਹੋਣ ਉਪਰੰਤ ਨੌਜਵਾਨਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਜੇਕਰ ਨਸ਼ਾ ਕਰਨਾ ਹੈ ਤਾਂ ਸਿੱਖਿਆ, ਮਿਹਨਤ ਦਾ ਕਰੋ, ਜਿਸ ਦੀ ਰੰਗਤ ਪੁਸ਼ਤਾਂ ਤੱਕ ਰਹੇਗੀ।ਉਨ੍ਹਾਂ ਇਹ ਵੀ ਕਿਹਾ ਨਸ਼ਾ ਇਕ ਐਸੀ ਅਲਾਮਤ ਹੈ, ਜਿਸ ਦਾ ਧੱਬਾ ਸਾਰੀ ਜ਼ਿੰਦਗੀ ਨਹੀਂ ਉਤਰਦਾ ਅਤੇ ਜ਼ਿੰਦਗੀ ਦੀ ਰੌਸ਼ਨੀ ਨੂੰ ਸਲਾਖਾਂ ਪਿੱਛੇ ਲੈ ਜਾਂਦਾ ਹੈ।ਉਨ੍ਹਾਂ ਆਮ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਇਸ ਨਸ਼ਾ ਮੁਕਤੀ ਯਾਤਰਾ ਦਾ ਹਿੱਸਾ ਬਣਨ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਮੁੜ ਤੋਂ ਰੰਗਲਾ ਪੰਜਾਬ ਬਣਾ ਸਕੀਏ।

# ਪ੍ਰੋ. ਜਗਜੀਤ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਗੁਰੂ ਨਾਨਕ ਦੇਵ ਯੂਨਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਕਰਮਜੀਤ ਸਿੰਘ, ਸਮੂਹ ਟੀਚਿੰਗ, ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀ ਯੂਨੀਵਰਸਿਟੀ ਦੇ ਸਾਬਕਾ ਉਪ-ਕੁਲਪਤੀ ਡਾ. ਐੱਸ. ਪੀ. ਸਿੰਘ ਦੇ ਧਰਮ ਪਤਨੀ ਪ੍ਰੋ. ਜਗਜੀਤ ਕੌਰ ਦੇ ਅਚਾਨਕ ਅਕਾਲ ਚਲਾਣੇ ਉਤੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦੇ ਹਨ।ਉਪ-ਕੁਲਪਤੀ ਪ੍ਰੋ. ਕਰਮਜੀਤ ਸਿੰਘ ਨੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਪ੍ਰੋ. ਜਗਜੀਤ ਕੌਰ ਉੱਘੇ ਸੰਗੀਤ ਸ਼ਾਸਤਰੀ ਅਤੇ ਪ੍ਰਤੀਬੱਧ ਅਧਿਆਪਕ ਸਨ।ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਚਾਹਲ ਨੇ ਕਿਹਾ ਕਿ ਉਹ ਸਹਿਜ, ਸੁਹਜ ਅਤੇ ਨੇਕੀ ਦੀ ਸਾਕਾਰ ਮੂਰਤ ਸਨ।ਡੀਨ ਅਕਦਮਿਕ ਮਾਮਲੇ ਪ੍ਰੋ. ਪਲਵਿੰਦਰ ਸਿੰਘ ਨੇ ਕਿਹਾ ਕਿ ਮੈਡਮ ਦਾ ਵਿਅਕਤੀਤਵ ਬੇਮਿਸਾਲ ਨਿਮਰਤਾ ਅਤੇ ਸੁਹਿਰਦਤਾ ਨਾਲ ਭਰਪੂਰ ਸੀ।ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਦੁੱਖ ਦੀ ਇਸ ਘੜੀ ਵਿਚ ਕਿਹਾ ਕਿ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋ. ਤੇ ਮੁਖੀ ਅਤੇ ਮੌਜੂਦਾ ਪ੍ਰੋਫ਼ੈਸਰ ਐਮਰੀਟਸ ਡਾ. ਐੱਸ. ਪੀ. ਸਿੰਘ ਦੇ ਧਰਮ ਪਤਨੀ ਪ੍ਰੋ. ਜਗਜੀਤ ਕੌਰ ਦੇ ਅਕਾਲ ਚਲਾਣੇ ਉਤੇ ਸਮੁੱਚੇ ਪੰਜਾਬੀ ਸਾਹਿਤਕ ਅਤੇ ਸੰਗੀਤਕ ਜਗਤ ਵਿਚ ਸੋਗ ਦੀ ਲਹਿਰ ਹੈ। ਉਨ੍ਹਾਂ ਦੱਸਿਆ ਕਿ ਮੈਡਮ ਜਗਜੀਤ ਕੌਰ ਨੇ ਸਰੂਪ ਰਾਣੀ ਸਰਕਾਰੀ ਕਾਲਜ, ਅੰਮ੍ਰਿਤਸਰ ਦੇ ਸੰਗੀਤ ਵਿਭਾਗ ਵਿਚ ਲੰਮਾ ਸਮਾਂ ਅਧਿਆਪਕ ਵਜੋਂ ਸੇਵਾ ਨਿਭਾਈ।ਉਪਰੰਤ ਉਹ ਸਰਕਾਰੀ ਕਾਲਜ, ਲੁਧਿਆਣਾ ਤੋਂ ਬਤੌਰ ਸੰਗੀਤ ਅਧਿਆਪਕ ਸੇਵਾ-ਮੁਕਤ ਹੋਏ।ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ, ਸਮੂਹ ਸਟਾਫ਼ ਅਤੇ ਵਿਦਿਆਰਥੀ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਕੋਟ ਸੰਤੋਖ਼ ਰਾਏ, ਥੇਹ ਤਿੱਖਾ ਤੇ ਛੋਟੇਪੁਰ 'ਚ 'ਨਸ਼ਾ ਮੁਕਤੀ ਯਾਤਰਾ' ਨੂੰ ਭਰਵਾਂ ਹੁੰਗਾਰਾ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਕੋਟ ਸੰਤੋਖ਼ ਰਾਏ, ਥੇਹ ਤਿੱਖਾ ਅਤੇ ਛੋਟੇਪੁਰ 'ਚ 'ਨਸ਼ਾ ਮੁਕਤੀ ਯਾਤਰਾ' ਦੀ ਸ਼ੁਰੂਆਤ ਕੀਤੀ ਗਈ।'ਨਸ਼ਾ ਮੁਕਤੀ ਯਾਤਰਾ' ਦੀ ਸ਼ੁਰੂਆਤ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ



ਸਿੰਘ ਸੇਖਵਾਂ ਨੇ ਕਿਹਾ ਕਿ ਇਹ ਯਾਤਰਾ ਲੋਕ ਲਹਿਰ ਵਜੋਂ ਉਭਰੇਗੀ।ਪੰਜਾਬ ਸਰਕਾਰ ਦਾ ਇਕੋ-ਇਕ ਉਦੇਸ਼ ਹੈ ਹਰ ਪਿੰਡ, ਹਰ ਘਰ ਨੂੰ ਨਸ਼ਾ ਮੁਕਤ ਕਰਨਾ ਹੈ।ਉਨ੍ਹਾਂ ਇਹ ਵੀ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਬਹੁਤ ਸਾਰਥਿਕ ਨਤੀਜ਼ੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨਾਲ ਮਿਲ ਕੇ ਪੰਜਾਬ ਨੂੰ ਬਰਬਾਦ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚੋਂ ਨਸ਼ਾ ਖਦਮ ਕਰਕੇ ਹੀ ਦਮ ਲਵੇਗੀ।ਉਨ੍ਹਾਂ ਆਮ ਲੋਕਾਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਸ਼ਾਮਲ ਹੋ ਕੇ ਆਪਣਾ ਫਰਜ਼ ਜ਼ਰੂਰ ਨਿਭਾਉਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਉਣ।ਇਸ ਮੌਕੇ ਉਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਨਸ਼ਾ ਮੁਕਤੀ ਮੁਹਿੰਮ ਵਿੱਚ ਸਾਥ ਦੇਣ ਦੀ ਸਹੁੰ ਵੀ ਚੁੱਕਾਈ।ਇਸ ਮੌਕੇ ਐੱਸਡੀਐੱਮ ਮਨਜੀਤ ਸਿੰਘ ਰਾਜਲਾ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੰਜਾਬ 'ਚੋਂ 6ਵੇਂ ਸਥਾਨ 'ਤੇ ਰਹੀ ਜਪਲੀਨ ਕੌਰ ਦਾ ਈਟੀਓ ਵੱਲੋਂ ਸਨਮਾਨ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਤਰਸਿੱਕਾ ਦੀ ਵਿਦਿਆਰਥਣ ਜਪਲੀਨ ਕੌਰ, ਜਿਸਨੇ ਪੰਜਾਬ ਭਰ ਵਿੱਚੋਂ ਬਾਰ੍ਹਵੀਂ ਜਮਾਤ ਵਿਚ ਛੇਵਾਂ



ਸਥਾਨ ਹਾਸਲ ਕੀਤਾ, ਨੂੰ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਸਨਮਾਨਿਤ ਕੀਤਾ ਗਿਆ। ਜਪਲੀਨ ਕੌਰ ਨੇ ਪਲੱਸ ਟੂ ਦੇ ਸਾਇੰਸ ਗਰੁੱਪ ਵਿਚ 500 ਨੰਬਰਾਂ ਵਿਚੋਂ 487 ਨੰਬਰ ਭਾਵ 97.4 ਫੀਸਦੀ ਨੰਬਰ ਹਾਸਲ ਕਰਕੇ ਸੂਬੇ ਵਿਚ ਛੇਵਾਂ ਸਥਾਨ ਹਾਸਲ ਕੀਤਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਦਾ ਹੀ ਨਤੀਜਾ ਹੈ ਕਿ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਕੇ ਸਾਡੇ ਬੱਚੇ ਵੀ ਹੁਣ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਹਿੱਸਾ ਲੈ ਕੇ ਉੱਚੇ ਮੁਕਾਮ ਹਾਸਲ ਕਰਨਗੇ।

# ਮੁਸਲਿਮ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਲੈ ਕੇ ਪ੍ਰਧਾਨ ਗਿੱਲ ਤੇ ਮੁਹੱਬਤ ਮਿਹਰਬਾਨ 'ਚ ਮੀਟਿੰਗ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਮੁਸਲਿਮ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਮੁੱਦੇ 'ਤੇ ਵਿਚਾਰ ਚਰਚਾ ਕਰਨ ਲਈ ਪਿੰਡ ਮੀਆਂਵਿੰਡ ਵਿਖੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਮੁਸਲਿਮ ਲੀਡਰ ਮੁਹੱਬਤ ਮਿਹਰਬਾਨ 'ਚ ਮੀਟਿੰਗ ਹੋਈ।ਮੀਟਿੰਗ 'ਚ ਕਬਰਿਸਤਾਨਾਂ ਲਈ ਪੰਜਾਬ ਭਰ 'ਚ ਮੁਸਲਿਮ ਸਮੁਦਾਇ ਦੀ ਵਸੋਂ ਅਧਾਰਿਤ ਸਰਕਾਰ ਵੱਲੋਂ ਅਲਾਟਮੈਂਟ ਕੀਤੇ ਜਾਣ ਵਾਲੇ ਪਲਾਟਾਂ ਦੇ ਮੁੱਦੇ ਤੇ ਪਿਛਲੀ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨ 'ਚ ਲੋੜੀਂਦੀ ਸੋਧ ਕਰਕੇ ਨੋਟੀਫਿਕੇਸ਼ਨ ਨੂੰ ਨਵੇਂ ਸਿਰਿਓਂ ਜਾਰੀ ਕਰਵਾਉਣ ਲਈ ਸਹਿਮਤੀ ਬਣੀ ।ਸ. ਗਿੱਲ ਨੇ ਦੱਸਿਆ ਕਿ ਇਸ ਹਫਤੇ ਅਸੀਂ ਮੁਸਲਿਮ ਲੀਡਰ ਮੁਹੱਬਤ ਮਿਹਰਬਾਨ ਮੀਆਂਵਿੰਡ ਅਤੇ ਇਸਾਈ ਪ੍ਰਤੀਨਿਧ ਪਾਸਟਰ ਕੁਲਵਿੰਦਰ ਸਿੰਘ ਗਿੱਲ ਜੋਬਨ ਮਸੀਹ ਗੋਤ ਪੋਖਰ ਨੂੰ ਨਾਲ ਲੈ ਕੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲ ਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਲੈਟਰ ਹੈੱਡ ਤੇ ਨੋਟੀਫਿਕੇਸ਼ਨ ਨੂੰ ਸੋਧ ਅਧੀਨ ਲਿਆ ਕੇ ਮੁੜ ਨਵੇਂ ਸਿਰਿਓਂ ਜਾਰੀ ਕਰਨ ਲਈ ਵਿਭਾਗੀ ਕਾਰਵਾਈ ਅਮਲ 'ਚ ਲਿਆਉਣ ਲਈ ਅਪੀਲ ਕਰਾਂਗੇ।ਇਸ ਮੌਕੇ ਪੀਏ ਗੁਰਪ੍ਰੀਤ ਸਿੰਘ ਖਾਲਸਾ, ਚੇਅਰਮੈਨ ਪੰਜਾਬ ਸੰਦੀਪ ਸਿੰਘ. ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ ਅਤੇ ਮਿਲਨ ਗਿੱਲ ਆਦਿ ਹਾਜ਼ਰ ਸਨ।

# ਪਿੰਗਲਵਾੜਾ ਦੀਆਂ ਬੱਚੀਆਂ ਵੱਲੋਂ 10ਵੀਂ ਦੇ ਨਤੀਜਿਆਂ 'ਚ ਬਿਹਤਰੀਨ ਪ੍ਰਦਰਸ਼ਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਕਲਾਸ ਦੇ ਐਲਾਨੇ ਨਤੀਜਿਆਂ ਵਿੱਚ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਉ (ਕੈਨੇਡਾ) ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਦੀ ਦੇਖ ਰੇਖ ਹੇਠ ਚਲਦੇ ਭਗਤ ਪੂਰਨ ਸਿੰਘ ਆਦਰਸ਼ ਸੀਨੀਆਰ ਸੈਕੰਡਰੀ ਸਕੂਲ, ਮਾਨਾਂਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਲੈ ਕੇ ਪਿੰਗਲਵਾੜਾ ਸੰਸਥਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ।ਕਿਰਨਪ੍ਰੀਤ ਕੌਰ, ਨਵਨੀਤ ਕੌਰ ਅਤੇ ਜਸਪ੍ਰੀਤ ਕੌਰ ਨੇ 94.3% ਅੰਕ ਪ੍ਰਾਪਤ ਕਰਕੇ ਪਹਿਲਾ, ਮਹਿਕਪ੍ਰੀਤ ਕੌਰ ਨੇ 94.1% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਅਨੂਪ੍ਰੀਤ ਕੌਰ ਨੇ 94% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ।ਇਸ ਮੌਕੇ ਵਧਾਈ ਦੇਣ ਲਈ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ ਅਤੇ ਰਾਜਬੀਰ ਸਿੰਘ, ਮੈਂਬਰ ਪਿੰਗਲਵਾੜਾ ਸੁਸਾਇਟੀ ਉਚੇਚੇ ਤੌਰ ਤੇ ਸਕੂਲ ਕੈਂਪਸ ਵਿਚ ਪੁੱਜੇ।ਉਨ੍ਹਾਂ ਦੱਸਿਆ ਕਿ ਸਾਰੇ ਵਿਦਿਆਰਥੀ ਬਹੁਤ ਸੋਹਣੇ ਅੰਕ ਲੈ ਕੇ ਪਾਸ ਹੋਏ ਹਨ।ਉਨ੍ਹਾਂ ਦੱਸਿਆ ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਦੀ ਇਕ ਵਿਦਿਆਰਥਣ ਦੀਕਸ਼ਾ ਨੇ ਪੰਜਾਬ ਵਿਚੋਂ 97.08% ਅੰਕ ਲੈ ਕੇ 19ਵੇਂ ਸਥਾਨ ਤੇ ਮੈਰਿਟ ਸੂਚੀ ਵਿਚ ਆਪਣਾ ਨਾਂ ਦਰਜ ਕਰਾਇਆ ਹੈ।ਇਸ ਮੌਕੇ ਯੋਗੇਸ਼ ਸੂਰੀ, ਡਾ. ਅਮਰਜੀਤ ਸਿੰਘ ਗਿੱਲ, ਗੁਰਨਾਇਬ ਸਿੰਘ, ਤੇਜਿੰਦਰਭਾਨ ਸਿੰਘ ਬੇਦੀ, ਤਿਲਕ ਰਾਜ, ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ. ਲਖਵਿੰਦਰ ਕੌਰ ਬੁੱਟਰ ਕਲਾਂ ਸਕੂਲ ਕਾਦੀਆਂ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।

# ਬੰਡਾਲਾ, ਸਫੀਪੁਰ ਤੇ ਜਾਣੀਆ 'ਚ ਕੱਢੀ ਨਸ਼ਾ ਮੁਕਤੀ ਯਾਤਰਾ


ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)

ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਆਪਣੇ ਹਲਕੇ ਜੰਡਿਆਲਾ ਗੁਰੂ ਦੇ ਪਿੰਡ ਬੰਡਾਲਾ, ਜਾਣੀਆ ਅਤੇ ਸਫੀਪੁਰ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਭਾਗ ਲੈਂਦੇ ਹੋਏ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁਟ ਹੋਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਦੀ ਵਿੱਢੀ ਮੁਹਿੰਮ ਤਹਿਤ ਰਾਜ ਭਰ ਦੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਹ ਹੁਣ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਹੀ ਹਟੇਗੀ।ਉਨ੍ਹਾਂ ਕਿਹਾ ਕਿ ਇਹ ਯਾਤਰਾ, ਜੋ ਕਿ ਜਾਗਰੂਕਤਾ ਸਭਾਵਾਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਰਾਹੀਂ ਹਰ ਘਰ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ ਅਤੇ ਲੋਕਾਂ ਦੇ ਸਰਗਰਮ ਸਹਿਯੋਗ ਦੀ ਵੀ ਬੇਹਦ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਜੋਂ ਹੁਣ ਸਰਕਾਰ ਵੱਲੋਂ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਗਈ ਹੈ ਤਾਂ ਕਿ ਪਿੰਡ ਪੱਧਰ ਤੇ ਜਾ ਕੇ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨਾਗਰਿਕਾਂ ਨੂੰ ਜਾਣੂ ਕਰਵਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ, ਪੁਲਸ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਰਗਰਮ ਹਨ ਅਤੇ ਹਰੇਕ ਪੱਖ ਤੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।



# ਨਿਊ ਲਾਈਫ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਰਿਹਾ 100 ਪ੍ਰਤੀਸ਼ਤ

ਚੋਹਲ਼ਾ ਸਾਹਿਬ (ਰਮਨ ਚੱਢਾ)-ਨਿਊ ਲਾਈਫ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ।ਇਸ ਮੌਕੇ ਜਾਣਕਾਰੀ ਦਿੰਦੇ ਪ੍ਰਿੰਸੀਪਲ ਸਰੋਜ ਬਾਲਾ ਨੇ ਦੱਸਿਆ ਕਿ



ਜਮਾਤ ਦਸਵੀਂ ਵਿੱਚੋ ਪ੍ਰਭਗੁਣ ਕੌਰ ਸਪੁੱਤਰੀ ਜਤਿੰਦਰ ਸਿੰਘ ਨੇ 94.5 ਫ਼ੀਸਦੀ, ਸੁਖਬੀਰ ਕੌਰ ਸਪੁੱਤਰੀ ਮਲਕੀਤ ਸਿੰਘ ਨੇ 92.6 ਫ਼ੀਸਦੀ ਅਤੇ ਜੈਸਮੀਨ ਕੌਰ ਸਪੁੱਤਰੀ ਮਨਜੀਤ ਸਿੰਘ ਨੇ 91.3 ਫ਼ੀਸਦੀ ਅੰਕ ਪ੍ਰਾਪਤ ਕਰਕੇ 58 ਵਿਦਿਆਰਥੀਆਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਹੈ।ਸਕੂਲ ਦੇ ਪ੍ਰਿੰਸੀਪਲ ਮੈਡਮ ਸਰੋਜ ਬਾਲਾ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਿਧਾਈ ਦਿੰਦੇ ਹੋਏ ਭਵਿੱਖ ਵਿੱਚ ਵਿਦਿਆਰਥੀਆਂ ਦੀ ਕਾਮਯਾਬੀ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਕਾਮਯਾਬੀ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਸਦਕਾ ਹੈ ਤੇ ਉਨਾਂ ਦੱਸਿਆ ਕਿ ਇਹ ਸਕੂਲ ਪਿਛਲੇ 25 ਸਾਲਾਂ ਤੋਂ ਇਲਾਕੇ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਚੁੱਕਾ ਹੈ, ਕਿਉਂਕਿ ਇਸ ਸੰਸਥਾ ਦੇ ਹਰ ਸਾਲ ਦੇ ਬੇਹਤਰੀਨ ਸਾਲਾਨਾ ਨਤੀਜੇ ਆਉਂਦੇ ਹਨ।ਇਸ ਤੋਂ ਇਲਾਵਾ ਖੇਡਾਂ ਵਿੱਚ ਵੀ ਬੱਚਿਆਂ ਨੇ ਜ਼ੋਨ ਪੱਧਰ ਤੇ ਮੱਲਾਂ ਮਾਰਨਾ, ਅਤੇ ਧਾਰਮਿਕ ਮੁਕਾਬਲਿਆਂ ਵਿੱਚ ਹਮੇਸ਼ਾ ਮੋਹਰੀ ਰਹਿਣਾ, ਇਸ ਦੀ ਪਹਿਚਾਣ ਬਣ ਚੁੱਕੀ ਹੈ।ਇਹ ਸੰਸਥਾ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ।

# ਸ਼ਹੀਦ ਭਾਈ ਫੌਜਾ ਸਿੰਘ ਚੈਰੀਟੇਬਲ ਟਰੱਸਟ ਦੀਆਂ ਵਿਦਿਆਰਥਣਾਂ ਨੇ ਖੱਟਿਆ ਨਾਮਣਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਇੰਦਰਜੀਤ ਸਿੰਘ ਬਾਗੀ ਚੇਅਰਮੈਨ, ਸ. ਰਘੁਬੀਰ ਸਿੰਘ ਜਨਰਲ ਸਕੱਤਰ ਅਤੇ ਟਰੱਸਟੀ ਮੈਂਬਰਾਂ ਦੀ ਪ੍ਰੇਰਨਾ ਉਤਸ਼ਾਹ ਦੇ ਸਹਿਯੋਗ ਸਦਕਾ ਸ਼ਹੀਦ ਭਾਈ ਫੌਜਾ ਸਿੰਘ ਪਬਲਿਕ ਚੈਰੀਟੇਬਲ ਟਰੱਸਟ ਬਟਾਲਾ ਰੋਡ ਵਿਖੇ ਗਰੀਬ ਤੇ ਸ਼ਹੀਦ ਪ੍ਰੀਵਾਰਾਂ ਦੀਆਂ ਪੜ੍ਹਦੀਆਂ ਵਿਦਿਆਰਥਣਾਂ ਨੇ ਆਪਣੀ ਪੜ੍ਹਾਈ ਵਿੱਚ ਮਿਹਨਤ, ਲਗਨ ਦੇ ਜੌਹਰ ਵਿਖਾਏ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ



ਦਸਵੀਂ ਦੇ ਸਾਲਾਨਾ ਇਮਤਿਹਾਨ ਵਿੱਚ ਚੰਗੇ ਅੰਕ ਲੈ ਕੇ ਪਾਸ ਹੋਈਆਂ ਹਨ ਜਿਸ ਵਿੱਚ ਰਵਿੰਦਰ ਕੌਰ (521), ਨੇਹਾ ਕੌਰ (521), ਖੁਸ਼ਪ੍ਰੀਤ ਕੌਰ (483), ਸੁਖਦੀਪ ਕੌਰ (460), ਪੂਜਾ (359), ਮਨਪ੍ਰੀਤ ਕੌਰ ਨੇ 564 ਅੰਕ ਲੈ ਕੇ ਆਪਣੇ ਮਾਪਿਆਂ ਅਤੇ ਟਰੱਸਟ ਦਾ ਨਾਮ ਰੌਸ਼ਨ ਕੀਤਾ ਹੈ।

# ਨਿਤੀਸ਼ ਦੇ ਬਦਲਦੇ ਰੰਗ

*ਸ਼ਹਿਰਾਂ ਤੇ ਸਟੇਸ਼ਨਾਂ ਦੇ ਨਾਂਅ ਬਦਲਣ ਲਈ ਜਾਣੀ ਜਾਂਦੀ ਭਾਜਪਾ ਦੀ ਰਾਹ 'ਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੀ ਚੱਲ ਪਏ ਹਨ। ਉਨ੍ਹਾ ਦੀ ਕੈਬਨਿਟ ਨੇ ਪ੍ਰਾਚੀਨ, ਇਤਿਹਾਸਕ ਤੇ ਧਾਰਮਕ ਮਹੱਤਤਾ ਵਾਲੇ ਸ਼ਹਿਰ ਗਯਾ ਦਾ ਨਾਂਅ ਗਯਾ ਜੀ ਕਰ ਦਿੱਤਾ ਹੈ। ਗਯਾ ਨੂੰ ਪਿੰਡ ਦਾਨ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ ਅਤੇ ਕੁਝ ਲੋਕ ਪਹਿਲਾਂ ਵੀ ਇਸ ਨੂੰ ਗਯਾ ਜੀ ਕਹਿੰਦੇ ਸਨ, ਪਰ ਨਾਂਅ ਬਦਲਣ ਦੀ ਚਰਚਾ ਪਹਿਲਾਂ ਕਦੇ ਨਹੀਂ ਹੋਈ। ਨਿਤੀਸ਼ ਕੁਮਾਰ ਨਿੱਜੀ ਤੌਰ 'ਤੇ ਸ਼ਹਿਰਾਂ ਦੇ ਨਾਂਅ ਬਦਲਣ ਦੇ ਖਿਲਾਫ ਰਹੇ ਹਨ। ਇੱਕ ਵਾਰ ਜਦ ਉਨ੍ਹਾ ਨੂੰ ਬਖਤਿਆਰਪੁਰ ਦਾ ਨਾਂਅ ਬਦਲਣ ਲਈ ਕਿਹਾ ਸੀ ਤਾਂ ਉਹ ਹੱਸ ਕੇ ਟਾਲ ਗਏ ਸਨ, ਪਰ ਹੁਣ ਉਹੀ ਨਿਤੀਸ਼ ਕੁਮਾਰ ਨੂੰ ਆਪਣੀ ਗੱਦੀ ਬਚਾਉਣ ਲਈ ਸੈਕੂਲਰ ਅਕਸ ਦੀ ਓਨੀ ਚਿੰਤਾ ਨਹੀਂ ਲੱਗਦੀ। ਉਹ ਖੁੱਲ੍ਹ ਕੇ ਨਰਮ ਹਿੰਦੂਤਵ 'ਤੇ ਚੱਲ ਰਹੇ ਹਨ। ਕੁਝ ਲੋਕਾਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਉਹ ਅਜਿਹੇ ਲੋਕਾਂ ਵਿੱਚ ਘਿਰ ਗਏ ਹਨ, ਜਿਹੜੇ ਭਾਜਪਾ ਦੇ ਏਜੰਡੇ ਦੇ ਬਹੁਤ ਕਰੀਬ ਹਨ ਤੇ ਉਨ੍ਹਾਂ ਅੱਗੇ ਉਹ ਖੁਦ ਨੂੰ ਬੇਵੱਸ ਮਹਿਸੂਸ ਕਰ ਰਹੇ ਹਨ।*

*ਮਾਹਰ ਗਯਾ ਦਾ ਨਾਂਅ ਗਯਾ ਜੀ ਕਰਨ ਨੂੰ ਸਾਲ ਦੇ ਅਖੀਰ ਵਿੱਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਵਿੱਚ ਹਿੰਦੂਤਵਵਾਦੀ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਚਾਲ ਦੱਸ ਰਹੇ ਹਨ। ਉਨ੍ਹਾਂ ਮੁਤਾਬਕ ਗਯਾ ਦਾ ਨਾਂਅ ਬਦਲਣ ਦੀ ਮੰਗ ਜ਼ੋਰਦਾਰ ਢੰਗ ਨਾਲ ਉਨ੍ਹਾਂ ਪੰਡਿਆਂ ਨੇ ਵੀ ਨਹੀਂ ਚੁੱਕੀ, ਜਿਹੜੇ ਸ਼ਰਧਾ ਨਾਲ ਇਸ ਨੂੰ ਗਯਾ ਜੀ ਕਹਿੰਦੇ ਹਨ। ਐੱਨ ਡੀ ਏ ਸਰਕਾਰ ਵਿੱਚ ਇਸ ਸਮੇਂ ਨਿਤੀਸ਼ ਕੁਮਾਰ ਦੀ ਸਥਿਤੀ ਬਹੁਤ ਕਮਜ਼ੋਰ ਤੇ ਭਾਈਵਾਲ ਭਾਜਪਾ ਦੀ ਸਭ ਤੋਂ ਵੱਧ ਮਜ਼ਬੂਤ ਮੰਨੀ ਜਾ ਰਹੀ ਹੈ। ਲੋਕ ਇਹ ਵੀ ਕਹਿੰਦੇ ਹਨ ਕਿ ਨਿਤੀਸ਼ ਸਰਕਾਰ ਭਾਜਪਾ ਦੇ ਏਜੰਡੇ 'ਤੇ ਹੀ ਚੱਲ ਰਹੀ ਹੈ। ਉੱਪ ਮੁੱਖ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਸਮਰਾਟ ਚੌਧਰੀ ਸੁਲਤਾਨਗੰਜ ਸਟੇਸ਼ਨ ਦਾ ਨਾਂਅ ਬਦਲਣ ਦੀ ਵੀ ਮੰਗ ਕਰ ਚੁੱਕੇ ਹਨ ਤੇ ਹੋ ਸਕਦਾ ਹੈ ਕਿ ਨਾਂਅ ਬਦਲਣ ਦਾ ਸਿਲਸਿਲਾ ਗਯਾ 'ਤੇ ਹੀ ਨਾ ਰੁਕੇ ਅਤੇ ਇਸ ਦੀ ਲਪੇਟ ਵਿੱਚ ਬਖਤਿਆਰਪੁਰ ਵਰਗੇ ਕਈ ਸ਼ਹਿਰ ਆ ਜਾਣ।*

*ਨਿਤੀਸ਼ ਕੁਮਾਰ ਸਰਕਾਰ ਨੇ ਹਾਲ ਹੀ ਦਿਨਾਂ ਵਿੱਚ ਕਈ ਅਜਿਹੇ ਫੈਸਲੇ ਲਏ ਹਨ, ਜਿਹੜੇ ਹਿੰਦੂਤਵੀ ਤਾਕਤਾਂ ਨੂੰ ਖੁਸ਼ ਕਰਨ ਵਾਲੇ ਹਨ। ਸੀਤਾਮੜ੍ਹੀ ਜ਼ਿਲ੍ਹੇ ਵਿੱਚ ਪੁਨੌਰਾ ਵਿੱਚ ਪੁਨੌਰਾ ਧਾਮ ਮੰਦਰ ਦੇ ਵਿਕਾਸ ਲਈ ਸਰਕਾਰ ਨੇ 72 ਕਰੋੜ ਰੁਪਏ ਦਿੱਤੇ ਹਨ। ਪੁਨੌਰਾ ਤੋਂ ਅਯੁੱਧਿਆ ਤਕ ਫੋਰ ਲੇਨ ਬਣਾਉਣ ਦੀ ਯੋਜਨਾ ਵੀ ਪਾਸ ਹੋ ਚੁੱਕੀ ਹੈ ਅਤੇ ਪੁਨੌਰਾ ਨੂੰ ਹੁਣ ਪੁਨੌਰਾ ਧਾਮ ਵੀ ਕਿਹਾ ਜਾਣ ਲੱਗਿਆ ਹੈ।*

## ਪੰਜਾਬੀਓ ! ਬਚਾ ਲਓ ਆਪਣਾ ਸੋਹਣਾ ਪੰਜਾਬ

ਨਸ਼ਿਆਂ ਨੇ ਪੰਜਾਬ ਖਤਮ ਕਰ ਦਿੱਤਾ ਹੈ।ਪੰਜਾਬ ਦੀ ਜਵਾਨੀ ਦਾ ਸੱਤਿਆਨਾਸ਼ ਹੋ ਰਿਹਾ ਹੈ । ਹਰ ਰੋਜ਼ ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਹੋ ਰਹੀਆਂ ਹਨ । ਹਲਕੀ ਉਮਰ ਦੇ ਨੌਜਵਾਨ ਟੀਕੇ ਲਗਾ ਰਹੇ ਹਨ। ਕਿੱਧਰ ਨੂੰ ਨੌਜਵਾਨ ਪੀੜ੍ਹੀ ਜਾ ਰਹੀ ਹੈ। ਚਿੱਟੇ ਨੇ ਤਾਂ ਨੌਜਵਾਨੀ ਖ਼ਤਮ ਕਰ ਦਿੱਤੀ ਹੈ । ਕੋਈ ਦਿਨ ਹੀ ਅਜਿਹਾ ਵਿਰਲਾ ਹੋਣਾ, ਜਿਸ ਦਿਨ ਅਖ਼ਬਾਰ ਵਿੱਚ ਖਬਰ ਨਾ ਛਪੇ ਕਿ ਕੋਈ ਨੌਜਵਾਨ ਚਿੱਟੇ ਨਾਲ ਮਰਿਆ । ਹਰ ਰੋਜ਼ ਦੋ ਤੋਂ ਚਾਰ ਮੌਤਾਂ ਲਗਾਤਾਰ ਚਿੱਟੇ ਕਾਰਨ ਵਧ ਰਹੀਆਂ ਹਨ। ਗੁਆਂਢੀ ਸਰਹੱਦ ਪਾਕਿਸਤਾਨ ਤੋਂ ਡਰੋਨਾ ਰਾਹੀਂ ਨਸ਼ਿਆਂ ਦੀ ਸਪਲਾਈ ਹੋ ਰਹੀ ਹੈ । ਮੌਜੂਦਾ ਸਰਕਾਰ ਵੱਲੋਂ ਸਰਚ ਅਪਰੇਸ਼ਨ ਵੀ ਚਲਾਇਆ ਗਿਆ । ਵੱਡੇ-ਵੱਡੇ ਨਸ਼ੇੜੀਆਂ ਨੂੰ ਫੜਿਆ ਵੀ ਜਾ ਰਿਹਾ ਹੈ, ਪਰ ਫਿਰ ਵੀ ਨਸ਼ਾ ਨਹੀਂ ਰੁਕ ਰਿਹਾ । ਕੁੜੀਆਂ ਵੀ ਹੁਣ ਤਾਂ ਇਸ ਦੀ ਆਦੀ ਹੋ ਚੁੱਕੀਆਂ ਹਨ। ਜਦੋਂ ਨਸ਼ੇੜੀਆਂ ਨੂੰ ਨਸ਼ਾ ਨਹੀਂ ਮਿਲਦਾ ਤਾਂ ਉਹ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ।ਕਈ ਅਜਿਹੀਆਂ ਘਟਨਾਵਾਂ ਵੀ ਵਾਪਰੀਆਂ, ਜਿਨ੍ਹਾਂ ਨੇ ਦਿਲ ਕੰਬਾ ਦਿੱਤਾ। ਜੇ ਮਾਂ-ਪਿਓ ਨਸ਼ਾ ਕਰਨ ਲਈ ਨੌਜਵਾਨਾਂ ਨੂੰ ਪੈਸੇ ਨਹੀਂ ਦਿੰਦੇ ਤਾਂ ਉਹਨਾਂ ਨੂੰ ਹੀ ਮਾਰ ਦਿੱਤਾ ਜਾ ਰਿਹਾ ਹੈ। ਘਰ ਦਾ ਸਮਾਨ ਤੱਕ ਵੇਚ ਦਿੱਤਾ ਜਾਂਦਾ ਹੈ ।ਦੁਖੀ ਹੋਏ ਮਾਂ ਬਾਪ ਇਹੀ ਕਹਿੰਦੇ ਹਨ ਕਿ ਰੋਜ਼ ਨਾਲੋਂ ਮਰਨਾ ਤਾਂ ਚੰਗਾ ਹੈ ਕਿ ਅੱਜ ਹੀ ਮਰ ਜਾਏ, ਸਾਨੂੰ ਕੋਈ ਫਰਕ ਨਹੀਂ ।ਤਸੀਹੇ ਦਿੱਤੇ ਜਾਂਦੇ ਹਨ ਅਜਿਹੇ ਨਸ਼ੇੜੀ ਨੌਜਵਾਨਾਂ ਵੱਲੋਂ। ਬਜ਼ੁਰਗਾਂ ਦੀ ਬੇਕਦਰੀ ਹੋ ਰਹੀ ਹੈ।ਖੁਦਕੁਸ਼ੀਆਂ ਦਾ ਰੁਝਾਨ ਦਿਨ ਪ੍ਰਤੀ ਦਿਨ ਵਧ ਰਿਹਾ ਹੈ। ਹਾਲ ਹੀ ਵਿੱਚ ਬੋਰਡ ਪ੍ਰੀਖਿਆਵਾਂ ਦੇ ਨਤੀਜੇ ਘੋਸ਼ਿਤ ਕੀਤੇ ਗਏ। ਅਖਬਾਰਾਂ ਵਿੱਚ ਅਜਿਹੀਆਂ ਖਬਰਾਂ ਪੜ੍ਹੀਆਂ ਗਈਆਂ, ਜਿਨ੍ਹਾਂ ਨੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ । ਮਾਂ-ਬਾਪ ਦੇ ਡਰ ਤੋਂ ਘੱਟ ਨੰਬਰ ਆਉਣ ਕਰਕੇ ਕਿਸੇ ਨੇ ਸਲਫ਼ਾਸ ਖਾ ਲਿੱਤੀ, ਕਿਸੇ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ । 16 ਤੋਂ 18 ਸਾਲ ਦੇ ਨੌਜਵਾਨ ਮੁੰਡੇ, ਕੁੜੀਆਂ ਅਜਿਹਾ ਕਾਰਾ ਕਰ ਰਹੇ ਹਨ । ਮਾਂ-ਬਾਪ ਦਾ ਵੀ ਬੱਚਿਆਂ 'ਤੇ ਬਹੁਤ ਪ੍ਰੈਸ਼ਰ ਹੁੰਦਾ ਹੈ ਕਿ ਤੇਰੇ ਵਧੀਆ ਨੰਬਰ ਆਉਣੇ ਚਾਹੀਦੇ ਹਨ ।ਬੱਚੇ ਡਰ ਜਾਂਦੇ ਹਨ।ਹਰ ਰੋਜ਼ ਕੋਈ ਨਾ ਕੋਈ ਨੌਜਵਾਨ ਖੁਦਕੁਸ਼ੀ ਕਰ ਰਿਹਾ ਹੈ। ਕੋਈ ਜ਼ਹਿਰ ਖਾ ਕੇ ਜਾਂ ਕੋਈ ਫਾਹਾ ਲੈ ਕੇ ਜਾਂ ਕੋਈ ਕੁਝ ਹੋਰ ਕਰਕੇ ।ਖੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ। ਜਦੋਂ ਕੋਈ ਵਿਅਕਤੀ ਅਜਿਹਾ ਕਦਮ ਚੁੱਕਦਾ ਹੈ ਤਾਂ ਪਰੇਸ਼ਾਨੀ ਪਿਛਲਿਆਂ ਨੂੰ ਬਹੁਤ ਹੁੰਦੀ ਹੈ। ਜ਼ਿੰਦਗੀ ਸੰਘਰਸ਼ ਹੈ, ਸੰਘਰਸ਼ ਕਰਦੇ-ਕਰਦੇ ਹੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਇਆ ਜਾ ਸਕਦਾ ਹੈ। ਜਦੋਂ ਕੋਈ ਸਮੱਸਿਆ ਆ ਜਾਂਦੀ ਹੈ ਤਾਂ ਉਸ ਦਾ ਹੱਲ ਵੀ ਨਿਕਲ ਜਾਂਦਾ ਹੈ। ਘਬਰਾਉਣਾ ਨਹੀਂ ਚਾਹੀਦਾ । ਜੋ ਸਾਡਾ ਦਿਲੋਂ ਕਰੀਬੀ ਮਿੱਤਰ ਹੈ, ਉਸ ਨਾਲ ਸਾਂਝੀ ਕਰੋ। ਸਕੂਨ ਵਾਲੀ ਥਾਂ 'ਤੇ ਜਾਓ। ਜੋ ਆਵਾਰਾ ਬੱਚੇ ਹੁੰਦੇ ਹਨ, ਉਹ ਪ੍ਰੀਖਿਆਵਾਂ ਵਿੱਚ ਪਾਸ ਨਹੀਂ ਹੋ ਪਾਉਂਦੇ, ਕਿਉਂਕਿ ਉਨ੍ਹਾਂ ਨੇ ਵੇਲੇ ਸਿਰ ਪੜ੍ਹਾਈ ਨਹੀਂ ਕੀਤੀ ਹੁੰਦੀ ,ਫਿਰ ਸ਼ਰਮ ਕਰਕੇ ਅਜਿਹਾ ਕਦਮ ਚੁੱਕ ਲੈਂਦੇ ਹਨ। ਮਹਿੰਗਾਈ ਦਾ ਦੌਰ ਹੈ। ਆਪਣੇ ਖਰਚਿਆਂ 'ਤੇ ਕੰਟਰੋਲ ਕਰਨਾ ਚਾਹੀਦਾ ਹੈ। ਸਿਆਣੇ ਅਕਸਰ ਕਹਿੰਦੇ ਹਨ ਕਿ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ ।ਜਿੰਨਾ ਤੁਹਾਡੇ ਕੋਲ ਹੈ, ਉਸ ਵਿੱਚ ਸਬਰ ਕਰਨਾ ਚਾਹੀਦਾ ਹੈ। ਜਦੋਂ ਅਸੀਂ ਬੇਲੋੜੇ ਖਰਚੇ ਵਧਾ ਲੈਂਦੇ ਹਨ ਤਾਂ ਸਾਡੀਆਂ ਲੋੜਾਂ ਪੂਰੀਆਂ ਨਹੀਂ ਹੁੰਦੀ ਤਾਂ ਫਿਰ ਅਸੀਂ ਅਜਿਹਾ ਗ਼ਲਤ ਕਦਮ ਚੁੱਕ ਲੈਂਦੇ ਹਾਂ ।

ਪੰਜਾਬ ਦਾ 40 ਫ਼ੀਸਦੀ ਪਾਣੀ ਖਰਾਬ ਹੋ ਚੁੱਕਾ ਹੈ। ਮਾਲਵਾ ਖੇਤਰ ਕੈਂਸਰ ਦੀ ਮਾਰ ਹੇਠ ਹੈ। ਹਰ ਰੋਜ਼ ਕੈਂਸਰ ਨਾਲ ਕਈ ਮੌਤਾਂ ਹੋ ਰਹੀਆਂ ਹਨ, ਜੋ ਗੰਗਾਨਗਰ ਹਸਪਤਾਲ ਰੇਲ ਗੱਡੀ ਜਾਂਦੀ ਹੈ, ਉਸ ਦਾ ਨਾਂਅ ਕੈਂਸਰ ਐਕਸਪ੍ਰੈਸ ਰੱਖਿਆ ਹੋਇਆ ਹੈ ।ਪਿੱਛੇ ਜਿਹੇ ਰਾਜਪੁਰਾ ਵਿਖੇ ਇੱਕ ਫੈਕਟਰੀ ਵਿੱਚੋਂ ਗੰਦੇ ਪਾਣੀ ਦਾ ਟੈਂਕਰ ਨਿਕਲਿਆ, ਜੋ ਫੜਿਆ ਗਿਆ ਸੀ। ਪ੍ਰਦੂਸ਼ਣ ਵਿਭਾਗ ਵੱਲੋਂ ਕਈ ਫੈਕਟਰੀਆਂ ਦੀ ਚੈਕਿੰਗ ਵੀ ਕੀਤੀ ਗਈ,ਜਿੱਥੇ ਗੰਦੇ ਪਾਣੀ ਨੂੰ ਬੋਰਾਂ ਰਾਹੀਂ ਧਰਤੀ ਹੇਠ ਸੁੱਟਿਆ ਜਾ ਰਿਹਾ ਹੈ । ਜਦੋਂ ਕੋਰੋਨਾ ਨੇ ਭਾਰਤ ਵਿੱਚ ਦਸਤਕ ਦਿੱਤੀ ਸੀ ਤਾਂ ਦਰਿਆ ਤੱਕ ਸਾਫ-ਸੁਥਰੇ ਹੋ ਚੁੱਕੇ ਸਨ। ਗੁਰੂਆਂ-ਪੀਰਾਂ ਦੀ ਧਰਤੀ ਪੰਜਾਬ ਨੂੰ ਅੱਜ ਕਿਸ ਨੇ ਦਾਗ਼ ਲਗਾ ਦਿੱਤਾ ਹੈ। ਜੋ ਵੀ ਕੋਈ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਹੈ, ਘਟੀਆਂ ਹਰਕਤਾਂ ਨੂੰ ਅੰਜਾਮ ਦਿੰਦਾ ਹੈ, ਉਸ ਖ਼ਿਲਾਫ਼ ਪੁਲਸ ਵੱਲੋਂ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਕੋਈ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦੇਣ ਲਈ 100 ਵਾਰ ਸੋਚੇ। ਸਾਡੀ ਸਾਰਿਆਂ ਦੀ ਹੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੇ ਸੋਹਣੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ ਹੈ।

-**ਸੰਜੀਵ ਸਿੰਘ ਸੈਣੀ**, ਮੋਹਾਲੀ, ਸੰਪਰਕ : 78889-66168

# ਬਹੁ-ਪੱਖੀ ਚਿੰਤਕ ਸ਼ਹੀਦ ਡਾ. ਰਵਿੰਦਰ ਰਵੀ

**ਡਾ. ਗੁਲਜ਼ਾਰ ਸਿੰਘ ਪੰਧੇਰ**

ਡਾ. ਰਵਿੰਦਰ ਰਵੀ ਐਤਕੀਂ ਜੁਲਾਈ ਵਿੱਚ 82 ਵਰ੍ਹਿਆਂ ਦੇ ਹੋਣੇ ਸੀ। ਉਹਨਾਂ ਦੀ ਜਨਮ ਮਿਤੀ 15 ਜੁਲਾਈ 1942 ਹੈ। 1989 ਦੀ 19 ਮਈ ਨੂੰ ਪੰਜਾਬ ਸੰਕਟ ਸਮੇਂ ਉਹਨਾਂ ਦੀ ਲੋਕ-ਪੱਖੀ ਸਮਝ ਕਾਰਨ ਉਨ੍ਹਾਂ ਨੂੰ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ ਸੀ । ਪੰਜਾਬ ਸੰਕਟ ਦੇ ਕਾਲੇ ਦਿਨਾਂ ਵਿੱਚ ਖਾਲਿਸਤਾਨ ਮੰਗਦੇ ਦਹਿਸ਼ਤ-ਪਸੰਦਾਂ ਨੇ ਬਹੁਤ ਸਾਰੇ ਰਾਜਨੀਤਕ ਨੇਤਾਵਾਂ, ਸਾਹਿਤਕ ਸ਼ਖਸੀਅਤਾਂ ਅਤੇ ਆਮ ਲੋਕਾਂ ਨੂੰ ਵਿਚਾਰਾਂ ਦੇ ਵਿਰੋਧ ਕਾਰਨ ਸ਼ਹੀਦ ਕਰ ਦਿੱਤਾ। ਪ੍ਰੀਤਲੜੀ ਮੈਗਜ਼ੀਨ ਦੇ ਸੰਪਾਦਕ ਸੁਮੀਤ ਸਿੰਘ ਤੋਂ ਲੈ ਕੇ ਡਾ. ਰਵਿੰਦਰ ਰਵੀ ਤੱਕ ਉਹਨਾ ਸਾਹਿਤਕ ਕਾਮਿਆਂ ਦੀ ਲੰਮੀ ਕਤਾਰ ਹੈ । ਡਾ. ਰਵਿੰਦਰ ਰਵੀ ਨੂੰ 19 ਮਈ 1989 ਨੂੰ ਉਨ੍ਹਾ ਦੇ ਘਰੋਂ ਧੋਖੇ ਨਾਲ ਬੁਲਾ ਕੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ । ਡਾ. ਰਵੀ ਜੀ ਤੋਂ ਪਹਿਲਾਂ 14 ਮਈ ਨੂੰ ਇਹਨਾਂ ਦੇ ਜੱਦੀ ਪਿੰਡ ਕਿਲ੍ਹਾ ਹਾਂਸ ਲਾਗੇ ਲੁਧਿਆਣਾ ਜ਼ਿਲ੍ਹੇ ਦੇ ਹੀ ਪਿੰਡ ਪੰਧੇਰ ਖੇੜੀ ਵਿੱਚ ਸਾਥੀ ਗੁਰਮੇਲ ਹੁੰਝਣ ਅਤੇ ਉਸ ਦੇ ਅੰਗ ਰੱਖਿਅਕ ਜੁਗਿੰਦਰ ਸਿੰਘ ਨੂੰ ਵੀ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਸੀ। ਇਹਨਾਂ ਦੋਹਾਂ ਦੀ ਵਿਚਾਰਧਾਰਕ ਨੇੜਤਾ ਸੀ ਅਤੇ ਮੇਰੀ ਦੋਹਾਂ ਨਾਲ ਨੇੜਤਾ ਸੀ। ਡਾ. ਰਵੀ ਨਾਲ ਤਾਂ ਮੈਂ ਪੀ. ਐੱਚ ਡੀ. ਕਰ ਰਿਹਾ ਸੀ।

ਡਾ. ਰਵੀ ਦੀ ਸ਼ਹਾਦਤ ਤੋਂ ਬਾਅਦ ਇਕ ਕਿਤਾਬਚਾ ਲੋਕਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਨੇ ਛਾਪਿਆ ਸੀ ਜਿਸ ਦਾ ਨਾਮ ਸੀ 'ਸੂਰਜ ਕਦੇ ਮਰਦਾ ਨਹੀਂ' । ਇਸ ਵਿੱਚ ਰਵੀ ਜੀ ਦੇ ਸਮਕਾਲੀ ਚਿੰਤਕਾਂ, ਮਿੱਤਰਾਂ ਆਦਿ ਦੇ ਵਿਚਾਰ ਅੰਕਿਤ ਸਨ । ਉੱਘੇ ਅਲੋਚਕ ਡਾ. ਹਰਭਜਨ ਸਿੰਘ ਭਾਟੀਆ ਨੇ ਵੀ ਇਕ ਪੁਸਤਕ ਡਾ. ਰਵਿੰਦਰ ਰਵੀ ਦਾ ਚਿੰਤਨ ਸ਼ਾਸਤਰ ਸਿਰਲੇਖ ਹੇਠ 21 ਖੋਜ ਪੱਤਰਾਂ ਨੂੰ ਸੁਚੱਜੀ ਤਰਤੀਬ ਦੇ ਕੇ ਛਾਪਿਆ ਹੈ।ਉਨ੍ਹਾਂ ਦੇ ਜੀਵਨ ਸਰਗਰਮੀਆਂ ਅਤੇ ਅਲੋਚਨਾ ਸਬੰਧੀ ਡਾ. ਤੇਜਵੰਤ ਗਿੱਲ, ਸੁਤਿੰਦਰ ਸਿੰਘ ਨੂਰ, ਡਾ. ਸੁਰਜੀਤ ਭੱਟੀ , ਡਾ. ਹਰਭਜਨ ਸਿੰਘ ਭਾਟੀਆ, ਡਾ. ਕਰਨਜੀਤ ਸਿੰਘ, ਡਾ. ਜਗਬੀਰ ਸਿੰਘ, ਡਾ. ਸੁਰਿੰਦਰ ਦਵੇਸ਼ਵਰ ਆਦਿ ਨੇ ਵਿਸਤਰਿਤ ਪੇਪਰ ਲਿਖੇ ਹਨ ।

ਡਾ. ਰਵੀ ਇਕੋ ਸਮੇਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਚੁਣੇ ਹੋਏ ਫੈਲੋ, ਕੇਂਦਰੀ ਪੰਜਾਬੀ ਲੇਖਕ ਸਭਾ ਰਜਿ.ਦੇ ਜਨਰਲ ਸਕੱਤਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਧਿਆਪਕ ਜੱਥੇਬੰਦੀ ਦੇ ਮੂਹਰਲੀ ਕਤਾਰ ਦੇ ਆਗੂ ਸਨ । ਇਸ ਸਾਰੇ ਦੇ ਨਾਲ ਉਹ ਸਭ ਤੋਂ ਪਹਿਲਾਂ ਇੱਕ ਸੁਹਿਰਦ ਅਧਿਆਪਕ ਸਨ । ਅਧਿਆਪਨ ਕਾਰਜ ਉਹ ਖੁਦ ਡੂੰਘਾ ਅਧਿਐਨ ਕਰਕੇ ਕਰਦੇ ਸਨ । ਮੈਂ ਉਹਨਾ ਪਾਸ ਦੋ ਚਾਰ ਵਾਰ ਰਾਤ ਰੁਕਿਆ ਤਾਂ ਮੈਂ ਆਪਣੇ ਸੌਣ ਅਤੇ ਜਾਗਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਪੜ੍ਹਨ -ਮੇਜ਼ 'ਤੇ ਹੀ ਵੇਖਿਆ ਸੀ ।ਉਚੇਰੀ ਸਿੱਖਿਆ ਦੇ ਵਿਦਿਆਰਥੀ ਉਹਨਾਂ ਦੇ ਕਲਾਸ ਨੋਟਿਸ ਸਾਰੇ ਪੰਜਾਬ ਵਿੱਚ ਲੱਭ-ਲੱਭ ਕੇ ਪੜ੍ਹਦੇ ਸਨ । ਉਹਨਾ ਵਿਦਿਆਰਥੀ ਲਹਿਰ ਵਿੱਚ ਕੰਮ ਕਰਦੇ ਡਾ. ਤਾਰਾ ਸਿੰਘ ਸੰਧੂ ਵਰਗੇ ਵਿਦਿਆਰਥੀਆਂ ਨੂੰ ਡਾਕਟਰੇਟ ਕਰਵਾਈ । ਡਾ. ਸੁਰਜੀਤ ਸਿੰਘ ਭੱਟੀ ਅਤੇ ਡਾ. ਸਰਬਜੀਤ ਸਿੰਘ ਵਰਗੇ ਉਹਨਾਂ ਦੇ ਵਿਦਿਆਰਥੀ ਸਾਡੇ ਸਮਿਆਂ ਵਿੱਚ ਉੱਘੇ ਚਿੰਤਕ ਹਨ ।ਬਲਦੇਵ ਸਿੰਘ ਧਾਲੀਵਾਲ ਵਰਗੇ ਉਹਨਾ ਦੇ ਵਿਦਿਆਰਥੀ ਨਹੀਂ ਸਨ, ਪਰ ਉਹਨਾਂ ਨੂੰ ਅਧਿਆਪਕ ਦਾ ਫਰਜ਼ ਨਿਭਾਣ ਲਈ ਉਹ ਪੰਜਾਬਯੂਨੀਵਰਸਿਟੀ ਚੰਡੀਗੜ੍ਹ ਦੇ ਹੋਸਟਲ ਵਿੱਚ ਪਹੁੰਚ ਗਏ ਸੀ ।ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਨੇਟ ਦੇ ਮੈਂਬਰ ਹੋਣ ਕਰਕੇ ਅਤੇ ਕੇਂਦਰੀ ਸਭਾ ਦੇ ਰੁਝੇਵੇਂ ਕਰਕੇ ਬਾਹਰ ਜਾਣਾ ਪੈਂਦਾ ਸੀ ਪਰ ਉਹ ਇਸ ਗੱਲ ਲਈ ਜਾਣੇ ਜਾਂਦੇ ਸਨ ਕਿ ਉਹ ਆਪਣੀ ਕਲਾਸ ਮਿਸ ਨਹੀਂ ਕਰਦੇ ਸਨ । ਵਿਦਿਆਰਥੀਆਂ ਵਿੱਚ ਮੋਹ ਨਾਲ ਵਿਚਰਨ ਅਤੇ ਬੋਲਬਾਣੀ ਕਾਰਨ ਬਹੁਤ ਸਤਿਕਾਰੇ ਜਾਂਦੇ ਸਨ। ਪੰਜਾਬ ਸੰਕਟ ਦੇ ਦਿਨਾਂ ਵਿੱਚ ਸ਼ਹਾਦਤ ਤੋਂ ਕੁਝ ਦੇਰ ਪਹਿਲਾਂ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਸਟਲਾਂ ਵਿੱਚ ਇਕ ਵਿਚਾਰਧਾਰਕ ਲੈਕਚਰ ਲੜੀ ਵੀ ਸ਼ੁਰੂ ਕੀਤੀ ਸੀ । ਡਾ. ਰਵੀ ਨੇ ਆਪ ਡਾਕਟਰੇਟ ਰਾਮ ਕਾਵਿ ਤੇ ਖੋਜ ਕਰਦਿਆਂ ਡਾ. ਰਤਨ ਸਿੰਘ ਜੱਗੀ ਦੀ ਅਗਵਾਈ ਵਿੱਚ ਕੀਤੀ ਅਤੇ ਰਾਮ ਕਾਵਿ ਦੇ ਧਰਮ ਨਿਰਪੱਖ ਖਾਸੇ ਨੂੰ ਖੋਜਿਆ । ਅਜੋਕੀਆਂ ਹਾਲਤਾਂ ਵਿੱਚ ਇਹ ਹੋਰ ਵੀ ਵਧੇਰੇ ਪ੍ਰਸੰਗਿਕ ਹੈ। ਉਹਨਾਂ ਦਾ ਪੰਜਾਬੀ ਖੋਜ ਪ੍ਰਬੰਧ ਇਹ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਦਾ ਪਹਿਲਾ ਖੋਜ ਪ੍ਰਬੰਧ ਸੀ। ਉਹਨਾਂ ਦੀਆਂ ਚਾਰ ਅਲੋਚਨਾ ਪੁਸਤਕਾਂ ; ਪੰਜਾਬੀ ਰਾਮ ਕਾਵਿ, ਅਮਰੀਕਾ ਦੀਆਂ ਨਵੀਨ ਅਲੋਚਨਾ ਪ੍ਰਣਾਲੀਆਂ, ਵਿਰਸਾ ਤੇ ਵਰਤਮਾਨ ਅਤੇ ਰਵੀ ਚੇਤਨਾ ਉਹਨਾ ਦੀ ਸ਼ਹੀਦੀ ਤੋਂ ਬਾਅਦ ਡਾ. ਗੁਰਚਰਨ ਸਿੰਘ ਅਰਸ਼ੀ ਨੇ ਸੰਪਾਦਤ ਕੀਤੀ । ਉਹਨਾ ਦੁਆਰਾ ਸੰਪਾਦਤ ਇਕ ਪੁਸਤਕ 'ਪ੍ਰਗਤੀਵਾਦ ਅਤੇ ਪੰਜਾਬੀ ਸਾਹਿਤ' ਵੀ ਮਿਲਦੀ ਹੈ, ਜੋ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਬਰਨਾਲਾ ਵਿਖੇ ਕਰਵਾਏ ਸੈਮੀਨਾਰ ਦੀ ਸੰਪਾਦਨਾ ਹੈ।ਬਰਨਾਲੇ ਦੀ ਸਾਹਿਤਕ ਲਹਿਰ ਦੀ ਵੀ ਇਹ ਗਿਣਨਯੋਗ ਪ੍ਰਾਪਤੀ ਹੈ। ਉਸ ਸਮੇਂ ਲਿਖਾਰੀ ਸਭਾ ਬਰਨਾਲਾ ਦੇ ਪ੍ਰਧਾਨ ਓਮ ਪ੍ਰਕਾਸ਼ ਗਾਸੋ ਅਤੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਸਨ । ਇਹਨਾ ਪੁਸਤਕਾਂ ਦਾ ਸਮੁੱਚਾ ਅਧਿਐਨ ਸਾਨੂੰ ਡਾ. ਰਵੀ ਦਾ ਪੰਜਾਬੀ ਅਲੋਚਨਾ ਵਿੱਚ ਸਥਾਨ ਨਿਸ਼ਚਤ ਕਰਨ ਵਿੱਚ ਸਹਾਇਤਾ ਕਰਦਾ ਹੈ । ਡਾ. ਰਵੀ ਮੁਢਲੇ ਰੂਪ ਵਿੱਚ ਭਾਰਤੀ ਕਮਿਊਨਿਸਟ ਲਹਿਰ ਅਤੇ ਮਾਰਕਸਵਾਦ ਤੋਂ ਪ੍ਰਭਾਵਿਤ ਸਨ। ਉਹ ਅੰਤਮ ਸਮੇਂ ਤੱਕ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਅਤੇ ਆਗੂ ਰਹੇ । ਉਨ੍ਹਾਂ ਸੰਸਾਰ ਕਮਿਊਨਿਸਟ ਲਹਿਰ ਦਾ



ਗਹਿਰਾ ਅਧਿਐਨ ਕੀਤਾ ਅਤੇ ਇਸ ਕਾਰਜ ਲਈ ਸੋਵੀਅਤ ਯੂਨੀਅਨ ਗਏ।ਉਹਨਾ ਸੰਸਾਰ ਪ੍ਰਸਿੱਧ ਅਲੋਚਕਾਂ ਨੂੰ ਨਿੱਠ ਕੇ ਵਾਚਿਆ ਤੇ ਰੋਲਾਂ ਬਾਰਤ ਵਰਗੇ ਚਿੰਤਕਾਂ ਦੇ ਗੁੰਝਲਦਾਰ ਅਤੇ ਬਾਰੀਕ ਸੰਕਲਪਾਂ ਨੂੰ ਸਮਝਦਿਆਂ ਉਸ ਨੂੰ ਲੋਕਪੱਖੀ ਦ੍ਰਿਸ਼ਟੀਕੋਨ ਤੋਂ ਵਾਚਿਆ। ਸਾਹਿਤ ਅਧਿਐਨ ਲਈ ਉਹਨਾ ਪਿਛੋਕੜ ਦੇ ਮਹੱਤਵ ਨੂੰ ਪਛਾਣਿਆ ਅਤੇ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸੰਦਰਭ ਵਿੱਚ ਸੱਭਿਆਚਾਰਕ ਵਿਕਾਸ ਅਤੇ ਸਮਾਜਿਕ, ਆਰਥਿਕ ਵਿਕਾਸ ਨੂੰ ਧਿਆਨ ਗੋਚਰੇ ਰੱਖਦਿਆਂ ਇਤਿਹਾਸਕ ਦਵੰਦਵਾਦੀ ਪ੍ਰਸੰਸਾ ਦੀ ਸਾਮਿਅਕ ਮਹੱਤਤਾ 'ਤੇ ਜ਼ੋਰ ਦਿੱਤਾ।ਉਹ ਭਾਰਤੀ ਅਤੇ ਪੱਛਮੀ ਚਿੰਤਨ ਨੂੰ ਸਾਡੀਆਂ ਆਪਣੀਆਂ ਵਿਸ਼ੇਸ਼ ਸਭਿਆਚਾਰਕ ਸਥਿਤੀਆਂ ਅਨੁਸਾਰ ਸਮਝਣ ਦੇ ਮੁਦੱਈ ਸਨ । ਮੱਧਕਾਲੀ ਸਾਹਿਤ ਦਾ ਅਧਿਐਨ ਕਰਦਿਆਂ ਉਹਨਾਂ ਕਿਸ਼ਨ ਸਿੰਘ ਦੀ ਤਰ੍ਹਾਂ ਇਸ ਨੂੰ ਮਹਾਨ ਅਤੇ ਇਨਕਲਾਬੀ ਸਾਹਿਤ ਪ੍ਰਵਾਨਿਆ।ਆਧੁਨਿਕ ਪੰਜਾਬੀ ਸਾਹਿਤ ਨੂੰ ਮਾਰਕਸਵਾਦੀ ਤਰਲਤਾ ਅਧੀਨ ਅੰਤਰ ਅਨੁਸ਼ਾਸਨੀ ਵਿਧੀ ਅਪਣਾ ਕੇ ਆਧੁਨਿਕ ਸੰਦਰਭਾਂ, ਵਿਚਾਰਧਾਰਕ ਪ੍ਰਸੰਗਾਂ, ਵਿਸ਼ਵ ਦ੍ਰਿਸ਼ਟੀਕੋਣ ਅਤੇ ਸੁਹਜ ਜੁਗਤਾਂ ਦੇ ਸੰਦਰਭ ਵਿੱਚ ਵਿਚਾਰਿਆ । ਬਹੁਚਰਚਿਤ ਪੁਸਤਕ 'ਵਿਰਸਾ ਅਤੇ ਵਰਤਮਾਨ' ਵਿੱਚ ਉਨ੍ਹਾਂ ਸਮੁੱਚੀ ਵਿਚਾਰਧਾਰਕ ਵਿਕਾਸ ਪ੍ਰਕਿਰਿਆ ਨੂੰ ਵਿਚਾਰਦਿਆਂ ਪੰਜਾਬੀ ਭਾਸ਼ਾ ਦੀ ਦਿਸ਼ਾ ਤੇ ਦਸ਼ਾ ਤੋਂ ਸ਼ੁਰੂ ਹੋ ਕੇ ਸੱਭਿਆਚਾਰ ਅਤੇ ਉਸ ਦੇ ਅੰਦਰਲੀ ਤਬਦੀਲੀ ਅਤੇ ਸੱਭਿਆਚਾਰ ਦੇ ਸਹਿਜ ਸ਼ਾਸਤਰ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਇਆ । ਪੱਛਮੀ ਚਿੰਤਕਾਂ ਤੇ ਖਾਸ ਕਰਕੇ ਰੋਲਾਂ ਬਾਰਤ ਨਾਲ ਸੰਵਾਦ ਰਚਾਉਂਦਿਆਂ ਪੰਜਾਬੀ ਚਿੰਤਨ ਦੇ ਨਵੇਂ ਨਕਸ਼ ਉਭਾਰੇ । ਇਸ ਤੋਂ ਪਹਿਲਾਂ ਅਮਰੀਕਾ ਦੀ ਨਵੀਨ ਅਲੋਚਨਾ ਪ੍ਰਣਾਲੀ ਅਤੇ ਰਾਮ ਕਾਵਿ ਦੇ ਅਧਿਐਨ ਨਾਲ ਉਹ ਸਾਡੀ ਭਾਰਤੀ ਅਤੇ ਪੱਛਮੀ ਪਹੁੰਚ ਨਾਲ ਡੂੰਘੀ ਸਾਂਝ ਪੁਆ ਚੁੱਕੇ ਸਨ । ਡਾ. ਰਵੀ ਦੀ ਸ਼ਹਾਦਤ ਤੋਂ ਬਾਅਦ ਡਾ. ਗੁਰਚਰਨ ਸਿੰਘ ਅਰਸ਼ੀ ਜੀ ਨੇ ਉਹਨਾ 'ਤੇ ਵੱਖਰੇ-ਵੱਖਰੇ ਵਿਸ਼ਿਆਂ ਬਾਰੇ ਲਿਖੇ 18 ਮਜਬੂਨ ਛਾਪੇ, ਜਿਨ੍ਹਾਂ 'ਚ ਰਵੀ ਦੇ ਵਿਚਾਰਧਾਰਕ, ਆਲੋਚਨਾਤਮਕ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਪੇਸ਼ ਵੰਗਾਰਾਂ ਸੰਬੰਧੀ ਵਿਚਾਰ ਮਿਲਦੇ ਹਨ ।

ਡਾ. ਰਵੀ ਦੀ ਯਾਦ ਵਿੱਚ ਟਰੱਸਟ ਕਾਰਜਸ਼ੀਲ ਹੈ । ਹਰ ਸਾਲ ਟਰੱਸਟ ਵੱਲੋਂ ਉਹਨਾਂ ਦੀ ਯਾਦ ਵਿੱਚ ਸਨਮਾਨ ਅਤੇ ਸਮਾਗਮ ਕੀਤਾ ਜਾਂਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਵੱਲੋਂ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਵੀ ਬਾਕਾਇਦਾ ਸਨਮਾਨ ਸਮਾਗਮ ਕੀਤੇ ਜਾਂਦੇ ਹਨ।

ਅਜੋਕੇ ਦੌਰ ਵਿੱਚ ਜਿਹੜੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਵੰਗਾਰਾਂ ਲਈ ਉਹ ਤਾਅ, ਉਮਰ ਸੰਘਰਸ਼ ਕਰਦੇ ਰਹੇ, ਸ਼ਹਾਦਤ ਦਿੱਤੀ, ਉਹ ਹੋਰ ਵੀ ਵਿਰਾਟ ਰੂਪ ਧਾਰ ਕੇ ਸਾਡੇ ਸਨਮੁਖ ਹਨ। ਉਹਨਾ ਦੀ ਸੰਘਰਸ਼ ਭਰਪੂਰ ਜ਼ਿੰਦਗੀ ਅਤੇ ਚਿੰਤਨ ਸਾਨੂੰ ਹਮੇਸ਼ਾ ਇਹਨਾ ਚੁਣੌਤੀਆਂ ਖਿਲਾਫ਼ ਸੰਘਰਸ਼ ਲਈ ਪ੍ਰੇਰਨਾ ਦਿੰਦਾ ਰਹੇਗਾ...।

ਗਲੋਬਲ ਤੇ ਸੰਸਾਰੀਕਰਨ ਦੇ ਦੌਰ ਪੰਜਾਬੀ ਸਾਹਿਤ ਭਾਸ਼ਾ ਤੇ ਚਿੰਤਨ ਦੇ ਮਸਲੇ ਵਿੱਚ ਹੋਰ ਚਿੰਤਾਜਨਕ ਹੋ ਗਏ ਹਨ। ਅੱਜ ਇਹ ਹੋਰ ਗੰਭੀਰ ਪਹੁੰਚ ਦੀ ਮੰਗ ਕਰਦੇ ਹਨ। ਉਨ੍ਹਾਂ ਪੁਸਤਕ 'ਵਿਰਸਾ ਤੇ ਵਰਤਮਾਨ' ਵਿੱਚ ਭਾਸ਼ਾ ਦੀ ਦਸ਼ਾ ਤੇ ਦਿਸ਼ਾ ਦਾ ਬੜਾ ਸੂਝਵਾਨ ਅਧਿਐਨ ਪੇਸ਼ ਕੀਤਾ ਸੀ ਤੇ ਨਾਲ ਹੀ ਸਾਡੀਆਂ ਸਾਂਝੇ ਸੱਭਿਆਚਾਰ ਦੀਆਂ ਪਰੰਪਰਾਵਾਂ ਅਤੇ ਕਲਾ ਕਿਰਤਾਂ ਜਾਂ ਲੋਕ ਧਾਰਾ ਵਿੱਚੋਂ ਸੁਭਾਵਕ ਉੱਭਰਦਾ ਪੰਜਾਬ ਕਿਹੋ ਜਿਹਾ ਹੋਣਾ ਚਾਹੀਦਾ ਹੈ, ਨੂੰ ਸਾਡੇ ਸਾਹਮਣੇ ਰੱਖਿਆ ਸੀ। ਅੱਜ ਅਸੀਂ ਫੇਰ ਪੰਜਾਬ ਦੇ ਧਰਮ ਅਤੇ ਫਿਰਕਿਆਂ ਵਿੱਚ ਉਲਾਰ ਬਿਰਤੀਆਂ ਵੇਖ ਰਹੇ ਹਾਂ। ਸੋ ਡਾ. ਰਵੀ ਨੂੰ ਵਾਰ-ਵਾਰ ਪੜ੍ਹਨਾ ਹੋਰ ਵੀ ਪ੍ਰਸੰਸਕ ਬਣਦਾ ਹੈ। ਸਾਡੇ ਸਮਿਆਂ ਦੀ ਵਿਡੰਬਨਾ ਵੇਖੋ ਕਿ ਡਾ. ਰਵੀ ਜਿਹਨਾਂ ਖਤਰਿਆਂ ਤੋਂ ਲੋਕਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਅਤੇ ਸਾਹਿਤਕ ਸਮਾਗਮਾਂ ਵਿੱਚ ਜਿਹੜੇ ਤੋਂ ਸੁਚੇਤ ਕਰਦੇ ਰਹੇ, ਉਹਨਾਂ ਖਤਰਿਆਂ ਦੀ ਹੀ ਖੁਦ ਭੇਟ ਚੜ੍ਹ ਗਏ। ਸੋ ਉਹਨਾਂ ਦਾ ਜੀਵਨ ਅਤੇ ਕੁਰਬਾਨੀ ਸਾਡੇ ਲਈ ਹੋਰ ਵੀ ਵੱਡਾ ਸਬਕ ਬਣਦੀ ਹੈ। ਉਹਨਾਂ ਤੋਂ ਪ੍ਰੇਰਨਾ ਲੈਂਦਿਆਂ ਸਾਨੂੰ ਅੰਤਰਰਾਸ਼ਟਰੀ ਰੂਪ ਧਾਰ ਚੁੱਕੀ ਫਿਰਕਾਪ੍ਰਸਤੀ ਦੇ ਦੌਰ ਵਿੱਚ ਚਿੰਤਨ ਮੰਥਨ ਪ੍ਰਤੀ ਹੋਰ ਸ਼ਿੱਦਤ ਵਾਲੀ ਪਹੁੰਚ ਅਪਨਾਉਣੀ ਚਾਹੀਦੀ ਹੈ।

**# ਸੰਪਰਕ : 70099-66188**

# ਆਓ, ਆਪਣਿਆਂ ਦੀ ਚਿੰਤਾ ਵੀ ਕਰੀਏ

**ਹਰਬਿੰਦਰ ਸਿੰਘ ਰਾਣਾ**

ਅੱਜਕੱਲ੍ਹ ਉਂਝ ਤਾਂ ਹਰ ਕੋਈ ਵਿਅਕਤੀ ਹੀ ਬੜਾ ਸੂਝਵਾਨ, ਬੁੱਧੀਮਾਨ ਹੈ ਅਤੇ ਸਭ ਲਈ ਬੜਾ ਫਿਕਰਮੰਦ ਹੈ, ਭਾਰੀ ਚਿੰਤਤ ਹੈ। ਕਈ ਤਾਂ ਏਨੇ ਜ਼ਿਆਦਾ ਫਿਕਰ ਦੇ ਆਲਮ ਵਿੱਚ ਡੁੱਬੇ ਹੋਏ ਹਨ ਕਿ ਜਿਵੇਂ ਉਨ੍ਹਾਂ ਨੂੰ ਹੀ ਸਾਰੀ ਦੀ ਸਾਰੀ ਚਿੰਤਾ ਹੋਵੇ। ਭਾਵੇਂ ਕਿ ਆਲਮ ਕੁਝ ਵੀ ਹੋਵੇ, ਪਰ ਅਸੀਂ ਫਿਕਰ ਬੜੀ ਕਰਦੇ ਹਾਂ ਤੇ ਉਹ ਵੀ ਬੇਲੋੜੀ। ਜਿਹਦਾ ਸਾਨੂੰ ਜਾਂ ਫਿਰ ਸਾਡੇ ਸਮਾਜ ਨੂੰ , ਸਾਡੇ ਬਾਗ ਪਰਵਾਰ ਨੂੰ ਕੋਈ ਲਾਭ ਨਹੀਂ ਹੁੰਦਾ ਜਾਂ ਫਿਰ ਨੇੜ ਭਵਿੱਖ ਵਿੱਚ ਫਾਇਦਾ ਹੋਣ ਵਾਲਾ ਹੁੰਦਾ ਹੈ। ਸਾਨੂੰ ਅਜੋਕੇ ਦੌਰ ਵਿੱਚ ਜਿਹੜੀ ਫਿਕਰ ਕਰਨੀ ਚਾਹੀਦੀ ਹੈ ਜਾਂ ਫਿਰ ਚਿੰਤਾ ਹੋਣੀ ਚਾਹੀਦੀ ਹੈ, ਉਸ ਬਾਰੇ ਤਾਂ ਕਦੇ ਅਸੀਂ ਸੋਚਦੇ ਵੀ ਨਹੀਂ ਹਾਂ। ਜਾਂ ਕਦੇ-ਕਦਾਈਂ ਫਿਰ ਸੋਚਿਆ ਵੀ ਨਹੀਂ ਹੋਣਾ। ਸਾਨੂੰ ਬੜੀ ਫਿਕਰ ਰਹਿੰਦੀ ਕਿ ਸਾਡੇ ਆਂਢ-ਗੁਆਂਢ 'ਚ ਕੀ ਕੁਝ ਵਾਪਰਿਆ ਹੈ ਜਾਂ ਵਾਪਰ ਰਿਹਾ ਹੈ। ਪਿੰਡ, ਕਸਬੇ, ਨਗਰ/ਮਹਾਂਨਗਰ, ਸ਼ਹਿਰ ਅਤੇ ਰਾਜ ਜਾਂ ਦੇਸ਼ ਅੰਦਰ ਕੀ-ਕੀ ਘਟਨਾਵਾਂ ਵਾਪਰ ਰਹੀਆਂ ਹਨ ਜਾਂ ਵਾਪਰਨ ਵਾਲੀਆਂ ਹੋ ਸਕਦੀਆਂ ਹਨ। ਹੁਣ ਕੀ ਹੋਊ ਜਾਂ ਨਹੀਂ ਹੋਊ। ਕਦ ਤੇ ਕਿੰਝ ਹੋਊ। ਉਹਦਾ ਕੀ ਬਣੂੰ ਤੇ ਇਹਦਾ ਕੀ ਬਣਿਆ। ਇੱਥੇ ਇੱਕ ਗੱਲ ਬੜੀ ਕਾਬਲੇਗੌਰ ਹੈ ਕਿ ਉਹਦਾ ਤੇ ਜੋ ਬਣੂੰ ਜਾਂ ਬਣ ਜਾਵੇਗਾ, ਪਰ ਸਾਡਾ ਕੀ ਬਣੂੰ ਜਾਂ ਕੁਝ ਬਣਨ ਵਾਲਾ ਹੈ ਵੀ ਕਿ ਨਹੀਂ। ਇਸ ਸੰਬੰਧ ਵਿੱਚ ਸਾਨੂੰ ਆਪਣੀ ਤੇ ਆਪਣਿਆਂ ਦੇ ਬਾਰੇ ਭੋਰਾ ਚਿੰਤਾ ਨਹੀਂ ਹੁੰਦੀ। ਅੱਜਕੱਲ੍ਹ ਰਾਜ ਅੰਦਰ ਕੀ ਕੁਝ ਵਾਪਰ ਰਿਹਾ ਹੈ, ਸਾਡੇ ਢਿੱਡ ਦੇ ਜੰਮਿਆਂ ਲਈ ਰੋਟੀ ਦਾ ਜੁਗਾੜ ਕਰਨਾ ਔਖਾ ਹੋਇਆ ਪਿਆ ਹੈ। ਉਨ੍ਹਾਂ ਨੂੰ ਮਿਆਰੀ ਤੇ ਉੱਤਮਤਾ ਸਿੱਖਿਆ ਗ੍ਰਹਿਣ ਕਰਵਾਉਣੀ ਸਾਡੇ ਵੱਸ ਦੀ ਗੱਲ ਨਹੀਂ ਰਹੀ। ਸਿਹਤ ਤੇ ਤੰਦਰੁਸਤੀ ਪੱਖੋਂ ਵੀ ਪਰਵਾਰ ਹਾਲੋ-ਬੇਹਾਲ ਹੋਏ ਪਏ ਹਨ। ਸਮਾਜ ਅੰਦਰ ਫੈਲੇ ਅਪਰਾਧ, ਲੁੱਟ-ਖੋਹ, ਕਤਲੇਆਮ, ਚੋਰੀਆਂ, ਡਕੈਤੀਆਂ, ਸਰੇਆਮ ਗੁੰਡਾਗਰਦੀ ਸਣੇ ਹੋਰ ਕਈ ਅਨੇਕਾਂ ਗੈਰ-ਸਮਾਜਿਕ ਕੁਰੀਤੀਆਂ ਦੀ ਅਥਾਹ ਭਰਮਾਰ ਹੈ। ਬੇਰੁਜ਼ਗਾਰੀ ਦਾ ਵੱਡਾ ਦੈਂਤ ਸਾਡੇ ਨੌਜਵਾਨਾਂ ਨੂੰ ਨਸ਼ੇੜੀ ਬਣਨ ਜਾਂ ਕੁਰਾਹੇ ਪੈਣ ਲਈ ਬੇਵੱਸ ਤੇ ਮਜਬੂਰ ਜਾਂ ਫਿਰ ਮਜਬੂਰੀਵੱਸ ਪ੍ਰਵਾਸ ਲੈਣ ਲਈ ਨਿਰੰਤਰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ। ਸਾਡੀ ਨੌਜਵਾਨੀ ਹੱਥਾਂ ਵਿੱਚੋਂ ਨਿਕਲਦੀ ਹੋਈ ਦਿਖਾਈ ਦਿੰਦੀ ਹੈ। ਹੁਣ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਅਸੀਂ ਆਪਣਿਆਂ ਤੇ ਦੂਜਿਆਂ ਦੀ ਫਿਕਰ ਕੀ ਕਰਨੀ ਸੀ, ਸਾਨੂੰ ਤਾਂ ਆਪਣੀ ਵੀ ਭੋਰਾ ਚਿੰਤਾ ਨਹੀਂ ਰਹੀ। ਜੋ ਕੁਝ ਵਾਪਰੀ ਜਾਂਦੈ, ਵਾਪਰੀ ਜਾਵੇ। ਜੋ ਹੁੰਦਾ ਹੋਣ ਦਿਓ, ਸਾਨੂੰ ਕੀ ? ਕਿਹੜਾ ਸਾਡੇ ਨਾਲ ਹੁੰਦਾ ਜਾਂ ਵਾਪਰ ਰਿਹਾ ਹੈ। ਕੋਈ ਨਹੀਂ, ਆਪੇ ਵੇਖੀ ਜਾਊ। ਅੱਜ ਕਿਸੇ ਦੇ ਘਰ ਲੱਗੀ ਅੱਗ ਸਾਨੂੰ ਬਸੰਤਰ ਜਾਪਦੀ ਹੈ, ਪਰ ਉਹ ਦਿਨ ਵੀ ਦੂਰ ਨਹੀਂ, ਜਦੋਂ ਇਸੇ ਅੱਗ ਦਾ ਸੇਕ ਸਾਡੇ ਘਰ ਵੀ ਆਣ ਪੁੱਜਣਾ। ਤਦ ਸਾਡੇ ਪਾਸ ਸਿਵਾਏ ਬੇਵੱਸੀ ਤੇ ਲਾਚਾਰੀ ਤੋਂ ਕੁਝ ਹੋਰ ਨਹੀਂ ਬਚਣਾ। ਅੱਗਿਓਂ ਪਰਵਾਰ ਤੇ ਪਰਵਾਰਕ ਰਿਸ਼ਤੇ ਵੀ ਸਾਡੇ ਹੁਣ ਪਹਿਲਾਂ ਵਾਂਗੂੰ ਨਹੀਂ ਜਿੰਦਾਂ ਰਹੇ ਹਨ। ਜਿੱਥੇ ਬਹਿ ਕੇ ਅਸੀਂ ਆਪਣੀ ਤਕਲੀਫ ਤੇ ਅਸਹਿ ਦੁੱਖ-ਦਰਦ ਨੂੰ ਵੰਡਾ ਸਕੀਏ, ਜਾਂ ਫਿਰ ਮਨ ਦਾ ਭਾਰ ਹੀ ਹੌਲਾ ਕਰ ਲਈਏ। ਉੱਥੇ ਵੀ ਨਿੱਜਵਾਦ ਤੇ ਸਵਾਰਥ ਦਾ ਭਾਰੀ ਬੋਲਬਾਲਾ ਹੋ ਜਾਣ ਕਾਰਨ ਹੁਣ ਲਹੂ ਦਾ ਰੰਗ ਚਿੱਟਾ ਹੋਇਆ ਪਿਆ ਹੈ। ਬੜੇ ਘੱਟ ਤੇ ਗਿਣਵੇਂ-ਚੁਣਵੇਂ ਲੋਕ ਜਾਂ ਫਿਰ ਘਰ-ਪਰਵਾਰ ਹੀ ਬਚੇ ਹੋਣਗੇ, ਜਿਹੜੇ ਕਿ ਆਪਣੇ-ਆਪ ਦਾ ਅਹਿਸਾਸ ਅਤੇ ਆਪਣੇ ਰਿਸ਼ਤਿਆਂ ਦਾ ਮੋਹ ਤੇ ਨਿੱਘ ਮਾਣਦੇ ਹੋਣਗੇ। ਮੁੱਕਦੀ ਗੱਲ ਹੈ ਕਿ ਮਨੁੱਖ ਕੋਲ ਜੋ ਕੁਝ ਸਰਮਾਇਆ ਸੀ, ਉਹ ਸਭ ਹੌਲੀ-ਹੌਲੀ ਕਰਕੇ ਖਤਮ ਹੋਣ ਵੱਲ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ। ਸਮਾਜ ਅੰਦਰ ਫੈਲੀਆਂ ਜਾਂ ਹੋਰ ਫੈਲ ਰਹੀਆਂ ਸਮਾਜਿਕ ਕੁਰੀਤੀਆਂ, ਬੁਰਾਈਆਂ ਖਿਲਾਫ ਸਖਤ ਨਿਰਣੇ ਲੈਣੇ, ਇਨ੍ਹਾਂ ਭੈੜੀਆਂ ਅਲਾਮਤਾਂ ਨੂੰ ਮੁੱਢੋਂ ਖਤਮ ਕਰਨ ਵਾਸਤੇ ਤਰਕ ਅਧਾਰਤ ਸਖਤ ਫੈਸਲਾ ਕਰਨੇ ਪੈਣਗੇ, ਤਦ ਕਿਤੇ ਜਾ ਕੇ ਕੋਈ ਸੁਧਾਰ ਹੋਣ ਦੀ ਆਸ ਬੱਝ ਸਕਦੀ ਹੈ। ਨਾਲੇ ਹੁਣ ਸਮਾਂ ਵੀ ਨਹੀਂ ਰਿਹਾ ਕਿ ਅਸੀਂ ਲਕੀਰ ਦੇ ਫਕੀਰ ਹੀ ਬਣੇ ਰਹੀਏ। ਸਾਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣਾ ਪੈਣਾ ਹੈ, ਨਹੀਂ ਤਾਂ ਕਿਧਰੇ ਪਛਤਾਵੇ ਤੋਂ ਸਿਵਾਏ ਸਾਡੇ ਪੱਲੇ ਕੁਝ ਨਹੀਂ ਰਹਿਣਾ। ਅਜੋਕੇ ਹਾਲਾਤ ਬਦ ਤੋਂ ਬਦਤਰ ਬਣਦੇ ਜਾ ਰਹੇ ਹਨ। ਹੁਣ ਪਿੱਛੇ ਮੁੜ ਕੇ ਵੇਖਣ ਦਾ ਸਮਾਂ ਨਹੀਂ ਰਿਹਾ। ਜੋ ਬੀਤ ਗਿਆ, ਸੋ ਬੀਤ ਗਿਆ। ਜੇ ਕੁਝ ਵੇਖਣ ਦੀ ਅੱਜ ਲੋੜ ਹੈ ਤਾਂ ਉਹ ਆਉਣ ਵਾਲਾ ਸਾਡਾ ਨਿਕਟਵਰਤੀ ਭਵਿੱਖ ਹੈ, ਜਿਹੜਾ ਹਾਲੇ ਧੁੰਦਲਾ-ਧੁੰਦਲਾ ਨਜ਼ਰ ਆਉਂਦਾ ਹੈ। ਸਾਨੂੰ ਮਹਿਜ਼ ਫਿਕਰ/ਚਿੰਤਾ ਆਪਣੇ ਪਰਵਾਰਾਂ, ਅਜੋਕੀ ਨੌਜਵਾਨੀ ਬਾਰੇ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਕਰਨੀ ਚਾਹੀਦੀ ਹੈ, ਤਾਂ ਜੋ ਸਾਡਾ ਸਰਮਾਇਆ ਬਚਿਆ ਰਹੇ, ਭਾਵ ਕਿ ਸਾਨੂੰ ਖੁਦ ਨੂੰ ਹੀ ਅਜੋਕੀ ਵਿਗੜੀ ਹੋਈ ਵਿਵਸਥਾ ਅਤੇ ਨਿੱਘਰ ਚੁੱਕੇ ਹਾਲਾਤ ਨੂੰ ਠੀਕ ਕਰਨ ਲਈ ਸਾਰਥਕ ਯਤਨ/ਉਪਰਾਲੇ ਕਰਨੇ ਪੈਣੇ ਹਨ। ਪਿੱਛੇ ਝਾਕਣ ਦੀ ਬਜਾਏ ਅਗਾਂਹ ਵੱਲ ਨੂੰ ਵੇਖੀਏ। 'ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ, ਸੋ ਬੀਤੀ।'

**# ਸੰਪਰਕ : 98881-45991**

# ਮਾਰਕ ਕਾਰਨੀ ਸਰਕਾਰ 'ਚ ਭਾਰਤੀ ਮੂਲ ਦੇ ਛੇ 'ਚੋਂ ਚਾਰ ਪੰਜਾਬੀ ਮੰਤਰੀ

**ਉਜਾਗਰ ਸਿੰਘ**

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਨਵੀਂ ਸਰਕਾਰ ਦਾ ਗਠਨ ਕਰ ਲਿਆ ਹੈ। ਲਿਬਰਲ ਪਾਰਟੀ ਨੇ ਲਗਾਤਾਰ ਚੌਥੀ ਵਾਰ ਸੰਘੀ ਸਰਕਾਰ ਬਣਾਈ ਹੈ। 60 ਸਾਲਾ ਮਾਰਕ ਕਾਰਨੀ ਅਤੇ ਉਨ੍ਹਾ ਦੇ ਸਾਥੀ ਮੰਤਰੀਆਂ ਨੂੰ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਕੈਨੇਡਾ ਦੇ ਰਾਜਪਾਲ ਜਨਰਲ ਮੈਰੀ ਸਾਈਮਨ ਨੇ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ। ਕੈਨੇਡਾ ਦੇ ਲੋਕਾਂ ਨੂੰ ਮਾਰਕ ਕਾਰਨੀ ਦੇ ਆਰਥਿਕ ਮਾਹਰ ਹੋਣ ਕਰਕੇ ਦੇਸ ਦੀ ਆਰਥਿਕ ਹਾਲਤ ਨੂੰ ਮਜ਼ਬੂਤ ਕਰਨ ਦੀਆਂ ਵੱਡੀਆਂ ਆਸਾਂ ਹਨ। ਮਾਰਕ ਕਾਰਨੀ ਮੰਤਰੀ ਮੰਡਲ ਵਿੱਚ 38 ਮੰਤਰੀ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿੱਚ 28 ਕੈਬਨਿਟ ਅਤੇ 10 ਸੈਕਰੇਟਰੀ ਆਫ ਸਟੇਟ ਹਨ, ਜਿਨ੍ਹਾਂ ਨੂੰ ਰਾਜ ਮੰਤਰੀ ਕਿਹਾ ਜਾਂਦਾ ਹੈ। ਮਾਰਕ ਕਾਰਨੀ ਮੰਤਰੀ ਮੰਡਲ ਵਿੱਚ 38 ਵਿੱਚੋਂ 24 ਨਵੇਂ ਮੰਤਰੀ ਹਨ, ਇਨ੍ਹਾਂ ਵਿੱਚੋਂ 13 ਅਜਿਹੇ ਹਨ, ਜਿਹੜੇ ਪਹਿਲੀ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ। ਲਗਭਗ ਸਾਰੇ ਸੂਬਿਆਂ ਤੇ ਸਮੁਦਾਇ ਨੂੰ ਮੰਤਰੀ ਮੰਡਲ ਵਿੱਚ ਪ੍ਰਤੀਨਿਧਤਾ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਕੇ ਨਵੀਂ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਜੋ ਉਹ ਜੋਸ਼ ਅਤੇ ਉਤਸ਼ਾਹ ਨਾਲ ਆਪਣੇ ਫ਼ਰਜ ਨਿਭਾ ਕੇ ਸਫਲਤਾ ਪ੍ਰਾਪਤ ਕਰਕੇ ਕੈਨੇਡਾ ਨੂੰ ਬੁਲੰਦੀਆਂ 'ਤੇ ਪਹੁੰਚਾ ਸਕਣ। ਕੈਨੇਡਾ ਦੇ ਲੋਕਾਂ ਨੇ ਜਿਹੜਾ ਭਰੋਸਾ ਉਸ ਵਿੱਚ ਕੀਤਾ ਹੈ, ਉਸ 'ਤੇ ਪੂਰਾ ਉਤਰਿਆ ਜਾ ਸਕੇ। ਕੁਝ ਕੁ ਮੰਤਰੀਆਂ ਨੂੰ ਛੱਡ ਕੇ ਬਹੁਤੇ ਮੰਤਰੀ 50 ਸਾਲ ਦੇ ਨੇੜੇ-ਤੇੜੇ ਹਨ। ਇਸ ਵਾਰ ਫਿਰ ਪੰਜਾਬੀਆਂ ਦੀ ਸੰਘੀ ਸਰਕਾਰ ਵਿੱਚ ਬੱਲੇ-ਬੱਲੇ ਹੋ ਗਈ ਹੈ। ਪੰਜਾਬੀਆਂ ਦੇ ਗੜ੍ਹ ਸਮਝੇ ਜਾਂਦੇ ਇਕੱਲੇ ਬਰੈਂਪਟਨ ਵਿੱਚੋਂ ਤਿੰਨ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਰੂਬੀ ਸਹੋਤਾ, ਮਨਿੰਦਰ ਸਿੰਘ ਸਿੱਧੂ ਅਤੇ ਸ਼ਫਕਤ ਅਲੀ ਸ਼ਾਮਲ ਹਨ। ਇਹ ਤਿੰਨੇ ਭਾਰਤੀ ਮੂਲ ਦੇ ਲਹਿੰਦੇ ਅਤੇ ਚੜ੍ਹਦੇ ਪੰਜਾਬੀ ਹਨ। ਨਵੇਂ ਮੰਤਰੀ ਮੰਡਲ ਵਿੱਚ ਛੇ ਭਾਰਤੀ ਮੂਲ ਦੇ ਵਿੱਚੋਂ ਚਾਰ ਪੰਜਾਬੀਆਂ ਨੂੰ ਸ਼ਾਮਲ ਕੀਤਾ ਗਿਆ। ਭਾਰਤੀ ਮੂਲ ਦੇ ਪੰਜਾਬੀ ਅਨੀਤਾ ਇੰਦਰਾ ਆਨੰਦ, ਮਨਿੰਦਰ ਸਿੰਘ ਸਿੱਧੂ, ਰਣਦੀਪ ਸਿੰਘ ਸਰਾਏ, ਰੂਬੀ ਸਹੋਤਾ ਅਤੇ ਸ਼ਫਕਤ ਅਲੀ ਨੂੰ ਮੰਤਰੀ ਬਣਾਇਆ ਗਿਆ ਹੈ। ਭਾਰਤੀ ਮੂਲ ਦੇ ਤਾਮਿਲ ਗੈਰੀ ਆਨੰਦਸੰਗਾਰੀ ਨੂੰ ਵੀ ਜਨਤਕ ਸੁਰੱਖਿਆ ਮੰਤਰੀ ਬਣਾਇਆ ਗਿਆ ਹੈ। ਸਭ ਤੋਂ ਮਹੱਤਵਪੂਰਨ ਵਿਦੇਸ਼ ਮੰਤਰੀ ਦਾ ਵਿਭਾਗ ਅਨੀਤਾ ਇੰਦਰਾ ਆਨੰਦ ਨੂੰ ਦਿੱਤਾ ਗਿਆ ਹੈ।



ਅਨੀਤਾ ਇੰਦਰਾ ਆਨੰਦ ਕੈਨੇਡਾ ਦੀ ਪਹਿਲੀ ਹਿੰਦੂ ਇਸਤਰੀ ਹੈ, ਜਿਹੜੀ ਚੌਥੀ ਵਾਰ ਓਕਵਿਲੇ ਹਲਕੇ ਤੋਂ ਸੰਸਦ ਮੈਂਬਰ ਚੁਣੀ ਗਈ ਹੈ ਤੇ ਪਹਿਲੀ ਹੀ ਹਿੰਦੂ ਵਿਦੇਸ਼ ਮੰਤਰੀ ਬਣੀ ਹੈ। ਮਨਿੰਦਰ ਸਿੰਘ ਸਿੱਧੂ ਨੂੰ ਇੰਟਰਨੈਸ਼ਨਲ ਟਰੇਡ ਮੰਤਰੀ ਬਣਾਇਆ ਗਿਆ ਹੈ। ਇਹ ਦੋਵੇਂ ਕੈਬਨਿਟ ਮੰਤਰੀ ਹਨ। ਦੋ ਭਾਰਤੀ ਮੂਲ ਦੇ ਰਾਜ ਮੰਤਰੀ ਬਣਾਏ ਗਏ ਹਨ, ਜਿਨ੍ਹਾਂ ਵਿੱਚ ਰੂਬੀ ਸਹੋਤਾ ਨੂੰ ਜੁਰਮ ਨਾਲ ਸਿੱਝਣ ਲਈ ਅਤੇ ਰਣਦੀਪ ਸਿੰਘ ਸਰਾਏ ਨੂੰ ਅੰਤਰਰਾਸ਼ਟਰੀ ਵਿਕਾਸ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਵਾਲੇ ਲਹਿੰਦੇ ਪੰਜਾਬ ਦੇ ਸ਼ਫਕਤ ਅਲੀ ਨੂੰ ਖ਼ਜ਼ਾਨਾ ਬੋਰਡ ਦੇ ਮੁਖੀ ਭਾਵ ਟਰੈਜਰੀ ਬੋਰਡ ਦੇ ਪ੍ਰਧਾਨ ਬਣਾਇਆ ਗਿਆ ਹੈ। ਇਨ੍ਹਾਂ ਚਾਰੇ ਮੰਤਰੀਆਂ ਦੇ ਵਿਭਾਗ ਮਹੱਤਵਪੂਰਨ ਹਨ। ਛੇਵੀਂ ਵਾਰ ਚੋਣ ਜਿੱਤੇ ਸੁੱਖ ਧਾਲੀਵਾਲ ਦੇ ਮੰਤਰੀ ਬਣਨ ਦੀ ਪੂਰੀ ਆਸ ਸੀ, ਪ੍ਰੰਤੂ ਉਸ ਨੂੰ ਮੰਤਰੀ ਨਹੀਂ ਬਣਾਇਆ ਗਿਆ। ਇਨ੍ਹਾਂ ਚਾਰਾਂ ਵਿੱਚ ਰਣਦੀਪ ਸਿੰਘ ਸਰਾਏ ਅੰਮ੍ਰਿਤਧਾਰੀ ਦਸਤਾਰਧਾਰੀ ਮੰਤਰੀ ਹਨ। ਅਨੀਤਾ ਇੰਦਰਾ ਆਨੰਦ, ਜੋ ਅਨੀਤਾ ਆਨੰਦ ਦੇ ਨਾਂਅ ਨਾਲ ਜਾਣੇ ਜਾਂਦੇ ਹਨ, ਉਹ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿੱਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਓਕਵਿਲੇ ਹਲਕੇ ਤੋਂ ਚੋਣ ਲੜ ਕੇ ਜਿੱਤੇ ਹਨ। ਅਨੀਤਾ ਆਨੰਦ ਦੀ ਤਰੱਕੀ ਨੂੰ ਕੈਨੇਡਾ ਦੀ ਸਿਆਸਤ ਵਿੱਚ ਬਹੁਤ ਹੀ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ, ਅਨੀਤਾ ਇੰਦਰਾ ਆਨੰਦ ਨੇ ਅਪ੍ਰੈਲ ਦੀਆਂ ਸੰਘੀ ਚੋਣਾਂ ਤੋਂ ਪਹਿਲਾਂ ਸੰਸਦ ਦੀ ਚੋਣ ਨਾ ਲੜਨ ਦਾ ਐਲਾਨ ਕਰ ਦਿੱਤਾ ਸੀ, ਪ੍ਰੰਤੂ ਮਾਰਕ ਕਾਰਨੀ ਨੇ ਉਸ ਨੂੰ ਚੋਣ ਲੜਨ ਲਈ ਮਨਾ ਲਿਆ ਸੀ। ਜਸਟਿਨ ਟਰੂਡੋ ਨੇ ਕੋਵਿਡ ਦੌਰਾਨ ਨਵੰਬਰ 2019 ਵਿੱਚ ਅਨੀਤਾ ਆਨੰਦ ਨੂੰ ਮਹੱਤਪੂਰਨ ਪਬਲਿਸ ਸਰਵਿਸ ਐਂਡ ਪ੍ਰੋਕਿਊਰਮੈਂਟ ਵਿਭਾਗ ਦਾ ਮੰਤਰੀ ਬਣਾਇਆ ਸੀ। ਉਸ ਨੇ ਕੈਨੇਡਾ ਵਿੱਚ ਕੋਰੋਨਾ ਦੇ ਮਰੀਜਾਂ ਲਈ ਵੈਕਸੀਨ ਖ੍ਰੀਦਣੀ ਅਤੇ ਸਪਲਾਈ ਕਰਨੀ ਸੀ। ਅਨੀਤਾ ਆਨੰਦ ਨੇ ਆਪਣੇ ਫਰਜ਼ਾਂ ਨੂੰ ਬਾਖ਼ੂਬੀ ਸੁਚੱਜੇ ਢੰਗ ਨਾਲ ਨਿਭਾਇਆ, ਜਿਸ ਕਰਕੇ 2021 ਵਿੱਚ ਅਨੀਤਾ ਆਨੰਦ ਨੂੰ ਹੋਰ ਵੀ ਮਹੱਤਵਪੂਰਨ ਨੈਸ਼ਨਲ ਡਿਫੈਂਸ ਵਿਭਾਗ ਦਿੱਤਾ ਗਿਆ ਸੀ। ਫਿਰ ਉਸ ਨੂੰ ਟਰੈਜਰੀ ਬੋਰਡ ਦੇ ਮੁਖੀ ਤੇ ਟਰਾਂਸਪੋਰਟ ਵਿਭਾਗ ਦੇ ਮੰਤਰੀ ਬਣਾਇਆ ਗਿਆ। 41 ਸਾਲਾ ਮਨਿੰਦਰ ਸਿੰਘ ਸਿੱਧੂ ਦੂਜੀ ਵਾਰ ਬਰੈਂਪਟਨ ਈਸਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ। ਉਸ ਨੇ ਕੰਜ਼ਰਵੇਟਿਵ ਪਾਰਟੀ ਦੇ ਬੌਬ ਦੋਸਾਂਝ ਨੂੰ ਹਰਾਇਆ ਹੈ। ਉਹ ਪਹਿਲੀ ਵਾਰ 2019 ਵਿੱਚ ਚੋਣ ਜਿੱਤੇ ਸਨ, ਉਸ ਤੋਂ ਬਾਅਦ ਲਗਾਤਾਰ 2021 ਅਤੇ ਹੁਣ ਅਪ੍ਰੈਲ 2025 ਵਿੱਚ ਚੋਣ ਜਿੱਤੇ ਹਨ। ਇਸ ਤੋਂ ਇਲਾਵਾ ਉਹ ਨੈਚਰਲ ਰਿਸੋਰਸਜ਼, ਟਰਾਂਸਪੋਰਟ ਅਤੇ ਇਨਫਰਾਸਟਰਕਚ ਦੀ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਵੀ ਰਹੇ ਹਨ। 45 ਸਾਲਾ ਰੂਬੀ ਸਹੋਤਾ 2015 ਤੋਂ ਲਗਾਤਾਰ ਬਰੈਂਪਟਨ ਨਾਰਥ ਤੋਂ ਸੰਸਦ ਮੈਂਬਰ ਬਣਦੇ ਆ ਰਹੇ ਹਨ। ਇਸ ਸਮੇਂ ਦੌਰਾਨ ਉਹ ਵੂਮੈਨ ਅਤੇ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ਼ ਦੀਆਂ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਅਤੇ ਪਾਰਟੀ ਦੇ ਚੀਫ ਵਿੱਪ੍ਹ ਵੀ ਰਹੇ ਹਨ। ਇਸ ਤੋਂ ਇਲਾਵਾ ਉਹ ਇਨਟਰਮ ਗਵਰਨਮੈਂਟ ਹਾਊਸ ਲੀਡਰ ਵੀ ਰਹੇ ਹਨ। 50 ਸਾਲਾ ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਕੰਜ਼ਰਵੇਟਿਵ ਪਾਰਟੀ ਦੇ ਗੁਰਬਖ਼ਸ਼ ਸੈਣੀ ਨੂੰ ਹਰਾ ਕੇ ਚੋਣ ਜਿੱਤੇ ਹਨ। ਰਣਦੀਪ ਸਿੰਘ ਸਰਾਏ 2015 ਤੋਂ ਸੰਸਦੀ ਚੋਣ ਜਿੱਤਦੇ ਆ ਰਹੇ ਹਨ। ਹੁਣ ਉਹ ਚੌਥੀ ਵਾਰ ਜਿੱਤੇ ਹਨ। ਉਹ ਰੀਅਲ ਅਸਟੇਟ ਦੇ ਕਾਰੋਬਾਰੀ ਹਨ। ਉਨ੍ਹਾ 1998 ਵਿੱਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਆਰਟਸ ਵਿੱਚ ਗ੍ਰੈਜੂਏਸ਼ਨ ਕੀਤੀ ਸੀ, ਪ੍ਰੰਤੂ ਪੋਲੀਟੀਕਲ ਸਾਇੰਸ ਉਸ ਦਾ ਮਨ ਪਸੰਦ ਸਬਜੈਕਟ ਹੈ। ਇਸ ਤੋਂ ਬਾਅਦ 2001 ਵਿੱਚ ਕਾਨੂੰਨ ਦੀ ਡਿਗਰੀ ਲਾਅ ਸਕੂਲ ਕਿਊਨਜ਼ ਯੂਨੀਵਰਸਿਟੀ ਕਿੰਗਸਟਨ ਓਨਟਾਰੀਓ ਤੋਂ ਪਾਸ ਕੀਤੀ। ਉਹ ਸਿਟੀਜ਼ਨ ਇਮੀਗ੍ਰੇਸ਼ਨ ਕੈਨੇਡਾ-ਅਮਰੀਕਾ ਇੰਟਰ ਰਿਲੇਸ਼ਨਜ਼ ਐਸੋਸੀਏਸ਼ਨ ਦੇ ਮੈਂਬਰ ਅਤੇ ਲਿਬਰਲ ਪਾਰਟੀ ਦੀ ਪੈਸਫਿਕ ਕੈਕਸ ਦੀ ਚੇਅਰ ਵੀ ਕੀਤੀ। 28 ਅਪ੍ਰੈਲ 2025 ਨੂੰ ਕੈਨੇਡਾ ਦੀਆਂ ਹੋਈਆਂ ਸੰਘੀ ਚੋਣਾਂ ਵਿੱਚ 343 ਮੈਂਬਰੀ ਹਾਊਸ ਆਫ ਕਾਮਨਜ਼ ਵਿੱਚੋਂ ਲਿਬਰਲ ਪਾਰਟੀ ਨੂੰ 170 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ, ਪ੍ਰੰਤੂ ਪੂਰਨ ਬਹੁਮਤ ਤੋਂ ਦੋ ਸੀਟਾਂ ਘੱਟ ਹਨ। ਚਾਰ ਸੀਟਾਂ 'ਤੇ ਦੁਬਾਰਾ ਵੋਟਾਂ ਦੀ ਗਿਣਤੀ ਹੋ ਰਹੀ ਹੈ, ਜਿਥੇ ਜਿੱਤ ਹਾਰ 25 ਤੋਂ 50 ਵੋਟਾਂ ਤੱਕ ਦੇ ਅੰਤਰ ਨਾਲ ਹੋਈ ਹੈ, ਪ੍ਰੰਤੂ ਅਜੇ ਤੱਕ ਮਾਰਕ ਕਾਰਨੀ ਦੀ ਘੱਟ ਗਿਣਤੀ ਦੀ ਸਰਕਾਰ ਹੈ, ਉਨ੍ਹਾਂ ਸਰਕਾਰ ਚਲਾਉਣ ਲਈ ਕਿਸੇ ਹੋਰ ਪਾਰਟੀ ਦਾ ਸਹਾਰਾ ਲੈਣਾ ਪਵੇਗਾ।

ਪਿਛਲੀ ਵਾਰ 2021 ਵਿੱਚ ਹੋਈਆਂ ਫੈਡਰਲ ਚੋਣਾਂ ਵਿੱਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ, 18 ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿੱਚ ਕਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ 28, ਨਿਊ ਡੈਮੋਕਰੇਟਿਕ ਪਾਰਟੀ 10, ਗਰੀਨ ਪਾਰਟੀ 8 ਅਤੇ ਦੋ ਆਜ਼ਾਦ ਸਨ। ਇਨ੍ਹਾਂ ਵਿੱਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ। 16 ਦਸਤਾਰਧਾਰੀਆਂ ਵਿੱਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। 5 ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀਆਂ/ਸਿੱਖਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ 'ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ, ਉਨ੍ਹਾਂ ਵਿੱਚ ਲਿਬਰਲ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 10 ਉਮੀਦਵਾਰ ਸ਼ਾਮਲ ਹਨ। ਇਨ੍ਹਾਂ ਵਿੱਚ 6 ਇਸਤਰੀਆਂ ਸ਼ਾਮਲ ਹਨ। ਇਸ ਵਾਰ ਚਾਰ ਭਾਰਤੀ ਮੂਲ ਦੇ ਗੁਜਰਾਤੀਆਂ ਨੇ ਵੀ ਚੋਣ ਲੜੀ ਸੀ, ਪ੍ਰੰਤੂ ਉਹ ਚੋਣ ਹਾਰ ਗਏ ਹਨ। ਪੰਜਾਬੀਆਂ ਦਾ ਹਮੇਸ਼ਾ ਹੀ ਕੈਨੇਡਾ ਦੀ ਸਿਆਸਤ ਵਿੱਚ ਦਬਦਬਾ ਰਿਹਾ ਹੈ।

**# ਸੰਪਰਕ 94178-13072**

# ਘਰ 'ਚ ਅੱਗ ਲੱਗਣ ਕਾਰਨ ਭਾਰੀ ਨੁਕਸਾਨ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

**● ਘਟਨਾ ਦਾ ਪਤਾ ਚੱਲਦਿਆਂ ਹੀ ਹਲਕਾ ਵਿਧਾਇਕ ਮੌਕੇ 'ਤੇ ਪਹੁੰਚੇ**





**ਕੋਟ ਈਸੇ ਖਾਂ (ਅਰੋੜਾ)**- ਕਸਬਾ ਕੋਟ ਈਸੇ ਖਾਂ ਅੰਦਰ ਸ਼ਨੀਵਾਰ ਸ਼ਾਮ ਕਮਲ ਸਿਨੇਮਾ, ਗੜ੍ਹਸ਼ੰਕਰ ਦੇ ਨਜ਼ਦੀਕ ਇੱਕ ਘਰ ਅੰਦਰ ਕੈਮੀਕਲ ਪਏ ਹੋਣ ਕਾਰਨ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਜਾਣਕਾਰੀ ਅਨੁਸਾਰ ਆਮ ਪਬਲਿਕ ਨੇ ਦੱਸਿਆ ਕਿ ਦੇਖਦਿਆਂ ਹੀ ਅੱਗ ਨੇ ਭਿਆਨਕ ਰੂਪ ਹਾਸਲ ਕਰ ਲਿਆ, ਜਿਸ ਨਾਲ ਆਸ-ਪਾਸ ਦੇ ਘਰ ਵੀ ਨੁਕਸਾਨੇ ਗਏ।ਅੱਗ ਦਾ ਪਤਾ ਲੱਗਦਿਆਂ ਹੀ ਪੁਲਸ ਪ੍ਰਸ਼ਾਸਨ ਤੇ ਫਾਇਰ ਬ੍ਰਿਗੇਡ ਅਮਲਾ ਵੀ ਮੌਕੇ 'ਤੇ ਹੀ ਪਹੁੰਚ ਗਿਆ ਤੇ ਆਪਣੀ ਕਾਰਵਾਈ ਸ਼ੁਰੂ ਕੀਤੀ।ਭਾਰੀ ਮੁਸ਼ੱਕਤ ਤੋਂ ਬਾਅਦ 15 ਤੋਂ 20 ਫਾਇਰ ਬ੍ਰਿਗੇਡ ਦੀਆਂ ਗੱਡੀਆਂ, ਹੋਰ ਲੋਕਾਂ ਤੇ ਪ੍ਰਸ਼ਾਸਨ ਵੱਲੋਂ ਦਿੱਤੇ ਸਹਿਯੋਗ ਸਦਕਾ ਅੱਗ 'ਤੇ ਕਾਬੂ ਪਾਇਆ ਗਿਆ।ਅੱਗ ਦੀ ਲਪੇਟ ਵਿੱਚ ਆਉਣ ਕਾਰਨ ਦੋ ਕਾਰਾਂ ਤੇ ਇੱਕ ਐਕਟਿਵਾ ਵੀ ਸੜ ਗਈ।ਆਸ-ਪਾਸ ਦੇ ਘਰਾਂ ਦਾ ਵੀ ਨੁਕਸਾਨ ਹੋਣ ਦੀ ਖਬਰ ਮਿਲੀ ਹੈ।ਅੱਗ ਲੱਗਣ ਦੀ ਘਟਨਾ ਦਾ ਪਤਾ ਚਲਦਿਆਂ ਹੀ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੀ ਮੌਕੇ 'ਤੇ ਪਹੁੰਚੇ ਤੇ ਜਾਇਜ਼ਾ ਲਿਆ ਅਤੇ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਨੇ ਅੱਗ ਬੁਝਾਉਣ 'ਚ ਬੇਹਦ ਫੁਰਤੀ ਦਿਖਾਈ ਤੇ ਉਹ ਆਮ ਲੋਕਾਂ, ਨਗਰ ਪੰਚਾਇਤ ਤੇ ਆਂਢੀਆਂ ਗਵਾਂਢੀਆਂ ਤੇ ਨੌਜਵਾਨਾਂ ਦਾ ਧੰਨਵਾਦ ਵੀ ਕਰਦੇ ਹਨ ਕਿ ਜਿਨ੍ਹਾਂ ਨੇ ਅੱਗ ਇੰਨੀ ਭਿਆਨਕ ਹੋਣ ਦੇ ਬਾਵਜੂਦ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਤੇ ਅੱਗ 'ਤੇ ਕਾਬੂ ਪਾਇਆ ਜਾ ਸਕਿਆ।ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹਾਂ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਸ਼ਾਲ ਮੈਰਾਥਨ

**● ਵਿਧਾਇਕ ਤੇ ਡੀ ਸੀ ਨੇ ਆਮ ਖਾਸ ਬਾਗ ਤੋਂ ਕੀਤਾ ਰਵਾਨਾ**



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਿੱਥੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਜ਼ੋਰ ਸ਼ੋਰ ਨਾਲ ਜਾਰੀ ਹੈ, ਉਥੇ ਹੀ ਅੱਜ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰੋਟਰੀ ਕਲੱਬ ਸਰਹਿੰਦ ਦੇ ਸਹਿਯੋਗ ਨਾਲ ਲੋਕਾਂ ਨੂੰ ਨਸ਼ਿਆਂ ਖਿਲਾਫ ਇੱਕਜੁਟ ਕਰਨ ਦੇ ਉਦੇਸ਼ ਨਾਲ ਵਿਸ਼ਾਲ ਮੈਰਾਥਨ ਦਾ ਆਯੋਜਨ ਕੀਤਾ ਗਿਆ।ਇਸ ਮੈਰਾਥਨ ਵਿੱਚ 2500 ਤੋਂ ਵਧੇਰੇ ਖੇਡ ਪ੍ਰੇਮੀਆਂ ਤੇ ਕਰੀਬ ਸਾਰੇ ਹੀ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਹਿੱਸਾ ਲੈਂਦੇ ਹੋਏ ਇਸ ਮੈਰਾਥਨ ਨੂੰ ਯਾਦਗਾਰੀ ਬਣਾ ਦਿੱਤਾ।ਮੈਰਾਥਨ ਨੂੰ ਆਮ ਖਾਸ ਬਾਗ ਸਰਹਿੰਦ ਤੋਂ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਤੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ।ਮੈਰਾਥਨ ਵਿੱਚ ਸ਼ਾਮਲ ਖਿਡਾਰੀਆਂ ਨੇ ਸਰਹਿੰਦ ਸ਼ਹਿਰ ਦੇ ਫੁਆਰਾ ਚੌਕ ਤੋਂ ਹੁੰਦਿਆਂ ਗੁ. ਜੋਤੀ ਸਰੂਪ ਮੋੜ ਤੋਂ ਵਾਪਸ ਆਮ ਖਾਸ ਬਾਗ ਤੱਕ 5 ਕਿਲੋਮੀਟਰ ਤੱਕ ਦਾ ਸਫ਼ਰ ਤੈਅ ਕੀਤਾ।ਇਸ ਮੈਰਾਥਨ ਵਿੱਚ ਸ਼ਾਮਲ ਲੋਕਾਂ ਵੱਲੋਂ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੰਦੇ ਹੋਏ ਨਸ਼ਿਆਂ ਦੀ ਰੋਕਥਾਮ ਸਬੰਧੀ ਨਾਅਰੇ ਵੀ ਲਗਾਏ। ਇਸ ਮੌਕੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਖਿਡਾਰੀਆਂ, ਪ੍ਰਸ਼ਾਸਨਕ ਅਧਿਕਾਰੀਆਂ, ਸਮਾਜ ਸੇਵੀ ਸੰਸਥਾਵਾਂ, ਆਮ ਨਾਗਰਿਕਾਂ ਨੂੰ ਨਸ਼ੇ ਨਾ ਕਰਨ ਦੀ ਸਹੁੰ ਚੁਕਾਈ।ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਤਾਂ ਹੀ ਸਫ਼ਲ ਸਾਬਿਤ ਹੋ ਸਕਦੇ ਹਨ, ਜੇਕਰ ਹਰੇਕ ਨਾਗਰਿਕ ਆਪਣਾ ਸਹਿਯੋਗ ਦੇਵੇ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਕੀਤੀ ਇਸ ਮੈਰਾਥਨ ਵਿੱਚ 2500 ਤੋਂ ਵੱਧ ਲੋਕਾਂ ਨੇ ਸਵੈ-ਇੱਛਾ ਨਾਲ ਹਿੱਸਾ ਲੈ ਕੇ ਸਰਕਾਰ ਦੁਆਰਾ ਨਸ਼ਿਆਂ ਦੇ ਖਾਤਮੇ ਨੂੰ ਯਕੀਨੀ ਬਣਾਉਣ ਦੇ ਮਿੱਥੇ ਟੀਚੇ ਨੂੰ ਪ੍ਰਾਪਤ ਕਰਨ ਦੇ ਉਦਮਾਂ 'ਤੇ ਸਫਲਤਾ ਦੀ ਮੋਹਰ ਲਗਾ ਦਿੱਤੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਤੰਦਰੁਸਤ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਹਰੇਕ ਵਿਅਕਤੀ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦਾ ਹੈ।ਇਸ ਮੌਕੇ ਰੋਟਰੀ ਗਵਰਨਰ ਡਾ. ਸੰਦੀਪ ਚੌਹਾਨ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਸਮਾਜ ਸੇਵੀ ਕਾਰਜਾਂ ਲਈ ਰੋਟਰੀ ਕਲੱਬ ਆਪਣਾ ਸਹਿਯੋਗ ਦਿੰਦਾ ਰਹੇਗਾ। ਇਸ ਮੌਕੇ ਕਲੱਬ ਵੱਲੋਂ ਵੱਖ ਵੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ।

# ਹਾਦਸੇ 'ਚ ਦਾਦੇ ਦੀ ਮੌਤ, ਪੋਤੀ ਗੰਭੀਰ ਜ਼ਖ਼ਮੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਮੁੱਖ ਮਾਰਗ ਮਹਿਲ ਕਲਾਂ ਤੋਂ ਪਿੰਡ ਮਹਿਲ ਖੁਰਦ ਨੂੰ ਜਾਂਦੀ ਲਿੰਕ ਸੜਕ 'ਤੇ ਸਥਿਤ ਗੇਟ ਨੇੜੇ ਵਾਪਰੇ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਬਜ਼ੁਰਗ ਦੀ ਮੌਕੇ 'ਤੇ ਮੌਤ ਹੋ ਜਾਣ 'ਤੇ ਉਸ ਦੀ ਪੋਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।ਮਿਲੀ ਜਾਣਕਾਰੀ ਅਨੁਸਾਰ ਮਨਜੀਤ ਸਿੰਘ (65) ਵਾਸੀ ਪਿੰਡ ਕੁਰੜ ਆਪਣੀ ਪੋਤੀ ਨੂੰ ਮਹਿਲ ਕਲਾਂ ਤੋਂ ਲੈ ਕੇ ਮੋਟਰਸਾਈਕਲ ਰਾਹੀਂ ਘਰ ਪਿੰਡ ਕੁਰੜ ਨੂੰ ਵਾਪਸ ਜਾ ਰਿਹਾ ਸੀ, ਜਦੋਂ ਉਹ ਲੁਧਿਆਣਾ-ਬਰਨਾਲਾ ਮੁੱਖ ਮਾਰਗ ਮਹਿਲ ਕਲਾਂ ਤੋਂ ਮਹਿਲ ਖੁਰਦ ਨੂੰ ਜਾਂਦੀ ਲਿੰਕ ਸੜਕ 'ਤੇ ਸਥਿਤ ਗੇਟ ਦੇ ਨੇੜੇ ਪਹੁੰਚੇ, ਤਾਂ ਇੱਕ ਤੇਜ਼ ਰਫ਼ਤਾਰ ਕਾਰ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਬਜ਼ੁਰਗ ਮਨਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੀ ਪੋਤੀ ਦਰਸ਼ਨੀਤ ਕੌਰ ਕੁਰੜ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ 'ਤੇ ਤਪਾ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ।ਉਸ ਦੀ ਜ਼ਿਆਦਾ ਹਾਲਤ ਗੰਭੀਰ ਦੇਖਦਿਆਂ ਡਾਕਟਰਾਂ ਵੱਲੋਂ ਉਸ ਨੂੰ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਰੈਫਰ ਕੀਤਾ ਗਿਆ।

# 'ਪੰਜਾਬ ਬਚਾਓ ਨਸ਼ਾ ਭਜਾਓ' ਤਹਿਤ ਕੱਢੀ ਰੈਲੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਡਾਇਰੈਕਟਰ ਸ੍ਰ. ਪ੍ਰਤਾਪ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਸੂਲਰ ਰੋਡ ਪਟਿਆਲਾ ਦੇ 11ਵੀਂ ਤੇ 12ਵੀਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਜਸਜੀਤ ਸੋਹੀ ਦੀ ਅਗਵਾਈ ਹੇਠ ਨਸ਼ਾ ਮੁਕਤ ਸਮਾਜ ਦੇ ਸਿਰਲੇਖ ਹੇਠ ਰੈਲੀ ਕੱਢੀ ਗਈ।ਵਿਦਿਆਰਥੀਆਂ ਨੇ ਬੜੇ ਜੋਸ਼ ਨਾਲ ਨਸ਼ਾ ਮੁਕਤ ਸਮਾਜ ਦੇ ਵਿਸ਼ੇ 'ਤੇ ਨਾਹਰੇ ਲਗਾਏ ਤੇ ਪੰਜਾਬ ਨੂੰ ਮੁੜ ਹਰਿਆ ਭਰਿਆ ਅਤੇ ਨਸ਼ਾ ਮੁਕਤ ਤੇ ਹੋਰ ਕੁਰੀਤੀਆਂ ਤੋਂ ਮੁਕਤ ਕਰਨ ਦਾ ਪ੍ਰਣ ਲਿਆ।ਇਸ ਰੈਲੀ ਦੌਰਾਨ ਵਿਦਿਆਰਥੀਆਂ ਨੇ ਜਨਤਾ ਨੂੰ ਵੱਖ-ਵੱਖ ਨਸ਼ਾ ਮੁਕਤ ਸਲੋਗਨ ਦੁਆਰਾ ਜਾਗਰੂਕ ਕੀਤਾ।



# ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੇ ਘਰ ਦਾ ਘਿਰਾਓ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**— ਬਾਜ਼ੀਗਰ ਭਾਈਚਾਰਾ ਤੇ ਵਿਮੁਕਤ ਜਾਤੀਆਂ ਦੇ ਸਾਂਝੇ ਸੰਯੁਕਤ ਮੋਰਚੇ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਕੁਲਵੰਤ ਸਿੰਘ ਬਾਜ਼ੀਗਰ ਦੇ ਘਰ ਸਾਹਮਣੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ।ਇਸ ਤੋਂ ਪਹਿਲਾਂ ਮੋਰਚੇ ਦੇ ਵਰਕਰ ਅਨਾਜ ਮੰਡੀ ਪਾਤੜਾਂ ਵਿਖੇ ਇਕੱਠੇ ਹੋਏ।ਉਪਰੰਤ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਰੋਸ ਮਾਰਚ ਕਰਦੇ ਹੋਏ ਵਿਧਾਇਕ ਦੇ ਘਰ ਸਾਹਮਣੇ ਪਹੁੰਚ ਕੇ ਰੋਸ ਮੁਜ਼ਾਹਰਾ ਕੀਤਾ। ਧਰਨੇ ਨੂੰ ਸੰਬੋਧਨ ਕਰਦਿਆਂ ਵਿਮੁਕਤ ਕਬੀਲੇ ਵਿਮੁਕਤ ਕਬੀਲੇ ਸੰਯੁਕਤ ਮੋਰਚਾ ਪੰਜਾਬ ਦੇ ਆਗੂ ਮੋਰਚਾ ਡਾਕਟਰ ਬਲਵਿੰਦਰ ਸਿੰਘ ਅਲੀਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 22 ਸਾਲ ਤੋਂ ਲਗਾਤਾਰ ਮਿਲਦੇ ਆ ਰਹੇ ਲੰਗੜੇ ਕੋਟੇ ਨੂੰ ਕੱਟਣ ਦੇ ਸੰਬੰਧ 'ਚ 15 ਸਤੰਬਰ 2022 ਨੂੰ ਇੱਕ ਪੱਤਰ ਜਾਰੀ ਕਰ ਕੇ ਬਾਜ਼ੀਗਰ ਤੇ ਵਿਮੁਕਤ ਜਾਤੀਆਂ ਨੂੰ ਮਿਲਦਾ 2 ਪ੍ਰਤੀਸ਼ਤ ਕੋਟਾ ਕੱਟ ਦਿੱਤਾ ਸੀ, ਜਿਸ ਕਾਰਨ ਇਨ੍ਹਾਂ ਜਾਤੀਆਂ ਨਾਲ ਸਬੰਧਤ ਹਜ਼ਾਰਾਂ ਬੱਚਿਆਂ ਨੂੰ ਨੌਕਰੀਆਂ ਤੋਂ ਵਾਂਝੇ ਕਰ ਦਿੱਤਾ ਸੀ।ਸੈਂਕੜੇ ਬੱਚੇ ਜਿਨ੍ਹਾਂ ਨੇ ਸਰਕਾਰੀ ਨੌਕਰੀਆਂ ਵਿੱਚ ਸ਼ਰਤਾਂ ਅਨੁਸਾਰ ਸਾਰੀ ਭਰਤੀ ਪ੍ਰਕਿਰਿਆ ਪੂਰੀ ਕਰ ਲਈ ਸੀ, ਉਨ੍ਹਾਂ ਨੂੰ ਵੀ ਅਜੇ ਤੱਕ ਨਿਯੁਕਤੀ ਪੱਤਰ ਨਹੀਂ ਮਿਲੇ।ਉਨ੍ਹਾਂ ਕਿਹਾ ਕਿ ਵਿਰੋਧ ਪ੍ਰਦਰਸ਼ਨ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਮਾਨ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅੱਜ ਹਰ ਪਲੇਟਫਾਰਮ 'ਤੇ ਲਗਾਤਾਰ ਫੇਲ੍ਹ ਹੋ ਰਹੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਆਉਣ ਵਾਲੀਆਂ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਚੋਣ ਪ੍ਰਚਾਰ ਦੇ ਦਿਨਾਂ 'ਚ ਹਰ ਥਾਂ ਪੱਕੇ ਤੌਰ 'ਤੇ ਮੋਰਚਾ ਲਾ ਕੇ ਆਪ ਪਾਰਟੀ ਦਾ ਵਿਰੋਧ ਡੱਟ ਕੇ ਕਰਾਂਗੇ ਤੇ ਹਲਕੇ 'ਚ ਕਿਸੇ ਵੀ ਪ੍ਰੋਗਰਾਮ 'ਚ ਆਮ ਆਦਮੀ ਪਾਰਟੀ ਦੇ ਬੁਲਾਰਿਆਂ ਨੂੰ ਚੋਣ ਪ੍ਰਚਾਰ ਨਹੀਂ ਕਰਨ ਦਿਆਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਰਚੇ ਦੇ ਆਗੂ ਸਰਬਨ ਸਿੰਘ ਪੰਜਗਰਾਈ, ਕੇਹਰ ਸਿੰਘ ਬਡਰੁੱਖਾਂ, ਜਸਪਾਲ ਸਿੰਘ ਪੰਜਗਰਾਈ, ਬੋਹੜ ਸਿੰਘ ਰੁਪਾਣਾ, ਮੇਜ਼ਰ ਸਿੰਘ ਕਲੇਰ, ਨਿਧਾਨ ਸਿੰਘ ਜੈਖ਼ਰ, ਮਨਪ੍ਰੀਤ ਸਿੰਘ ਮਲੋਟ, ਗੁਰਪਾਲ ਸੰਧਵਾਂ, ਗਗਨਦੀਪ ਸਿੰਘ, ਮਨਪ੍ਰੀਤ ਮੁਕਤਸਰ, ਗੁਰਮੇਲ ਕੌਰ ਬਰਨਾਲਾ, ਪਰਮਜੀਤ ਕੌਰ ਬਾਦਸ਼ਾਹਪੁਰ ਅਤੇ ਹਰਪ੍ਰੀਤ ਕੌਰ ਘੱਗਾ ਆਦਿ ਨੇ ਸੰਬੋਧਨ ਕੀਤਾ।



# ਪੰਜਾਬ ਨਾਨ-ਗਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ ਦਾ ਚੋਣ ਅਜਲਾਸ

**● ਗੁਰਿੰਦਰ ਸਹੋਤਾ ਬਣੇ ਮੁੜ ਸੂਬਾ ਪ੍ਰਧਾਨ**




**ਲੁਧਿਆਣਾ (ਰਾਜ ਸਿੰਗਲਾ)**- ਪੰਜਾਬ ਨਾਨ-ਗਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ ਦਾ ਚੋਣ ਅਜਲਾਸ ਮਲਹੋਤਰਾ ਰਿਜ਼ੋਰਟਸ ਵਿਖੇ ਹੋਇਆ, ਜਿਸ ਵਿੱਚ ਸੂਬੇ ਦੇ ਸਾਰੇ ਵਣ ਮੰਡਲਾਂ ਦੇ ਸਾਥੀਆਂ ਨੇ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਪਹਿਲਗਾਮ ਵਿੱਚ ਸ਼ਹੀਦ ਹੋਏ ਤੇ ਵਣ ਵਿਭਾਗ ਦੇ ਡਿਊਟੀ ਦੌਰਾਨ ਸ਼ਹੀਦ ਹੋਏ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਚੋਣ ਅਜਲਾਸ ਦੀ ਕਰਵਾਈ ਸਾਥੀ ਹਰਦੀਪ ਪਨੇਸਰ ਤੇ ਅਮਰਿੰਦਰ ਨਾਭਾ ਵੱਲੋਂ ਚਲਾਈ ਗਈ।ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਜਗਦੀਪ ਸਿੰਘ ਕੁੰਬੜਾ ਪ੍ਰਧਾਨ ਆਲ ਇੰਡੀਆ ਫਾਰੈਸਟ ਆਫ਼ੀਸਰਜ਼ ਫੈਡਰੇਸ਼ਨ, ਸੌਰਵ ਵਸ਼ਿਸ਼ਟ ਡਿਪਟੀ ਜਨਰਲ ਸੈਕਟਰੀ, ਕਮਲ ਯਾਦਵ ਨੈਸ਼ਨਲ ਕੋਆਰਡੀਨੇਟਰ, ਜਗਦੀਪ ਸਿੰਘ ਢਿੱਲੋਂ, ਰਣਧੀਰ ਸਿੰਘ ਚੱਕਲ, ਅਮਰੀਕ ਸਿੰਘ ਚੌਹਾਨ, ਬਲਵਿੰਦਰ ਸਿੰਘ ਸੰਧੂ ਪ੍ਰਧਾਨ ਫਾਰੈਸਟ ਪੈਨਸ਼ਨਰਜ਼ ਐਸੋਸੀਏਸ਼ਨ, ਰੇਂਜ ਅਫ਼ਸਰ ਮਲਕੀਤ ਸਿੰਘ, ਰੇਂਜ ਅਫ਼ਸਰ ਐਸੋਸੀਏਸ਼ਨ ਤੋਂ ਮਨਪ੍ਰੀਤ ਸਿੰਘ, ਮਨਦੀਪ ਸਿੰਘ ਢਿੱਲੋਂ, ਰਘਵੀਰ ਸਿੰਘ, ਅਮਨਦੀਪ ਸਿੰਘ ਭੰਦੋਹਲ, ਸਵਰਨ ਸਿੰਘ ਜਵੰਧਾ, ਜਸਵਿੰਦਰ ਸਿੰਘ ਔਲਖ ਬਠਿੰਡਾ, ਅਮਰੀਕ ਸਿੰਘ ਪ੍ਰਧਾਨ ਜੰਗਲਾਤ ਵਰਕਰ ਯੂਨੀਅਨ ਤੇ ਇਸ ਤੋਂ ਇਲਾਵਾ ਜਥੇਬੰਦੀ ਵਿੱਚ ਸਰਗਰਮ ਰਹੇ ਪੁਰਾਣੇ ਰਹੇ ਸਾਥੀਆਂ ਨੇ ਭਾਗ ਲਿਆ। ਇਸ ਦੌਰਾਨ ਸੂਬਾ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਦੌਰਾਨ ਸੂਬਾ ਪ੍ਰਧਾਨ ਗੁਰਿੰਦਰ ਸਿੰਘ ਸਹੋਤਾ, ਸੀਨੀ. ਮੀਤ ਪ੍ਰਧਾਨ ਗੁਰਮੋਹਨ ਸਿੰਘ, ਸੂਬਾ ਜਨਰਲ ਸਕੱਤਰ ਹਰਦੀਪ ਸਿੰਘ ਪਨੇਸਰ, ਮੀਤ ਪ੍ਰਧਾਨ ਕੁਲਵਿੰਦਰ ਸਿੰਘ ਰੰਧਾਵਾ, ਮੀਤ ਪ੍ਰਧਾਨ ਅਮਨ ਬੱਬੇਹਾਲੀ, ਸੂਬਾ ਸਹਾਇਕ ਸਕੱਤਰ, ਜਗਦੀਪ ਸਿੰਘ ਫੌਜੀ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਮਲੋਟ, ਸੂਬਾ ਵਿੱਤ ਸਕੱਤਰ ਭੁਪਿੰਦਰ ਸਿੰਘ ਮੋਹਾਲੀ, ਜਥੇਬੰਦਕ ਸਕੱਤਰ ਧੀਰਜ ਕੁਮਾਰ, ਪ੍ਰਚਾਰ ਸਕੱਤਰ ਕੁਲਦੀਪ ਸਿੰਘ ਸੰਧੂ ਜਲੰਧਰ ਮੰਡਲ, ਆਡੀਟਰ ਪ੍ਰਦੀਪ ਸਿੰਘ, ਸਪੈਸ਼ਲ ਮੈਂਬਰਾਂ ਵਿੱਚ ਪਲਵਿੰਦਰ ਕੌਰ, ਲਖਵਿੰਦਰ ਕੌਰ, ਮਲਕੀਤ ਸਿੰਘ, ਪਰਗਟ ਸਿੰਘ, ਮਨਿੰਦਰਪਾਲ ਮਿੰਦੀ, ਵਿਕਰਮਜੀਤ ਸਿੰਘ, ਦਿਨੇਸ਼, ਮਨਵੀਰ ਸਿੰਘ, ਗੁਰਬਖ਼ਸ਼ ਸੂਬਾ, ਕੁਲਦੀਪ ਸਿੰਘ ਸਿਆਨ, ਰੀਟਾ ਚੌਹਾਨ, ਕਰਮਜੀਤ ਕੌਰ, ਚਾਂਦਨੀ, ਲਵਦੀਪ ਕੌਰ, ਇੰਦਰਜੀਤ ਸਿੰਘ ਤੇ ਕੁਲਵਿੰਦਰ ਸਿੰਘ ਤੋਂ ਇਲਾਵਾ ਦਫ਼ਤਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਜਗਦੀਪ ਸਿੰਘ ਕੁੰਬੜਾ, ਅਮਰਿੰਦਰ ਸਿੰਘ ਨਾਭਾ, ਭੂਸ਼ਨ ਗਰਗ, ਨਰਿੰਦਰਪ੍ਰੀਤ ਕਟੋਚ, ਤਰਲੋਚਨ ਸਿੰਘ, ਬੰਟੀ ਸਿੰਘ, ਤੇਜਵੰਤ ਸਿੰਘ, ਗੁਰਪ੍ਰੀਤ ਕੌਰ ਸ੍ਰੀ ਮੁਕਤਸਰ ਸਾਹਿਬ ਸਾਥੀ ਚੁਣੇ ਗਏ।ਨਵੀਂ ਚੁਣੀ ਗਈ ਸੂਬਾ ਕਮੇਟੀ ਨੇ ਹਾਜ਼ਰ ਸਾਥੀਆਂ ਦਾ ਧੰਨਵਾਦ ਕੀਤਾ ਤੇ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਯਤਨ ਕਰਨ ਦਾ ਵਿਸ਼ਵਾਸ ਦਿਵਾਇਆ।

# ਹੋਲੀ ਹਾਰਟ ਸਕੂਲ ਵਿਖੇ ਮਾਪੇ-ਅਧਿਆਪਕ ਮਿਲਣੀ ਸਮਾਗਮ

**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਰਸਰੀ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਮਾਪੇ-ਅਧਿਆਪਕ ਮਿਲਣੀ ਸਮਾਗਮ ਰੱਖਿਆ ਗਿਆ, ਜਿਸ ਵਿੱਚ ਬੱਚਿਆਂ ਦੇ ਮਾਪਿਆਂ ਨੂੰ ਹੋਣ ਜਾ ਰਹੇ ਪੀ ਟੀ 1 ਪ੍ਰੀਖਿਆ ਬਾਰੇ ਦੱਸਿਆ ਗਿਆ। ਅਧਿਆਪਕਾਵਾਂ ਦੁਆਰਾ ਬੱਚਿਆਂ ਤੇ ਮਾਪਿਆਂ ਦੇ ਨਾਲ ਮਿਲ ਕੇ ਮਾਂ ਦਿਵਸ ਵੀ ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਆਪਣੀਆਂ ਮਾਵਾਂ ਨੂੰ ਗਰੀਟਿੰਗ ਕਾਰਡ ਦਿੱਤੇ।ਅਧਿਆਪਕ ਦੁਆਰਾ ਮਾਪਿਆਂ ਨੂੰ ਜੋ ਹਰ ਰੋਜ਼ ਟੈਸਟ ਹੁੰਦੇ ਹਨ, ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਦੇ ਨਾਲ ਹੀ ਬੱਚਿਆਂ ਦੇ ਮਾਪਿਆਂ ਨੂੰ ਡੇਟਸ਼ੀਟ ਤੇ ਰੋਲ ਨੰਬਰ ਸਲਿਪ ਬਾਰੇ ਵੀ ਦੱਸਿਆ ਗਿਆ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਵੀ ਮਾਪਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ।ਇਸ ਦੇ ਨਾਲ ਉਨ੍ਹਾਂ ਨੇ ਬੱਚਿਆਂ ਨੂੰ ਪੇਪਰਾਂ ਵਿੱਚੋਂ ਵਧੀਆ ਨੰਬਰ ਲੈ ਕੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕਰਨ ਲਈ ਉਤਸ਼ਾਹਤ ਕੀਤਾ।



# ਬਾਬਾ ਸੁਦਾਨੰਦ ਦੀ ਬਰਸੀ ਮੌਕੇ ਖ਼ੂਨਦਾਨ ਕੈਂਪ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**- ਪਿੰਡ ਮਾਛੀਕੇ ਵਿਖੇ ਧੰਨ ਧੰਨ ਬਾਬਾ ਸੁਦਾਨੰਦ ਜੀ ਦੀ ਯਾਦ ਨੂੰ ਸਮਰਪਿਤ ਸਾਲਾਨਾ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਗਿਆ।ਇਸ ਮੌਕੇ ਸਰਪੰਚ ਜਗਮੋਹਨ ਸਿੰਘ ਤੇ ਬਲਾਕ ਪ੍ਰਧਾਨ ਡਾਕਟਰ ਬੱਬੂ ਮਾਛੀਕੇ, ਪੰਚਾਇਤ ਮੈਂਬਰ ਗੁਰਪਿਆਰ, ਪੰਚਾਇਤ ਮੈਂਬਰ ਪਰਮਿੰਦਰ ਸਿੰਘ ਕਾਲਾ ਤੋਂ ਇਲਾਵਾ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਨਵਿਆ ਭਾਰਤ ਫਾਊਂਡੇਸ਼ਨ ਵੱਲੋਂ ਦਿਵਿਆਂਗਜਨਾਂ ਦੇ ਅਧਿਕਾਰਾਂ ਸੰਬੰਧੀ ਸੈਮੀਨਾਰ

**ਸਮਰਾਲਾ (ਸੁਰਜੀਤ ਸਿੰਘ)**- ਨਵਿਆ ਭਾਰਤ ਫਾਉਂਡੇਸ਼ਨ ਵੱਲੋਂ ਸੋਸਾਇਟੀ ਫਾਰ ਬਲਾਈਂਡ ਚੰਡੀਗੜ੍ਹ ਤੇ ਐੱਸਏਪੀਟੀ ਇੰਡੀਆ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਮਿਸ਼ਨ ਅਪਰਣਾ ਸ਼ਕਤੀ ਦੇ ਤਹਿਤ ਇੰਸਟੀਚਿਊਟ ਫਾਰ ਬਲਾਈਂਡ ਚੰਡੀਗੜ੍ਹ ਵਿੱਚ ਵਿਸ਼ੇਸ਼ ਲੋਕਾਂ (ਦਿਵਿਆਂਗਜਨ) ਲਈ ਕੀਤਾ ਗਿਆ।ਇਸ ਸੈਮੀਨਾਰ ਵਿੱਚ ਐਡਵੋਕੇਟ ਰਾਜ ਕੁਮਾਰ ਮੱਕੜ, ਸਾਬਕਾ ਦਿਵਿਆਂਗ ਕਮਿਸ਼ਨਰ, ਹਰਿਆਣਾ ਸਰਕਾਰ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ।ਉਨ੍ਹਾਂ ਦਿਵਿਆਂਗ ਜਨ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕੀਤਾ ਤੇ ਸੈਮੀਨਾਰ ਲਈ ਨਵਿਆ ਭਾਰਤ ਫਾਊਂਡੇਸ਼ਨ (ਐੱਨਬੀਐੱਫ) ਦੀ ਟੀਮ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਮੁੱਖ ਬੁਲਾਰੇ ਵਜੋਂ ਪ੍ਰੋਫੈਸਰ ਸ਼ਾਲਿਨੀ ਗੇਂਡਰ, ਕੰਸਲਟੈਂਟ, ਇਸਤਰੀ ਰੋਗ ਵਿਭਾਗ, ਪੀਜੀਆਈ ਚੰਡੀਗੜ੍ਹ ਨੇ ਵਿਦਿਆਰਥੀਆਂ ਨੂੰ 'ਮਹਿਲਾ ਸ਼ਕਤੀ ਤੇ ਸਿਹਤ' ਵਿਸ਼ੇ 'ਤੇ ਸੰਬੋਧਨ ਕੀਤਾ।ਉਨ੍ਹਾਂ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦੀਆਂ ਸਲਾਹਾਂ ਦਿੱਤੀਆਂ ਤੇ ਵੂਮੈਨ ਹੈਲਥ ਦੇ ਮਹੱਤਵ ਨੂੰ ਸਮਝਾ ਕੇ ਸਾਰਿਆਂ ਨੂੰ ਸਿਹਤਮੰਦ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੀ ਪ੍ਰਧਾਨਗੀ ਇੰਸਟੀਚਿਊਟ ਦੀ ਸਕੱਤਰ ਸੁਪਰਣਾ ਸਚਦੇਵਾ ਨੇ ਕੀਤੀ।ਉਨ੍ਹਾਂ ਸਾਰੇ ਮਹਿਮਾਨਾਂ ਤੇ ਐੱਨਬੀਐੱਫ ਟੀਮ ਦੀ ਹਾਜ਼ਰੀ ਲਈ ਧੰਨਵਾਦ ਜਤਾਇਆ।ਇਸ ਮੌਕੇ 'ਨਵਿਆ ਭਾਰਤ ਫਾਊਂਡੇਸ਼ਨ' (ਐੱਨਬੀਐੱਫ ਭਾਰਤ) ਤੇ ਐਸਏਪੀਟੀ ਇੰਡੀਆ ਦੇ ਸੰਸਥਾਪਕ ਤੇ ਕੌਮੀ ਪ੍ਰਧਾਨ, ਪੀਜੀਆਈ ਚੰਡੀਗੜ੍ਹ ਦੇ ਫਿਜ਼ੀਓਥੈਰਾਪਿਸਟ ਡਾ. ਅਨਿਰੁੱਧ ਉਨਿਯਾਲ ਨੇ ਦਿਵਿਆਂਗ ਜਨ ਨੂੰ ਦਿਵਯ ਅੰਗ ਧਾਰਣ ਕਰਨ ਵਾਲੇ ਪ੍ਰਮਾਤਮਾ ਦੀ ਸਭ ਤੋਂ ਸੁੰਦਰ ਰਚਨਾ ਦੱਸਿਆ ਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜੁਆਇੰਟ ਸਕੱਤਰ ਅਨੀਤਾ, ਪ੍ਰਿੰਸੀਪਲ ਰਾਕੇਸ਼, ਰਿਸ਼ਭ ਮਿਸ਼ਰਾ, ਸਾਤਵਿਕ, ਹਰਮਨ, ਹੋਰ ਅਧਿਆਪਕ ਤੇ ਐੱਨਬੀਐੱਫ ਦੇ ਮੈਂਬਰ ਹਾਜ਼ਰ ਰਹੇ।



# ਆਂਗਣਵਾੜੀ ਵਫ਼ਦ ਦੀ ਡਾਇਰੈਕਟਰ ਨਾਲ ਮੀਟਿੰਗ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਵਫ਼ਦ ਦੀ ਇੱਕ ਵਿਸ਼ੇਸ਼ ਮੀਟਿੰਗ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਡਾਇਰੈਕਟਰ ਸ਼ੀਨਾ ਅਗਰਵਾਲ ਨਾਲ 19 ਮਈ ਨੂੰ ਵਿਭਾਗ ਦੇ ਮੁੱਖ ਦਫਤਰ ਵਿੱਚ ਚੰਡੀਗੜ੍ਹ ਵਿਖੇ ਹੋਵੇਗੀ। ਉਪਰੋਕਤ ਜਾਣਕਾਰੀ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਦਿੱਤ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ 20 ਮਈ ਨੂੰ ਡਾਇਰੈਕਟਰ ਦਫ਼ਤਰ ਦੇ ਅੱਗੇ ਰੋਸ ਧਰਨਾ ਲਗਾਉਣ ਦਾ ਐਲਾਨ ਕੀਤਾ ਹੋਇਆ ਹੈ, ਪਰ ਉਸ ਤੋਂ ਪਹਿਲਾਂ ਹੀ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਮੀਟਿੰਗ ਕਰਨ ਲਈ ਉਨ੍ਹਾਂ ਨੂੰ ਚਿੱਠੀ ਭੇਜ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਅਗਲਾ ਫੈਸਲਾ ਮੀਟਿੰਗ ਵਿੱਚ ਹੋਈ ਗੱਲਬਾਤ ਤੋਂ ਬਾਅਦ ਕੀਤਾ ਜਾਵੇਗਾ।

# 33 ਸੀ ਐੱਚ ਬੀ ਮੁਲਾਜ਼ਮ ਸਾਥੀ ਫੈਡਰੇਸ਼ਨ ਏਟਕ 'ਚ ਸ਼ਾਮਲ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਰਾਜਪੁਰਾ ਦੀ ਮੀਟਿੰਗ ਸ੍ਰ: ਨਾਜਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਪੈਨਸ਼ਨਰ ਯੂਨੀਅਨ ਦਫ਼ਤਰ ਵਿਖੇ ਹੋਈ, ਜਿਸ ਵਿੱਚ ਤਕਰੀਬਨ 40 ਸਾਥੀਆਂ ਨੇ ਭਾਗ ਲਿਆ। ਇਸ ਮੌਕੇ ਰਾਜਿੰਦਰ ਸਿੰਘ ਪੰਜਾਬ ਆਗੂ, ਚਰਨ ਸਿੰਘ ਪਟਿਆਲਾ ਸਰਕਲ ਆਗੂ, ਮੰਗਤ ਸਿੰਘ ਮੀਤ ਪ੍ਰਧਾਨ ਰਾਜਪੁਰਾ ਤੇ ਰਵੀ ਰਾਜਪੁਰਾ ਦੀ ਪ੍ਰੇਰਣਾ ਸਦਕਾ ਕੋਈ 33 ਸੀ ਐੱਚ ਬੀ ਮੁਲਾਜ਼ਮ ਸਾਥੀ ਫੈਡਰੇਸ਼ਨ ਏਟਕ ਵਿੱਚ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਜਿੰਦਰ ਸਿੰਘ ਮੀਤ ਪ੍ਰਧਾਨ ਪੈਨਸ਼ਨਰ ਯੂਨੀਅਨ ਪੰਜਾਬ ਤੇ ਚਰਨ ਸਿੰਘ ਸਰਕਲ ਆਗੂ ਨੇ ਏਟਕ ਵਿੱਚ ਆਏ ਸਾਥੀਆਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਪੂਰਨ ਰੂਪ ਵਿੱਚ ਭਰੋਸਾ ਦਿੱਤਾ ਕਿ ਇਨ੍ਹਾਂ ਸਾਰੇ ਸਾਥੀਆਂ ਦੇ ਹਰ ਦੁੱਖ ਸੁੱਖ ਵਿੱਚ ਜਥੇਬੰਦੀ ਸਾਥ ਦੇਵੇਗੀ। ਮੀਟਿੰਗ ਦੀ ਕਾਰਵਾਈ ਬਲਵੀਰ ਸਿੰਘ ਡਵੀਜ਼ਨ ਸਕੱਤਰ ਨੇ ਬਾਖ਼ੂਬੀ ਨਿਭਾਈ। ਮੀਟਿੰਗ ਨੂੰ ਰਵੀ ਜੀ ਡਵੀਜ਼ਨ ਆਗੂ ਨੇ ਡਿਊਟੀ ਕਰਦੇ ਸਮੇਂ ਸਾਵਧਾਨੀ ਰੱਖਣ ਲਈ ਪ੍ਰੇਰਤ ਕੀਤਾ। ਮੰਗਤ ਸਿੰਘ ਡਵੀਜ਼ਨ ਮੀਤ ਪ੍ਰਧਾਨ ਨੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਮੀਟਿੰਗ ਨੂੰ ਜੀਵਨ ਸਿੰਘ ਪ੍ਰਧਾਨ ਪੈਨਸ਼ਨਰ ਯੂਨੀਅਨ ਰਾਜਪੁਰਾ ਨੇ ਵੀ ਹਰ ਮਦਦ ਦਾ ਵਿਸ਼ਵਾਸ ਦਿਵਾਇਆ। ਚਰਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਾਜਪੁਰਾ ਵਿਖੇ ਇੱਕ ਵੱਡਾ ਇਕੱਠ ਕਰਕੇ ਇੱਕ ਵੱਡੀ ਰੈਲੀ ਕਰਾਂਗੇ ਤੇ ਏਟਕ ਦੇ ਇਤਿਹਾਸ ਬਾਰੇ ਪੂਰੀ ਜਾਣਕਾਰੀ ਦੇਵਾਂਗੇ, ਜਿਸ ਵਿੱਚ ਪੰਜਾਬ ਏਟਕ ਆਗੂ ਪੰਜਾਬ ਫੈਡਰੇਸ਼ਨ ਤੇ ਪੈਨਸ਼ਨਰਜ਼ ਪੰਜਾਬ ਆਗੂ ਸੰਬੋਧਨ ਕਰਨਗੇ। ਬਾਅਦ ਵਿੱਚ ਨਾਜਰ ਸਿੰਘ ਪ੍ਰਧਾਨ ਡਵੀਜ਼ਨ ਰਾਜਪੁਰਾ ਨੇ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਕੰਨਿਆ ਸਕੂਲ ਦਾ ਦਸਵੀਂ ਦਾ ਨਤੀਜਾ 100 ਫੀਸਦੀ

**ਮਾਛੀਵਾੜ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਦਾ ਨਤੀਜਾ 100% ਰਿਹਾ।ਹਰਮਨਪ੍ਰੀਤ ਕੌਰ 606/650 ਅੰਕ ਲੈ ਕੇ ਪਹਿਲੇ, ਮਨਪ੍ਰੀਤ ਕੌਰ 603/650 ਅੰਕ ਲੈ ਕੇ ਦੂਜੇ, ਮਨਜੋਤ ਕੌਰ 594/650 ਅੰਕ ਲੈ ਕੇ ਤੀਜੇ ਤੇ ਗੁਰਸਹਿਜ ਕੌਰ 588/650 ਅੰਕ ਲੈ ਕੇ ਚੌਥੇ ਸਥਾਨ 'ਤੇ ਰਹੀ।ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ ਨੇ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਸਕੂਲ ਦੇ ਸਮੂਹ ਸਟਾਫ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਸਦਕਾ ਵਿਦਿਆਰਥੀਆਂ ਨੇ ਇੰਨੇ ਚੰਗੇ ਅੰਕ ਹਾਸਲ ਕੀਤੇ।ਹਰਦੀਪ ਕੌਰ ਨੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਪੜ੍ਹਾਈ ਦੇ ਵਿੱਚ ਵੱਧ ਤੋਂ ਵੱਧ ਮਿਹਨਤ ਕਰਨ ਤਾਂ ਜੋ ਚੰਗੇ ਨਤੀਜੇ ਹਾਸਲ ਕੀਤੇ ਜਾ ਸਕਣ।



# ਸੁਪਰੀਮ ਕੌਨਵੈਂਟ ਸਕੂਲ 'ਚ ਮਾਂ ਦਿਵਸ ਮਨਾਇਆ

**ਹਠੂਰ (ਨਛੱਤਰ ਸੰਧੂ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਮਾਂ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਨਰਸਰੀ ਤੋਂ ਲੈ ਕੇ ਦੂਸਰੀ ਜਮਾਤ ਤੱਕ ਦੀਆਂ ਮਾਵਾਂ ਤੇ ਦਾਦੀਆਂ ਨੂੰ ਉਚੇਚੇ ਤੌਰ 'ਤੇ ਸੱਦਾ ਪੱਤਰ ਦਿੱਤਾ ਗਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਮੌਜੂਦ ਸਾਰੀਆਂ ਹੀ ਮਾਵਾਂ ਤੇ ਦਾਦੀਆਂ ਨੂੰ ਨਾਲ ਲੈ ਕੇ ਸਕੂਲ ਪ੍ਰਧਾਨ ਚਰਨ ਸਿੰਘ, ਚੇਅਰਮੈਨ ਯੋਗਿੰਦਰ ਸ਼ਰਮਾ ਸਮੂਹ ਸਕੂਲ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਵੱਲੋਂ ਰੀਬਨ ਕੱਟ ਕੇ ਕੀਤੀ ਗਈ।ਮਾਵਾਂ ਤੇ ਦਾਦੀਆਂ ਨੂੰ ਨੰਨ੍ਹੇ ਮੁੰਨੇ ਬੱਚਿਆਂ ਦੁਆਰਾ ਬਣਾਏ ਗਏ ਗਰੀਟਿੰਗ ਕਾਰਡ ਤੇ ਫੁੱਲ ਦੇ ਕੇ ਜੀ ਆਇਆਂ ਕਿਹਾ ਗਿਆ।ਇਸ ਮੌਕੇ ਬੱਚਿਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਬੱਚਿਆਂ ਨੇ ਗੀਤ, ਡਾਂਸ ਤੇ ਕਵਿਤਾਵਾਂ ਨਾਲ ਸਭ ਦਾ ਮਨੋਰੰਜਨ ਕੀਤਾ।ਇਸ ਟਾਈਮ ਨੂੰ ਹੋਰ ਵੀ ਰੌਚਕ ਬਣਾਉਣ ਲਈ ਬੱਚਿਆਂ ਦੀਆਂ ਮਾਵਾਂ ਤੇ ਦਾਦੀਆਂ ਦੀਆਂ ਖੇਡਾਂ ਕਰਵਾਈਆਂ ਗਈਆਂ।



# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਂਅ ਸਿੱਖ ਇਤਿਹਾਸ 'ਚ ਹਮੇਸ਼ਾ ਚਮਕਦਾ ਰਹੇਗਾ : ਸੰਧਵਾਂ



**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਵਿਸ਼ਵਕਰਮਾ ਭਵਨ ਮੋਗਾ ਵਿਖੇ ਕੌਮੀ ਜਰਨੈਲ ਮਾਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 302ਵੇਂ ਜਨਮ ਦਿਵਸ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਨੌਜਵਾਨ ਪੀੜ੍ਹੀ ਨੂੰ ਇਤਿਹਾਸ ਨਾਲ ਜੋੜਨ ਤੇ ਕੌਮੀ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਤੇ ਕੁਰਬਾਨੀ ਬਾਰੇ ਜਾਣੂੰ ਕਰਵਾਉਣ ਲਈ ਉਨ੍ਹਾਂ ਦਾ ਜਨਮ ਦਿਨ ਮਨਾ ਕੇ ਸ਼ਲਾਘਾਯੋਗ ਕੰਮ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਨੂੰ ਜੀਵਨ ਵਿੱਚ ਸਿੱਖੀ ਸਿਦਕ, ਦੇਸ਼ ਭਗਤੀ, ਸੂਰਬੀਰਤਾ ਤੇ ਕੁਰਬਾਨੀ ਵਿਰਸੇ ਵਿੱਚ ਮਿਲਣ ਕਾਰਨ ਉਨ੍ਹਾਂ ਨੇ ਅਠਾਰਵੀਂ ਸਦੀ ਵਿੱਚ ਸੂਰਬੀਰਤਾ, ਦਲੇਰੀ ਵਾਲੇ ਕਾਰਨਾਮੇ ਕੀਤੇ। ਉਨ੍ਹਾਂ ਜਿੱਤ ਪ੍ਰਾਪਤ ਕਰਕੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾਇਆ। ਉਨ੍ਹਾਂ ਦਿੱਲੀ ਤੋਂ ਤਖਤੇ-ਏ-ਤਾਊਸ ਪੁੱਟ ਕੇ ਲਿਆਂਦਾ ਤੇ ਸ੍ਰੀ ਗੁਰੂ ਰਾਮ ਦਾਸ ਦੇ ਚਰਨਾਂ ਵਿੱਚ ਮੱਥਾ ਟੇਕ ਦਿੱਤਾ। ਇਹ ਇਤਿਹਾਸਕ ਸਿਲ ਰਾਮਗੜ੍ਹੀਆ ਬੂੰਗਾ ਵਿੱਚ ਸਥਾਪਤ ਹੈ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਸਿੱਖ ਇਤਿਹਾਸ ਵਿੱਚ ਹਮੇਸ਼ਾ ਚਮਕਦਾ ਰਹੇਗਾ। ਇਸ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਸਖਮਨੀ ਸੇਵਾ ਸੁਸਾਇਟੀ ਬੀਬੀਆਂ ਦੇ ਜੱਥੇ ਤੇ ਭਾਈ ਰਵਿੰਦਰ ਸਿੰਘ ਦੇ ਜੱਥੇ ਨੇ ਮਨੋਹਰ ਕੀਰਤਨ ਕੀਤਾ। ਭਾਈ ਗੁਰਤੇਜ ਸਿੰਘ ਗਾਫਿਲ ਦੇ ਢਾਡੀ ਜੱਥੇ ਨੇ ਸਿੱਖ ਇਤਿਹਾਸ ਨਾਲ ਜੋੜਿਆ। ਸ੍ਰ. ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਜੋਧਿਆਂ, ਸੂਰਬੀਰਾਂ, ਸ਼ਹੀਦਾਂ ਦੇ ਇਤਿਹਾਸ ਨੂੰ ਸਕੂਲੀ ਸਿੱਖਿਆ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਕਿਹਾ ਕਿ ਉਹ ਮੋਗਾ ਵਿਖੇ ਜਲਦੀ ਮੀਟਿੰਗ ਕਰਨਗੇ ਤੇ ਲੋਕਲ ਵਿਧਾਇਕ ਡਾ. ਅਮਨਦੀਪ ਅਰੋੜਾ ਤੇ ਸਬੰਧਤ ਅਧਿਕਾਰੀਆਂ ਨਾਲ ਬੈਠ ਕੇ ਸਮੱਸਿਆਵਾਂ ਦਾ ਹੱਲ ਕਰਨਗੇ। ਉਨ੍ਹਾਂ ਵਿਸ਼ਵਕਰਮਾ ਭਵਨ ਲਈ ਇੱਕ ਲੱਖ ਦਸ ਹਜ਼ਾਰ ਦੀ ਗਰਾਂਟ ਦਾ ਐਲਾਨ ਕੀਤਾ। ਇਸ ਮੌਕੇ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਪੱਛੜੀਆਂ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਤ ਸਿੰਘ ਥਿੰਦ, ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਕੌਮੀ ਜਰਨੈਲ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ। ਚਰਨਜੀਤ ਸਿੰਘ ਝੰਡੇਆਣਾ ਤੇ ਗੁਰਪ੍ਰੀਤਮ ਸਿੰਘ ਚੀਮਾ ਨੇ ਮੰਚ ਦਾ ਸੰਚਾਲਨ ਕਰਦਿਆਂ ਸਿੱਖ ਇਤਿਹਾਸ 'ਤੇ ਚਾਨਣਾ ਪਾਇਆ। ਇਸ ਮੌਕੇ ਉੱਘੀਆਂ ਸ਼ਖਸੀਅਤਾਂ ਹਰਜਿੰਦਰ ਸਿੰਘ ਰੋਡੇ ਚੇਅਰਮੈਨ ਮਾਰਕਿਟ ਕਮੇਟੀ, ਮਾਲਵਿਕਾ ਸੂਦ ਹਲਕਾ ਇੰਚਾਰਜ ਕਾਂਗਰਸ, ਸੰਜੀਤ ਸਿੰਘ ਸੰਨੀ ਹਲਕਾ ਇੰਚਾਰਜ ਆਕਾਲੀ ਦਲ, ਕੁਲਵੰਤ ਸਿੰਘ ਰਾਮਗੜ੍ਹੀਆ, ਰਾਜਾ ਸਿੰਘ ਭਾਰਤਵਾਲੇ, ਚਮਕੌਰ ਸਿੰਘ ਝੰਡੇਆਣਾ, ਮਾਸਟਰ ਇੰਦਰਜੀਤ ਸਿੰਘ ਤੋਂ ਇਲਾਵਾ ਵੱਖ ਵੱਖ ਸਮਾਜ ਸੇਵੀ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਸਪੀਕਰ ਤੇ ਹਾਜ਼ਰ ਸ਼ਖਸੀਅਤਾਂ ਦਾ ਸ਼ਾਲ ਤੇ ਵਿਸ਼ੇਸ਼ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

# ਬਾਹੂਬਲੀ ਸ਼ਾਹ ਦੀ ਗ੍ਰਿਫ਼ਤਾਰੀ ਦੀ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਜ਼ੋਰਦਾਰ ਨਿੰਦਾ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਪ੍ਰਮੁੱਖ ਗੁਜਰਾਤੀ ਅਖ਼ਬਾਰ 'ਗੁਜਰਾਤ ਸਮਾਚਾਰ' ਦੇ ਮਾਲਕ ਤੇ ਡਾਇਰੈਕਟਰ ਬਾਹੂਬਲੀ ਸ਼ਾਹ ਨੂੰ ਦੋ ਦਹਾਕੇ ਪੁਰਾਣੇ ਇੱਕ ਕੇਸ ਵਿੱਚ ਈ. ਡੀ. ਵੱਲੋਂ ਗ੍ਰਿਫ਼ਤਾਰ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਯੂਨੀਅਨ ਦੇ ਸੂਬਾਈ ਚੇਅਰਮੈਨ ਬਲਵਿੰਦਰ ਜੰਮੂ, ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ ਤੇ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ ਬਾਹੂਬਲੀ ਸ਼ਾਹ ਦੀ ਗ੍ਰਿਫ਼ਤਾਰੀ ਨੂੰ ਪ੍ਰੈੱਸ ਦੀ ਅਜ਼ਾਦੀ ਉੱਪਰ ਹਮਲਾ ਕਰਾਰ ਦਿੰਦਿਆਂ ਕਿਹਾ ਕਿ 90 ਸਾਲ ਪੁਰਾਣੇ ਪ੍ਰਮੁੱਖ ਗੁਜਰਾਤੀ ਅਖ਼ਬਾਰ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਵੀ ਅਹਿਮ ਯੋਗਦਾਨ ਪਾਇਆ ਸੀ ਤੇ ਪਿਛਲੇ ਸਮੇਂ ਤੋਂ ਕੇਂਦਰ ਦੀ ਮੋਦੀ ਸਰਕਾਰ ਤੇ ਗੁਜਰਾਤ ਦੀ ਸੂਬਾਈ ਸਰਕਾਰ ਦੀਆਂ ਨੀਤੀਆਂ ਵਿਰੁੱਧ ਬੇਬਾਕੀ ਨਾਲ ਲਿਖਣ ਵਾਲੇ ਅਖ਼ਬਾਰ ਦੀ ਅਵਾਜ਼ ਬੰਦ ਕਰਨ ਦਾ ਯਤਨ ਹੈ। ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਈ. ਡੀ. ਵੱਲੋਂ ਲੋਕ ਪ੍ਰਕਾਸ਼ਨ ਸਮੂਹ ਦੇ ਅਹਿਮਦਾਬਾਦ ਕੰਪਲੈਕਸ ਵਿੱਚ 36 ਘੰਟੇ ਦੀ ਛਾਪੇਮਾਰੀ ਬਾਅਦ ਬਜ਼ੁਰਗ ਪੱਤਰਕਾਰ ਬਾਹੂਬਲੀ ਸ਼ਾਹ ਨੂੰ ਬਿਮਾਰੀ ਦੀ ਹਾਲਤ ਵਿੱਚ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਪਤਨੀ ਦੀ ਮੌਤ ਹੋ ਗਈ ਸੀ। ਪੱਤਰਕਾਰ ਆਗੂਆਂ ਨੇ ਕਿਹਾ ਕਿ ਬਾਹੂਬਲੀ ਸ਼ਾਹ ਨੂੰ ਇਸ ਹਾਲਾਤ ਵਿੱਚ ਗ੍ਰਿਫ਼ਤਾਰ ਕਰਨਾ ਪ੍ਰੈੱਸ ਦੀ ਅਜ਼ਾਦੀ ਉੱਪਰ ਹਮਲੇ ਤੋਂ ਇਲਾਵਾ ਅਣਮਨੁੱਖੀ ਕਾਰਵਾਈ ਵੀ ਹੈ। ਉਨ੍ਹਾਂ ਕਿਹਾ ਕਿ ਸੀਨੀਅਰ ਪੱਤਰਕਾਰ ਦੀ ਸਿਹਤ ਨੂੰ ਦੇਖਦਿਆਂ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਈ. ਡੀ. ਵੱਲੋਂ ਫ਼ਰਜ਼ੀ ਕੇਸਾਂ ਵਿੱਚ ਪੱਤਰਕਾਰਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰਨ ਦੀ ਮੰਗ ਕੀਤੀ ਹੈ।

# ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਨੇ ਮੈਟ੍ਰਿਕ ਪ੍ਰੀਖਿਆ 'ਚ 21ਵਾਂ ਸਥਾਨ ਹਾਸਲ ਕੀਤਾ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੀ ਸੁਖਪ੍ਰੀਤ ਕੌਰ ਪੁੱਤਰੀ ਰਾਜਿੰਦਰ ਸਿੰਘ ਨੇ 96.7% ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਵਿੱਚ 21ਵਾਂ ਸਥਾਨ ਤੇ ਸਕੂਲ ਮੈਰਿਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਸਕੂਲ ਮੈਰਿਟ ਵਿੱਚ ਗੁਰਸ਼ਰਨਦੀਪ ਸਿੰਘ ਪੁੱਤਰ ਬਿੰਦਰ ਸਿੰਘ ਨੇ 95.2% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਜਸਪ੍ਰੀਤ ਕੌਰ ਪੁੱਤਰੀ ਸੁਖਬੀਰ ਸਿੰਘ ਤੇ ਗੁਰਲੀਨ ਕੌਰ ਪੁੱਤਰੀ ਇਕਬਾਲ ਸਿੰਘ ਨੇ 94.9% ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਪ੍ਰਿੰਸੀਪਲ ਸੋਮਾ ਦੇਵੀ ਨੇ ਦੱਸਿਆ ਕਿ ਸਕੂਲ ਵਿੱਚ 65 ਵਿਦਿਆਰਥੀਆਂ ਵਿੱਚੋਂ 14 ਵਿਦਿਆਰਥੀਆਂ ਨੇ 90% ਤੋਂ ਉੱਪਰ, 15 ਵਿਦਿਆਰਥੀਆਂ ਨੇ 80% ਤੋਂ ਉੱਪਰ ਤੇ ਬਾਕੀ ਸਾਰੇ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਆਪਣਾ, ਆਪਣੇ ਮਾਪਿਆਂ, ਸਕੂਲ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀਮਤੀ ਨੀਲਮ ਕੁਮਾਰੀ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਅੰਜਨਾ ਕੌਸ਼ਲ, ਉਪ ਜ਼ਿਲ੍ਹਾ ਅਫ਼ਸਰ ਸੈਕੰਡਰੀ ਪ੍ਰਦੀਪ ਦਿਉੜਾ, ਉਪ ਜ਼ਿਲ੍ਹਾ ਅਫ਼ਸਰ ਐਲੀਮੈਂਟਰੀ ਪਵਨ ਕੁਮਾਰ, ਸ੍ਰੀਮਤੀ ਸ਼ੁਚੇਤਾ ਸ਼ਰਮਾ ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਜ਼ਿਲ੍ਹਾ ਗਾਈਡੈਂਸ ਕੌਂਸਲਰ ਜਸਬੀਰ ਜੱਸੀ ਨੇ ਮਾਪਿਆਂ, ਵਿਦਿਆਰਥੀਆਂ ਤੇ ਸਕੂਲ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।



# ਸਿਹਤ ਮੰਤਰੀ ਨੇ ਹਲਕੇ ਦੇ ਵਸਨੀਕਾਂ ਦੀਆਂ ਸੁਣੀਆਂ ਮੁਸ਼ਕਲਾਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਹਲਕੇ ਪਟਿਆਲਾ ਦਿਹਾਤੀ ਦੇ ਵਸਨੀਕਾਂ ਦੀਆਂ ਆਪਣੇ ਸਥਾਨਕ ਦਫ਼ਤਰ ਵਿਖੇ ਸੁਣੀਆਂ।ਇੱਥੇ ਇਲਾਕਾ ਨਿਵਾਸੀਆਂ ਨਾਲ ਮੁਲਾਕਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਲੋਕਾਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਅਰੰਭੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅੱਜ ਲੋਕ ਲਹਿਰ ਬਣ ਗਈ ਹੈ।ਉਨ੍ਹਾਂ ਦੱਸਿਆ ਕਿ ਨਸ਼ੇ ਦੀ ਸਪਲਾਈ ਚੇਨ ਖ਼ਤਮ ਕਰਕੇ ਨਸ਼ਿਆਂ ਦੇ ਆਦੀਆਂ ਦੇ ਮੁੜ ਵਸੇਬੇ ਤੇ ਹੁਨਰਮੰਦ ਬਣਾ ਕੇ ਆਪਣੇ ਕਿੱਤੇ ਲਾਉਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਡਾ. ਬਲਬੀਰ ਸਿੰਘ ਨੇ ਇਸ ਮੌਕੇ ਪਿੰਡ ਮਾਜਰੀ ਅਕਾਲੀਆਂ ਦੀ ਪੰਚਾਇਤ ਨੂੰ ਪੰਜ ਲੱਖ ਰੁਪਏ, ਫੱਗਣ ਮਾਜਰਾ ਨੂੰ ਤਿੰਨ ਲੱਖ ਰੁਪਏ ਤੇ ਬੀ ਆਰ ਅੰਬੇਡਕਰ ਸੋਸਾਇਟੀ ਪਟਿਆਲਾ ਨੂੰ ਦੋ ਲੱਖ ਗਰਾਂਟ ਵਜੋਂ ਚੈੱਕ ਦਿੱਤੇ।ਇਸ ਮੌਕੇ ਆਫਿਸ ਇੰਚਾਰਜ ਜਸਬੀਰ ਸਿੰਘ ਗਾਂਧੀ, ਮੀਡੀਆ ਸਲਾਹਕਾਰ ਗੱਜਣ ਸਿੰਘ, ਆਫਿਸ ਇੰਚਾਰਜ ਜੈ ਸ਼ੰਕਰ ਸ਼ਰਮਾ, ਦੇਸ਼ ਦੀਪਕ, ਬਲਾਕ ਪ੍ਰਧਾਨ ਮੋਹਿਤ, ਮਨਦੀਪ ਸਿੰਘ ਵਿਰਦੀ, ਜੀ ਐੱਸ ਭੰਗੂ, ਪਵਨ ਸਿੰਘ ਕੁਮਾਰ, ਡਾ. ਹਰੀਸ਼ ਵਾਲੀਆ, ਕੇਵਲ ਬਾਵਾ, ਕੌਂਸਲਰ ਗੁਰਕਿਰਪਾਲ ਸਿੰਘ, ਵਾਸੁਦੇਵ ਸਿੰਘ, ਮੌਂਟੀ, ਹਰੀਤੇਸ਼ ਅਰੋੜਾ, ਅਤੁਲ ਕੁਮਾਰ ਤੇ ਧਨਵੇਸ਼ ਪੁਰੀ ਸੀਨੀਅਰ ਆਪ ਆਗੂ ਹਾਜ਼ਰ ਸਨ।


# ਬਾਰ੍ਹਵੀਂ ਦੇ ਵਿਦਿਆਰਥੀ ਵੱਲੋਂ ਖੁਦਕੁਸ਼ੀ ਕਰਨ ਦੀਆਂ ਰਿਪੋਰਟਾਂ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ

**● ਐੱਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਵੀ ਪ੍ਰੇਸ਼ਾਨ**

**ਲੁਧਿਆਣਾ (ਰੈਕਟਰ ਕਥੂਰੀਆ)** : ਜਿਹੜੀ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਦਾ ਭਵਿੱਖ ਬਣਾਉਣ ਦੀ ਬਜਾਏ ਉਨ੍ਹਾਂ ਨੂੰ ਖੁਦਕੁਸ਼ੀਆਂ ਵੱਲ ਧੱਕੇ, ਉਸ ਬਾਰੇ ਪੁਨਰਵਿਚਾਰ ਕਰਨ ਦੀ ਤਿੱਖੀ ਲੋੜ ਹੈ।ਪਿਛਲੇ ਦਿਨੀਂ ਬਾਰਵੀਂ ਦੇ ਇੱਕ ਵਿਦਿਆਰਥੀ ਵੱਲੋਂ ਪ੍ਰੀਖਿਆ ਵਿੱਚ ਫੇਲ੍ਹ ਹੋਣ ਕਾਰਨ ਖ਼ੁਦਕੁਸ਼ੀ ਕਰ ਲਈ ਗਈ ਸੀ।ਅਫਸੋਸ ਕਿ ਇਸ ਹਲੂਣਾ ਦੇਣ ਵਾਲੀ ਮੌਤ ਨੇ ਵੀ ਸਮਾਜ ਨੂੰ ਝੁਣਝੁਣੀ ਨਹੀਂ ਛੇੜੀ। ਇਸ ਸਾਰੀ ਸਥਿਤੀ ਤੋਂ ਸਾਹਿਰ ਲੁਧਿਆਣਵੀ ਯਾਦਾਂ ਨਾਲ ਜੁੜੇ ਕਾਲਜ ਦੇ ਵਿਦਿਆਰਥੀਆਂ ਨੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।ਇਸ ਕਾਲਜ ਵਿੱਚ ਸਾਹਿਰ ਲੁਧਿਆਣਵੀ ਪੜ੍ਹਦੇ ਰਹੇ ਹਨ। ਐੱਸ.ਸੀ.ਡੀ. ਸਰਕਾਰੀ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਬਾਰਵੀਂ ਜਮਾਤ ਦੇ ਇੱਕ ਵਿਦਿਆਰਥੀ ਵੱਲੋਂ ਆਪਣੀ ਪ੍ਰੀਖਿਆ ਵਿੱਚ ਫੇਲ੍ਹ ਹੋਣ ਤੋਂ ਬਾਅਦ ਖੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਤੋਂ ਪ੍ਰੇਸ਼ਾਨ ਹਨ।ਲੋਕ-ਕੇਂਦ੍ਰਿਤ ਮੁੱਦਿਆਂ 'ਤੇ ਆਪਣੇ ਨਿਯਮਤ ਵਿਜ਼ੂਅਲ ਸੰਵਾਦਾਂ ਵਿੱਚ, ਉਸ ਨੇ ਕਿਸ਼ੋਰਾਂ ਤੇ ਹੋਰ ਨੌਜਵਾਨਾਂ ਦੀਆਂ ਮੌਤਾਂ 'ਤੇ ਚਰਚਾ ਕੀਤੀ, ਜੋ ਪ੍ਰੀਖਿਆਵਾਂ ਪਾਸ ਕਰਨ ਲਈ ਅਸਫਲਤਾਵਾਂ 'ਤੇ ਬਹੁਤ ਜ਼ਿਆਦਾ ਤਣਾਅ ਕਾਰਨ ਆਪਣੀਆਂ ਜਾਨਾਂ ਲੈ ਲੈਂਦੇ ਹਨ। ਚਰਚਾ ਦੀ ਸ਼ੁਰੂਆਤ ਕਰਦੇ ਹੋਏ ਪ੍ਰੋਫੈਸਰ ਸਰਿਤਾ ਤਿਵਾੜੀ ਨੇ ਕਿਹਾ ਕਿ ਬੱਚਿਆਂ 'ਤੇ ਉਨ੍ਹਾਂ ਦੇ ਮਾਪਿਆਂ ਦੁਆਰਾ ਕੁਝ ਖਾਸ ਵਿਸ਼ਿਆਂ ਨੂੰ ਅਪਣਾਉਣ ਲਈ ਦਬਾਅ ਪਾਇਆ ਜਾਂਦਾ ਹੈ।ਬੱਚੇ ਦੀ ਪਸੰਦ ਕਦੇ ਵੀ ਨਹੀਂ ਮੰਨੀ ਜਾਂਦੀ।ਬੱਚਿਆਂ ਕੋਲ ਸਮਾਜ ਵਿੱਚ ਸਮਾਂ ਬਰਬਾਦ ਕਰਨ ਵਾਲੀਆਂ ਭਟਕਾਵਾਂ ਹੁੰਦੀਆਂ ਹਨ ਤੇ ਪੜ੍ਹਾਈ ਲਈ ਬਹੁਤਾ ਸਮਾਂ ਨਹੀਂ ਬਚਦਾ। ਬੱਚੇ ਦੇ ਜੀਵਨ ਦਾ ਅਧਿਆਤਮਿਕ ਪਹਿਲੂ ਸਹੀ ਢੰਗ ਨਾਲ ਵਿਕਸਤ ਨਹੀਂ ਹੁੰਦਾ।ਲੋਕ ਆਮ ਤੌਰ 'ਤੇ ਜ਼ਿੰਮੇਵਾਰੀ ਅਧਿਆਪਕਾਂ 'ਤੇ ਪਾਉਂਦੇ ਹਨ, ਪਰ ਬੱਚਾ ਸਕੂਲ ਵਿੱਚ ਸਿਰਫ਼ 5 ਜਾਂ 6 ਘੰਟੇ ਹੀ ਰਹਿੰਦਾ ਹੈ ਅਤੇ ਬਾਕੀ ਸਮਾਂ ਉਹ ਘਰ ਰਹਿੰਦਾ ਹੈ। ਅਧਿਆਪਕਾਂ ਨੂੰ ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ ਵੱਲ ਵੀ ਵਧੇਰੇ ਧਿਆਨ ਦੇਣਾ ਚਾਹੀਦਾ ਹੈ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਦੇ ਮਾਪਿਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ।ਆਮ ਤੌਰ 'ਤੇ ਮਾਪੇ-ਅਧਿਆਪਕ ਮੀਟਿੰਗਾਂ ਵਿੱਚ ਮਾਪੇ ਇਸ ਲਈ ਨਹੀਂ ਆਉਂਦੇ, ਕਿਉਂਕਿ ਉਨ੍ਹਾਂ ਕੋਲ ਇਸ ਲਈ ਸਮਾਂ ਨਹੀਂ ਹੁੰਦਾ। ਪ੍ਰਿੰਸੀਪਲ ਮਨਜੀਤ ਸਿੰਘ ਸੰਧੂ ਨੇ ਕੁਝ ਸਕੂਲਾਂ ਦੀ ਨਿੰਦਾ ਕੀਤੀ ਜੋ ਆਪਣੇ ਅਹਾਤੇ ਵਿੱਚ ਕੋਚਿੰਗ ਸੰਸਥਾਵਾਂ ਨੂੰ ਉਤਸ਼ਾਹਤ ਕਰਦੇ ਹਨ ਤੇ ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ ਸਕੂਲ ਮੋਟੀਆਂ ਫੀਸਾਂ ਵਸੂਲਦੇ ਹਨ।ਪ੍ਰੋਫੈਸਰ ਪੀ ਕੇ ਸ਼ਰਮਾ ਨੇ ਕਿਹਾ ਕਿ ਅਜਿਹੀ ਦੁਖਦਾਈ ਘਟਨਾ 'ਤੇ ਜਿੰਨੀ ਵੀ ਪ੍ਰਤੀਕਿਰਿਆ ਦਿੱਤੀ ਜਾਵੇ, ਉਹ ਕਾਫ਼ੀ ਨਹੀਂ ਹੋਵੇਗੀ, ਪਰ ਸਾਡੇ ਆਲੇ ਦੁਆਲੇ ਦਾ ਸਿਸਟਮ ਤੇ ਵਾਤਾਵਰਣ ਅਸਲ ਵਿੱਚ ਇਨ੍ਹਾਂ ਹਾਦਸਿਆਂ ਲਈ ਜ਼ਿੰਮੇਵਾਰ ਹੈ।ਹਾਕਮ ਵਰਗ ਤੇ ਸਿਵਲ ਸਮਾਜ ਨੂੰ ਆਦਰਸ਼ ਸਥਿਤੀਆਂ ਪੈਦਾ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਕੋਈ ਵੀ ਬੱਚਾ ਖੁਦਕੁਸ਼ੀ ਨਾ ਕਰੇ।ਐਲੂਮਨੀ ਐਸੋਸੀਏਸ਼ਨ ਦੇ ਪ੍ਰਬੰਧਕੀ ਸਕੱਤਰ ਬ੍ਰਜ ਭੂਸ਼ਣ ਗੋਇਲ ਨੇ ਕਿਹਾ ਕਿ ਸਾਰੇ ਮਾਪੇ, ਖਾਸ ਕਰਕੇ ਪੱਛੜੇ ਵਰਗਾਂ ਦੇ ਮਾਪੇ, ਇੰਨੇ ਜਾਗਰੂਕ ਨਹੀਂ ਹਨ ਜਾਂ ਉਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਪੜ੍ਹਾਈ ਵਿੱਚ ਦਰਪੇਸ਼ ਚੁਣੌਤੀਆਂ ਨੂੰ ਪੂਰੀ ਤਰ੍ਹਾਂ ਸਮਝਣ ਦਾ ਸਮਾਂ ਨਹੀਂ ਹੈ।ਅਜਿਹੀ ਸਥਿਤੀ ਵਿੱਚ ਕੀ ਅਧਿਆਪਕਾਂ, ਸਕੂਲਾਂ ਤੇ ਸੰਸਥਾਵਾਂ ਦਾ ਫਰਜ਼ ਨਹੀਂ ਹੈ ਕਿ ਉਹ ਹਰੇਕ ਵਿਦਿਆਰਥੀ ਦੀਆਂ ਪੜ੍ਹਾਈ ਤੇ ਉਸ ਦੇ ਟੀਚਿਆਂ ਪ੍ਰਤੀ ਭਾਵਨਾਵਾਂ ਅਤੇ ਨਿਰਾਸ਼ਾਵਾਂ ਨੂੰ ਸਮਝਣ ਲਈ ਇੱਕ ਮਜ਼ਬੂਤ ਵਿਧੀ ਵਿਕਸਤ ਕਰਨ? ਜਦੋਂ ਕੋਈ ਬੱਚਾ ਪ੍ਰੇਸ਼ਾਨ ਹੁੰਦਾ ਹੈ, ਤਾਂ ਅਧਿਆਪਕ ਦੀ ਇੱਕ ਛੋਟੀ ਜਿਹੀ ਥਪਥਪਾਟ ਬਹੁਤ ਮਦਦਗਾਰ ਹੋ ਸਕਦੀ ਹੈ।ਬਦਕਿਸਮਤੀ ਨਾਲ, ਵਿੱਦਿਅਕ ਅਧਿਕਾਰੀਆਂ ਤੇ ਸਕੂਲ ਪ੍ਰਬੰਧਨ ਨੇ ਬਿਨਾਂ ਕੋਈ ਸਹਾਇਤਾ ਮਿਲੇ ਸਾਡੇ ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਵਧੀਆ ਨਤੀਜੇ ਦੇਣ ਲਈ ਦਬਾਅ ਪਾਇਆ ਹੈ। ਸਾਡੇ ਸਕੂਲਾਂ ਤੇ ਕਾਲਜਾਂ ਵਿੱਚ ਸਿਖਲਾਈ ਪ੍ਰਾਪਤ ਮਨੋਵਿਗਿਆਨਕ ਸਲਾਹਕਾਰ ਨਿਯੁਕਤ ਕਰਨ ਦੀ ਲੋੜ ਹੈ, ਜਿਨ੍ਹਾਂ ਸਾਹਮਣੇ ਸਾਡੇ ਬੱਚੇ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰ ਸਕਣ। ਇਹ ਨਹੀਂ ਕਿ ਹਰ ਕੋਈ ਵਿਦਵਾਨ ਹੋਵੇਗਾ।ਹਰ ਕੋਈ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਨਾਲ-ਨਾਲ ਸਮਾਜ ਲਈ ਕਈ ਵੱਖ-ਵੱਖ ਤਰੀਕਿਆਂ ਨਾਲ ਲਾਭਦਾਇਕ ਹੋ ਸਕਦਾ ਹੈ।ਗੋਇਲ ਨੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਪ੍ਰਾਈਵੇਟ ਟਿਊਸ਼ਨ ਵਿੱਚ ਧੱਕਣ 'ਤੇ ਵੀ ਦੁੱਖ ਪ੍ਰਗਟ ਕੀਤਾ, ਜੋ ਕਿ ਬਹੁਤ ਸਾਰੇ ਮਾਪੇ ਬਰਦਾਸ਼ਤ ਨਹੀਂ ਕਰ ਸਕਦੇ।

# ਸਟੀਫਨ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀਬੀਐੱਸਈ) ਵੱਲੋਂ ਐਲਾਨੇ ਦਸਵੀਂ ਤੇ ਬਾਰਵੀਂ ਦੇ ਨਤੀਜਿਆਂ ਵਿੱਚ ਸਟੀਫਨ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ।ਦਸਵੀਂ ਜਮਾਤ 'ਚੋਂ ਮਨਕਰਨ ਸਿੰਘ ਨੇ 95.2% ਅੰਕਾਂ ਨਾਲ ਪਹਿਲਾ, ਸ਼ਿਵਮ ਕਾਂਸਲ ਨੇ 92% ਅੰਕਾਂ ਨਾਲ ਦੂਜਾ, ਤਰਨਜੋਤ ਕੌਰ ਨੇ 91.6% ਅੰਕਾਂ ਨਾਲ ਤੀਜਾ ਤੇ ਹਰਯਸ਼ ਨੇ 90.8% ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ। ਬਾਰਵੀਂ ਦੇ ਮੈਡੀਕਲ ਸਟਰੀਮ 'ਚੋਂ ਹੁਸਨਪ੍ਰੀਤ ਕੌਰ ਨੇ 94.2% ਅੰਕਾਂ ਨਾਲ ਪਹਿਲਾ, ਨਾਨ-ਮੈਡੀਕਲ 'ਚੋਂ ਗੋਪੇਸ਼ ਗੁਪਤਾ ਤੇ ਹੇਮਾਂਕ ਜਿੰਦਲ ਨੇ 89.2% ਅੰਕਾਂ ਨਾਲ ਦੂਜਾ ਸਥਾਨ ਅਤੇ ਕਾਮਰਸ 'ਚੋਂ ਪਲਕ ਨੇ 86% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਸਟੀਫਨ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਸ਼ਰਮਾ ਨੇ ਕਿਹਾ ਕਿ ਇਹ ਨਤੀਜੇ ਸਾਡੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦੀ ਸਖ਼ਤ ਮਿਹਨਤ, ਸਮਰਪਣ ਤੇ ਟੀਮ ਵਰਕ ਦਾ ਪ੍ਰਮਾਣ ਹਨ।ਅਸੀਂ ਉੱਤਮਤਾ ਲਈ ਯਤਨਸ਼ੀਲ ਰਹਾਂਗੇ ਤੇ ਆਪਣੇ ਵਿਦਿਆਰਥੀਆਂ ਨੂੰ ਸਭ ਤੋਂ ਵਧੀਆ ਸੰਭਵ ਸਿੱਖਿਆ ਪ੍ਰਦਾਨ ਕਰਾਂਗੇ।



19- May - Page - 6.qxd 5/18/2025 10:29 PM Page 1



# ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਸਟੇਟ ਬਣਾਇਆ ਜਾਵੇਗਾ : ਮਾਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਫਗਵਾੜਾ ਵਿਧਾਨਸਭਾ ਹਲਕੇ ਦੇ ਪਿੰਡ ਅਕਾਲ ਨਗਰੀ, ਭੁੱਲਾਰਾਈ ਅਤੇ ਬੀੜ ਪੁਆਦ ਵਿਖੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਅਤੇ ਸ਼ੂਗਰ ਸਪਲਾਈਡਰਸ਼ਨ ਹਰਨੂਰ ਸਿੰਘ ਮਾਨ ਨੇ ਜਾਗਰੂਕਤਾ ਰੈਲੀ ਨੂੰ ਸੰਬੋਧਨ ਕੀਤਾ।ਉਹਨਾਂ ਲੋਕਾਂ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਟੀਚਾ ਹੈ ਕਿ ਪੰਜਾਬ ਨੂੰ ਪੂਰੀ ਤਰ੍ਹਾਂ ਦੇ ਨਾਲ ਨਸ਼ਾ ਮੁਕਤ ਸਟੇਟ ਬਣਾਇਆ ਜਾਵੇ ਤਾਂ ਜੋ ਇੱਥੇ ਦੀ ਜਵਾਨੀ ਤਰੱਕੀ ਦੇ ਰਾਹ 'ਤੇ ਅੱਗੇ ਵੱਧ ਸਕੇ। ਉਹਨਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਰਾਹੀਂ ਪਿੰਡਾਂ ਦੇ ਵਸਨੀਕਾਂ ਨੂੰ ਅਪੀਲ ਹੈ ਕਿ ਉਹ ਆਪੋ ਆਪਣੇ ਪਿੰਡਾਂ ਵਿੱਚ ਕਿਸੇ ਨਸ਼ੇ ਦੇ ਆਦੀ ਵਿਅਕਤੀ ਬਾਰੇ ਜਾਣਦੇ ਹਨ ਤਾਂ ਉਸ ਨੂੰ ਸਰਕਾਰੀ ਨਸ਼ਾ ਛਡਾਊ ਕੇਂਦਰ 'ਚ ਦਾਖਲ ਕਰਵਾਉਣ ਲਈ ਪਰਿਵਾਰ ਦੀ ਕਾਊਂਸਲਿੰਗ ਕਰਨ। ਮਾਨ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਵਿੱਚ ਪੰਚਾਇਤਾਂ ਅਤੇ ਪਿੰਡਾਂ ਦੇ ਮੋਹਤਬਰ ਵਡਮੁੱਲਾ ਯੋਗਦਾਨ ਪਾ ਸਕਦੇ ਹਨ। ਜੋਗਿੰਦਰ ਸਿੰਘ ਮਾਨ ਅਨੁਸਾਰ ਪੰਜਾਬ ਸਰਕਾਰ ਦੀ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਪੁਲਸ ਵੱਲੋਂ ਪਿਛਲੇ ਢਾਈ ਮਹੀਨਿਆਂ ਵਿੱਚ 6645 ਐਫ.ਆਈ.ਆਰ. ਦਰਜ ਕਰਕੇ 11 ਹਜ਼ਾਰ 84 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸ ਮੌਕੇ ਡਿਪਟੀ ਮੇਅਰ ਵਿੱਕੀ ਸੂਦ, ਓਮ ਪ੍ਰਕਾਸ਼ ਬਿੱਟੂ ਕੋਆਰਡੀਨੇਟਰ 'ਯੁੱਧ ਨਸ਼ਿਆਂ ਵਿਰੁੱਧ', ਗੁਰਦੀਪ ਸਿੰਘ ਦੀਪਾ ਕੋਆਰਡੀਨੇਟਰ ਸਿੱਖਿਆ ਕ੍ਰਾਂਤੀ, ਜਸਪਾਲ ਸਿੰਘ, ਰਵਿੰਦਰ ਰਵੀ, ਜਸਵਿੰਦਰ ਸਿੰਘ ਤਹਿਸੀਲਦਾਰ, ਡਾ. ਰੁਪਿੰਦਰ ਕੌਰ ਐਸ.ਐਮ.ਓ., ਨਵਨੀਤ ਉੱਪਲ, ਜਸਦੇਵ ਪ੍ਰਿੰਸ ਕੌਂਸਲਰ, ਨਰੇਸ਼ ਸ਼ਰਮਾ ਬਲਾਕ ਪ੍ਰਧਾਨ ਤੋਂ ਇਲਾਵਾ ਸੀਮਾ ਰਾਣਾ, ਲਾਲ ਸਿੰਘ ਐਸ.ਐਚ.ਓ. ਸਦਰ, ਅੰਕੁਸ਼ ਓਹਰੀ, ਬਲਵਿੰਦਰ ਠਾਕੁਰ ਬਲਾਕ ਪ੍ਰਧਾਨ, ਸਮਰ ਗੁਪਤਾ ਬਲਾਕ ਪ੍ਰਧਾਨ, ਕਰਮਜੀਤ ਸਿੰਘ ਕੇਵਿਨ ਬਲਾਕ ਪ੍ਰਧਾਨ ਸਮੇਤ ਵੱਡੀ ਗਿਣਤੀ 'ਚ ਪਿੰਡਾਂ ਦੇ ਪਤਵੰਤੇ ਹਾਜ਼ਰ ਸਨ।



# ਪੰਜਾਬ ਨੂੰ ਨਸ਼ੇ ਤੋਂ ਮੁਕਤ ਕਰਨਾ ਸਰਕਾਰ ਦੀ ਮੁੱਖ ਤਰਜੀਹ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਮਜ਼ਬੂਤੀ ਦਿੰਦੇ ਹੋਏ, ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਨਾਰੂ ਨੰਗਲ ਖਾਸ ਅਤੇ ਨਾਰੂ ਨੰਗਲ ਕਿਲਾ ਵਿਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕੀਤੀ।ਇਸ ਮੌਕੇ ਵਿਧਾਇਕ ਜਿੰਪਾ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਨੂੰ ਨਸ਼ਿਆਂ ਤੋਂ ਮੁਕਤ ਕਰਨਾ ਆਮ ਆਦਮੀ ਪਾਰਟੀ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿਚ ਇਕ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੀ ਲਤ ਤੋਂ ਨਾ ਸਿਰਫ ਨੌਜਵਾਨ ਪੀੜ੍ਹੀ ਪ੍ਰਭਾਵਿਤ ਹੋ ਰਹੀ ਹੈ, ਸਗੋਂ ਪੂਰਾ ਸਮਾਜ ਅਤੇ ਪਰਿਵਾਰ ਵੀ ਇਸ ਤੋਂ ਪੀੜਤ ਹੈ। ਇਸ ਯਾਤਰਾ ਦਾ ਉਦੇਸ਼ ਲੋਕਾਂ ਨੂੰ ਨਸ਼ੇ ਵਿਰੁੱਧ ਜਾਗਰੂਕ ਕਰਨਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣਾ ਹੈ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੀ ਰੋਕਥਾਮ ਵਿਚ ਸਰਕਾਰ ਦਾ ਸਾਥ ਦੇਣ ਅਤੇ ਆਪਣੇ ਘਰਾਂ, ਗਲੀਆਂ ਅਤੇ ਮੁਹੱਲਿਆਂ ਨੂੰ ਨਸ਼ਾ ਮੁਕਤ ਬਣਾਉਣ ਵਿਚ ਯੋਗਦਾਨ ਪਾਉਣ।ਨਸ਼ਾ ਮੁਕਤੀ ਯਾਤਰਾ ਦੌਰਾਨ ਸਥਾਨਕ ਨਿਵਾਸੀਆਂ, ਸਕੂਲੀ ਬੱਚਿਆਂ, ਨੌਜਵਾਨਾਂ ਅਤੇ ਸਮਾਜਿਕ ਸੰਗਠਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਯਾਤਰਾ ਦੌਰਾਨ, ਲੋਕਾਂ ਨੂੰ ਪੋਸਟਰ ਰੈਲੀ, ਜਾਗਰੂਕਤਾ ਨਾਅਰੇ ਅਤੇ ਜਨਤਕ ਮੀਟਿੰਗਾਂ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।

# ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਵਾਲਿਆਂ ਦੀ 36ਵੀਂ ਬਰਸੀ ਸ਼ਰਧਾਪੂਰਵਕ ਮਨਾਈ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਬ੍ਰਹਮਲੀਨ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਵਾਲਿਆਂ ਦੀ 36ਵੀਂ ਬਰਸੀ ਪਿੰਡ ਰਾਏਪੁਰ ਰਸੂਲਪੁਰ ਵਿਖੇ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਦੇ ਗੱਦੀਨਸ਼ੀਨ ਸੰਤ ਬਾਬਾ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਦੀ ਸਰਪ੍ਰਸਤੀ ਹੇਠ ਸ਼ਰਧਾ ਪੂਰਵਕ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਸੰਤ ਬਾਬਾ ਨਿਰਮਲ ਦਾਸ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ।ਜਿਸ ਵਿਚ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ ਦੇ ਵੱਖ ਵੱਖ ਡੇਰਿਆਂ ਤੋਂ ਆਏ ਸੰਤ ਮਹਾਪੁਰਸ਼ਾਂ ਅਤੇ ਰਾਜਨੀਤਕ, ਸਮਾਜਿਕ ਆਗੂਆਂ ਅਤੇ ਬੁੱਧੀਜੀਵੀਆਂ ਨੇ ਵੱਡੇ ਪੱਧਰ 'ਤੇ ਹਾਜ਼ਰੀ ਭਰੀ। ਬਰਸੀ ਸਮਾਗਮ ਮੌਕੇ ਸੰਤ ਸਰਵਣ ਦਾਸ ਬੋਹਣ ਪੱਟੀ ਹੁਸ਼ਿਆਰਪੁਰ, ਸੰਤ ਰਮੇਸ਼ ਦਾਸ ਸ਼ੇਰਪੁਰ ਢੱਕੋਂ, ਸੰਤ ਜਗੀਰ ਸਿੰਘ ਜੀ ਸਰਬੱਤ ਭਲਾ ਆਸ਼ਰਮ, ਸੰਤ ਸਰਵਣ ਦਾਸ ਸਲੇਮ ਟਾਬਰੀ, ਵਿਨੈ ਮੁਨੀ ਜੰਮੂ, ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਬਾਬਾ ਧਰਮਪਾਲ ਹੁਸ਼ਿਆਰਪੁਰ, ਸੰਤ ਸਤਨਾਮ ਸਿੰਘ ਬਬੇਲੀ, ਸੰਤ ਬਾਬਾ ਹਰਦੇਵ ਸਿੰਘ ਹਰੀਆਂ ਵੇਲਾਂ, ਸੰਤ ਪ੍ਰਗਟ ਨਾਥ ਜੀ, ਸੰਤ ਬਾਬਾ ਗੁਰਮੀਤ ਸਿੰਘ, ਸੰਤ ਬਲਕਾਰ ਸਿੰਘ ਤੱਗੜ ਬਡਾਲਾ, ਸੰਤ ਬੀਬੀ ਕੁਲਦੀਪ ਕੌਰ ਮੈਹਨਾ, ਸੰਤ ਬੀਬੀ ਕਮਲੇਸ਼ ਕੌਰ ਨਾਹਲਾ, ਸੰਤ ਬਾਬਾ ਜਸਵੀਰ ਸਿੰਘ ਚਮਕੌਰ ਸਾਹਿਬ, ਸਾਈ ਮਧੂ ਸ਼ਾਹ ਜਲੰਧਰ ਵਾਲੇ, ਬਾਬਾ ਗੁਰਦੇਵ ਸਿੰਘ ਨਿਹੰਗ ਸਿੰਘ ਮੁਖੀ ਤਰਨਾ ਦਲ, ਬਲਵੰਤ ਸਿੰਘ ਡਿੰਗਰੀਆਂ, ਬੀਬੀ ਕੁਲਦੀਪ ਕੌਰ ਮੈਹਨਾ, ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਤੇ ਸੰਤ ਬਾਬਾ ਨਿਰਮਲ ਦਾਸ ਜੀ ਬਾਬੇ ਜੌੜੇ ਅਤੇ ਡੇਰੇ ਦੇ ਸ਼ਿੰਗਾਰਾ ਕੁਮਾਰੀ ਵੱਲੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਰਾਜਨੀਤਕ ਆਗੂਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸੀ ਪੀ ਐੱਮ ਵੱਲੋਂ ਪਹਿਲਗਾਮ ਤੇ ਵਿਛੜਿਆਂ ਨੂੰ ਸ਼ਰਧਾਂਜਲੀ



**ਖਰੜ: (ਹਰਨਾਮ ਡੱਲਾ)** ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਤਹਿਸੀਲ ਕਮੇਟੀ ਖਰੜ ਵੱਲੋਂ ਪਹਿਲਗਾਮ ਵਿੱਚ ਅੱਤਵਾਦੀਆਂ ਹੱਥੋਂ ਮਾਰੇ ਨਿਰਦੋਸ਼ ਲੋਕਾਂ ਤੇ ਕਾਮਰੇਡ ਭਗਤ ਰਾਮ ਸਾਬਕਾ ਮੈਂਬਰ ਪਾਰਲੀਮੈਂਟ, ਕਾਮਰੇਡ ਭਜਨ ਸਿੰਘ ਅਤੇ ਕਾਮਰੇਡ ਸੁਖਵਿੰਦਰ ਕੌਰ ਖੂਨੀਮਾਜਰਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਦਿਲਬਾਗ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸਰਬ ਸਾਥੀ ਯੋਗ ਰਾਜ, ਦਿਨੇਸ਼ ਪ੍ਰਸਾਦ, ਕਮਲਜੀਤ ਸਿੰਘ, ਲਾਭ ਸਿੰਘ ਖਿਜਰਾਬਾਦ, ਸੀ ਪੀ ਐੱਮ ਤਹਿਸੀਲ ਖਰੜ ਦੇ ਸਕੱਤਰ ਪਰਮਜੀਤ ਸਿੰਘ ਖਿਜਰਾਬਾਦ, ਕੇਸਰ ਸਿੰਘ, ਪ੍ਰਕਾਸ਼ ਸਿੰਘ ਰੰਗੀ, ਹਰਜੀਤ ਸਿੰਘ ਬਲੌਂਗੀ, ਪ੍ਰਕਾਸ਼ ਸਿੰਘ ਗਿੱਲ, ਸੀ ਪੀ ਐੱਮ ਦੇ ਜ਼ਿਲ੍ਹਾ ਸਕੱਤਰ ਚੰਦਰ ਪਾਲ ਅਤਰੀ, ਸੀ ਪੀ ਐੱਮ ਦੇ ਸੂਬਾ ਕਮੇਟੀ ਮੈਂਬਰ ਸ਼ਾਮ ਲਾਲ, ਫੂਲ ਚੰਦ ਅਤੇ ਵੇਦ ਪ੍ਰਕਾਸ਼ ਕੌਸ਼ਿਕ ਨੇ ਭਾਗ ਲਿਆ। ਇੱਕ ਮਤੇ ਰਾਹੀਂ ਮੋਹਾਲੀ ਜ਼ਿਲ੍ਹੇ ਦੇ 51 ਪਿੰਡਾਂ ਵਿੱਚੋਂ ਲੰਘਾਈ ਜਾਣ ਵਾਲੀ ਦਸਮੇਸ਼ ਨਹਿਰੀ ਪਰੋਜੈਕਟ ਦਾ ਡਟਵਾਂ ਵਿਰੋਧ ਕੀਤਾ ਗਿਆ।

# ਵਿਕਾਸ ਕਾਰਜਾਂ ਦੀ ਸਮੀਖਿਆ ਲਈ ਡਾ. ਰਾਜ ਕੁਮਾਰ ਤੇ ਡਾ. ਇਸ਼ਾਂਕ ਵੱਲੋਂ ਮੀਟਿੰਗ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)** ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਅਤੇ ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਵਿੱਚ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਦਾ ਮਕਸਦ ਖੇਤਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕਰਨਾ ਅਤੇ ਭਵਿੱਖ ਲਈ ਰਣਨੀਤੀਆਂ 'ਤੇ ਵਿਚਾਰ ਕਰਨਾ ਸੀ। ਇਸ ਮੀਟਿੰਗ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਏ. ਡੀ. ਸੀ. ਡਿਵੈਲਪਮੈਂਟ ਨਿਕਾਸ ਕੁਮਾਰ (ਆਈ. ਏ. ਐੱਸ.), ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਧਿਕਾਰੀ ਸੰਦੀਪ ਸਿੰਘ, ਬਲਾਕ ਡਿਵੈਲਪਮੈਂਟ ਪੰਚਾਇਤ ਅਧਿਕਾਰੀ ਪਰਵੇਸ਼ ਗੋਇਲ (ਹੁਸ਼ਿਆਰਪੁਰ ਬਲਾਕ-2), ਸੁਪਰਿੰਟੈਂਡੈਂਟ ਸੁਖਵਿੰਦਰ ਸਿੰਘ, ਸਕੱਤਰ ਮੁਕੇਸ਼ ਕੁਮਾਰ, ਜੂਨੀਅਰ ਇੰਜੀਨੀਅਰ ਗੁਰਦੀਪ ਸਿੰਘ, ਸਕੱਤਰ ਬਲਵਿੰਦਰ ਸਿੰਘ, ਸਕੱਤਰ ਗੁਰਮੁਖ ਸਿੰਘ, ਸਕੱਤਰ ਗੁਰਜਿੰਦਰ ਸਿੰਘ, ਸਕੱਤਰ ਅਮਰੀਕ ਸਿੰਘ ਸਮੇਤ ਕਈ ਸੀਨੀਅਰ ਅਧਿਕਾਰੀ ਹਾਜ਼ਰ ਰਹੇ।



ਚੱਬੇਵਾਲ ਹਲਕੇ ਦੇ ਪਿੰਡਾਂ ਦੇ ਸਰਪੰਚ, ਪੰਚ ਅਤੇ ਹੋਰ ਗਣਮਾਨਯ ਲੋਕ ਵੀ ਮੀਟਿੰਗ ਵਿੱਚ ਸ਼ਾਮਲ ਹੋਏ।ਮੀਟਿੰਗ ਦੌਰਾਨ ਸੰਸਦ ਮੈਂਬਰ ਡਾ. ਰਾਜਕੁਮਾਰ ਨੇ ਅਧਿਕਾਰੀਆਂ ਅਤੇ ਪੰਚਾਇਤ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤਰ ਦੇ ਹਰ ਪਿੰਡ ਨੂੰ ਵਿਕਸਤ ਤੇ ਸਭਲ ਬਣਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ।ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਯੋਗਦਾਨ ਦੀ ਸਰਾਹਨਾ ਕਰਦਿਆਂ ਕਿਹਾ ਕਿ ਨਸ਼ਾ ਮੁਕਤ ਪੰਜਾਬ ਮੁਹਿੰਮ ਵਿੱਚ ਉਨ੍ਹਾਂ ਦੀ ਭਾਗੀਦਾਰੀ ਬਹੁਤ ਹੀ ਮਹੱਤਵਪੂਰਣ ਰਹੀ ਹੈ।ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਪੀਣ ਵਾਲੇ ਪਾਣੀ, ਸੜਕਾਂ, ਸਫਾਈ, ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਤੇਜ਼ੀ ਲਿਆਉਣ ਦੀ ਲੋੜ ਦੱਸੀ। ਵਿਧਾਇਕ ਡਾ. ਇਸ਼ਾਂਕ ਨੇ ਮੀਟਿੰਗ ਵਿੱਚ ਕਿਹਾ ਕਿ ਸਰਕਾਰ ਵਿਕਾਸ ਕਾਰਜਾਂ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਉਮੀਦ ਜਤਾਈ ਕਿ ਸਾਰੀਆਂ ਯੋਜਨਾਵਾਂ ਗੁਣਵੱਤਾ ਵਾਲੀਆਂ ਤੇ ਪਾਰਦਰਸ਼ੀ ਢੰਗ ਨਾਲ ਲਾਗੂ ਕੀਤੀਆਂ ਜਾਣ। ਅੰਤ ਵਿੱਚ ਸੰਸਦ ਮੈਂਬਰ ਅਤੇ ਵਿਧਾਇਕ ਨੇ ਸਾਰੇ ਅਧਿਕਾਰੀਆਂ ਅਤੇ ਪੰਚਾਇਤ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਜਨ ਭਾਗੀਦਾਰੀ ਨੂੰ ਤਰਜੀਹ ਦੇਣ ਅਤੇ ਨਸ਼ਾ ਮੁਕਤ, ਸਾਫ਼-ਸੁਥਰਾ ਤੇ ਵਿਕਸਤ ਪੰਜਾਬ ਦੇ ਨਿਰਮਾਣ ਵਿੱਚ ਮਿਲ ਕੇ ਕੰਮ ਕਰਨ। ਇਸ ਮੌਕੇ ਤੇ ਸ਼ਿਵਰੰਜਨ ਸਿੰਘ ਰੋਮੀ ਚੱਬੇਵਾਲ, ਡਾ ਕ੍ਰਿਸ਼ਨ ਗੋਪਾਲ ਅਤੇ ਡਾ ਅਨਿਲ ਕੁਮਾਰ ਮੌਜੂਦ ਸਨ।

# ਗਰਭਵਤੀ ਔਰਤਾਂ ਲਈ ਮੁਫ਼ਤ ਜਾਂਚ ਕੈਂਪ ਲਗਾਇਆ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਸਿਵਲ ਸਰਜਨ ਡਾ. ਬਲਵੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀ ਐਚ ਸੀ ਮਹਿਲ ਕਲਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਅੱਜ ਇੱਥੇ ਪ੍ਰਧਾਨ ਮੰਤਰੀ ਸੁਰੱਖਿਅਤ ਅਭਿਆਨ ਤਹਿਤ ਗਰਭਵਤੀ ਔਰਤਾਂ ਲਈ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ।ਇਸ ਮੌਕੇ ਡਾ. ਈਸ਼ਾ ਗੁਪਤਾ ਵੱਲੋਂ ਗਰਭਵਤੀ ਮਹਿਲਾਵਾਂ ਦੀ ਤੰਦਰੁਸਤ ਸਿਹਤ ਦੀ ਜਾਂਚ ਕੀਤੀ ਗਈ। ਸਿਹਤ ਸੁਪਰਵਾਈਜ਼ਰ ਬਲਵਿੰਦਰ ਕੌਰ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਮਕਸਦ ਗਰਭ ਅਵਸਥਾ ਅਤੇ ਜੱਚ-ਬੱਚਾ ਦੌਰਾਨ ਮਾਤਾ ਮੌਤ ਦਰ ਨੂੰ ਘਟਾਉਣਾ ਹੈ। ਕੈਂਪ ਦੌਰਾਨ ਔਰਤਾਂ ਦੇ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਹੀਮੋਗਲੋਬਿਨ ਟੈਸਟ ਕੀਤੇ ਗਏ।ਇਸ ਮੌਕੇ ਗਰਭ ਅਵਸਥਾ ਦੌਰਾਨ ਸਹੀ ਖੁਰਾਕ, ਹਲਕੀ ਕਸਰਤ, ਨਵਜਾਤ ਨੂੰ ਦੁੱਧ ਪਿਲਾਉਣ ਦੇ ਢੰਗ, ਟੀਕਾਕਰਨ ਅਤੇ ਬੱਚਿਆਂ ਵਿਚਕਾਰ ਅੰਤਰਾਲ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੀ ਐਚ ਓ ਮਨਦੀਪ ਕੌਰ, ਏ ਐਨ ਐਮ ਗੁਰਮੀਤ ਕੌਰ, ਰੇਨੂ ਸ਼ਰਮਾ ਅਤੇ ਸੋਨੀ ਕੌਰ ਵੀ ਹਾਜ਼ਰ ਸਨ।



# ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ 'ਚ 12 ਨਾਮਜ਼ਦ

**ਫਿਰੋਜ਼ਪੁਰ, (ਅਸ਼ੋਕ ਸ਼ਰਮਾ)** : ਥਾਣਾ ਸਦਰ ਫਿਰੋਜ਼ਪੁਰ ਦੇ ਅਧੀਨ ਪੈਂਦੇ ਪਿੰਡ ਦੁੱਲੇ ਵਾਲਾ ਵਿੱਚ ਇੱਕ ਵਿਅਕਤੀ ਨੂੰ ਘੇਰ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ 'ਚ ਪੁਲਸ ਵੱਲੋਂ 12 ਲੋਕਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 4 ਬਾਏ ਨੇਮ ਹਨ, ਜਦਕਿ 7 ਤੋਂ 8 ਹੋਰ ਅਣਪਛਾਤੇ ਹਨ। ਸ਼ਿਕਾਇਤਕਰਤਾ ਮਿੱਠਣ ਪੁੱਤਰ ਬਿੰਦਰ ਵਾਸੀ ਦੁੱਲੇ ਵਾਲਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਪਿੰਡ ਦੇ ਕੁਝ ਨਿਵਾਸੀਆਂ ਵੱਲੋਂ ਆਪਣੇ ਘਰ ਸਾਹਮਣੇ ਸਪੀਡ ਬਰੇਕਰ ਲੋੜ ਤੋਂ ਜ਼ਿਆਦਾ ਉੱਚਾ ਬਣਾਇਆ ਗਿਆ ਹੈ, ਜਿਸ ਕਾਰਨ ਆਉਣ-ਜਾਣ ਵਾਲਿਆਂ ਨੂੰ ਦਿੱਕਤ ਆਉਂਦੀ ਹੈ ਤੇ ਵਾਹਨਾਂ ਨੂੰ ਨੁਕਸਾਨ ਹੋ ਰਿਹਾ ਹੈ। ਮਿੱਠਣ ਅਨੁਸਾਰ, ਉਸ ਦੇ ਵਾਹਨ ਨੂੰ ਵੀ ਨੁਕਸਾਨ ਹੋਣ ਤੋਂ ਬਾਅਦ, ਜਦੋਂ ਉਸ ਨੇ ਇਹ ਗੱਲ ਦੋਸ਼ੀਆਨ ਨੂੰ ਕਹੀ, ਤਾਂ 16 ਮਈ ਨੂੰ ਰਾਤ ਕਰੀਬ 9.30 ਵਜੇ ਕੰਮ ਤੋਂ ਘਰ ਪਰਤਣ ਵੇਲੇ ਉਸ ਨੂੰ ਘੇਰ ਲਿਆ ਗਿਆ। ਮਿੱਠਣ ਦਾਅਵਾ ਕਰਦਾ ਹੈ ਕਿ ਉਕਤ ਦੋਸ਼ੀ ਤੇ 7-8 ਹੋਰ ਅਣਪਛਾਤੇ ਵਿਅਕਤੀ ਬਾਅਦ ਵਿੱਚ ਉਸ ਦੇ ਘਰ ਆਏ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਪੁਲਸ ਨੇ ਦੱਸਿਆ ਕਿ ਇਸ 'ਚ ਮਾਮਲਾ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਧਾਰਾਵਾਂ 333, 125, 324, 351(2), 191(3) ਤੇ 190 ਤਹਿਤ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਜਗਤਾਰ ਸਿੰਘ ਅਨੁਸਾਰ, ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਹੈ ਤੇ ਅੱਗੇ ਦੀ ਜਾਂਚ ਜਾਰੀ ਹੈ।

# ਸਮੇਂ-ਸਮੇਂ ਸਿਰ ਸਿਹਤ ਜਾਂਚ ਜ਼ਰੂਰੀ : ਡਾ. ਪ੍ਰੇਮ ਕੁਮਾਰ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਮੁੱਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਢਿੱਲਵਾਂ ਅਧੀਨ ਵੱਖ-ਵੱਖ ਆਯੂਸ਼ਮਾਨ



ਅਰੋਗਿਆ ਕੇਂਦਰ ਵਿੱਚ ਸੀ.ਐਚ.ਓ ਅਤੇ ਏ.ਐਨ.ਐਮ ਵੱਲੋਂ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਨੇ ਦੱਸਿਆ ਕਿ ਵਿਸ਼ਵ ਹਾਈਪਰਟੈਨਸ਼ਨ ਦਿਵਸ ਮੌਕੇ ਸੀ.ਐਚ.ਓ ਵੱਲੋਂ ਸਿਹਤ ਕੇਂਦਰਾਂ ਵਿੱਚ ਆਏ ਮਰੀਜ਼ਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਲੋਕਾਂ ਨੂੰ ਹਾਈਪਰਟੈਨਸ਼ਨ ਦੇ ਲੱਛਣਾਂ ਅਤੇ ਰੋਕਥਾਮ ਸੰਬੰਧੀ ਵਿਸਥਾਰ ਨਾਲ ਜਾਗੂਰਕ ਕੀਤਾ ਗਿਆ। ਇਸ ਸੰਬਧੀ ਹੋਰ ਜਾਣਕਾਰੀ ਦਿੰਦਿਆਂ ਐਸ.ਐਮ.ਓ. ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਜ਼ਿੰਦਗੀ 'ਚ ਤਣਾਅ ਇੱਕ ਆਮ ਗੱਲ ਹੈ। ਉਹ ਤਣਾਅ ਭਾਵੇਂ ਕੰਮ-ਕਾਜ ਦਾ ਹੋਵੇ, ਘਰੇਲੂ ਜ਼ਿੰਮੇਵਾਰੀਆਂ ਦਾ, ਵਿੱਤੀ ਤਣਾਅ ਆਦਿ ਹਰ ਕਿਸੇ ਦੀ ਜ਼ਿੰਦਗੀ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦਾ ਕੋਈ ਤਣਾਅ ਜਰੂਰ ਹੁੰਦਾ ਹੈ।ਲੋਕ ਅਕਸਰ ਇਸਨੂੰ ਮਾਮੂਲੀ ਸਮਝ ਕੇ ਨਜ਼ਰਅੰਦਾਜ਼ ਵੀ ਕਰ ਦਿੰਦੇ ਹਨ ਜੋ ਕਿ ਸਾਡੀ ਸਿਹਤ ਲਈ ਭਵਿੱਖ ਵਿੱਚ ਬਹੁਤ ਖ਼ਤਰਨਾਕ ਸਬਿਤ ਹੋ ਸਕਦਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਮੇਂ-ਸਮੇਂ 'ਤੇ ਉਹ ਆਪਣਾ ਬਲੱਡ ਪ੍ਰੈਸ਼ਰ ਨਜਦੀਕੀ ਸਿਹਤ ਕੇਂਦਰ ਤੋਂ ਜਾਂਚ ਜਰੂਰ ਕਰਵਾਉਂਦੇ ਰਹਿਣ ਤਾਂ ਜੋ ਜੇਕਰ ਬੀ.ਪੀ ਦੀ ਸਮੱਸਿਆ ਆਉਂਦੀ ਹੈ ਤਾਂ ਸਮੇਂ ਰਹਿੰਦੇ ਨਿਜਾਤ ਪਾਈ ਜਾ ਸਕੇ।ਉਨ੍ਹਾਂ ਲੋਕਾਂ ਨੂੰ ਰੋਜ਼ਾਨਾ ਕਸਰਤ ਅਤੇ ਯੋਗ ਅਭਿਆਸ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਬੀ.ਈ.ਈ. ਮੋਨਿਕਾ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ 17 ਮਈ ਤੋਂ 17 ਜੂਨ ਤੱਕ ਹਾਈਪਰਟੈਨਸ਼ਨ ਮਹੀਨਾ ਮਨਾਇਆ ਜਾ ਰਿਹਾ ਹੈ। ਜਿਸ ਤਹਿਤ ਸਿਹਤ ਵਿਭਾਗ ਵਲੋਂ ਵੱਖ-ਵੱਖ ਗਤੀਵਿਧੀਆਂ ਕਰ ਆਮ ਲੋਕਾਂ ਨੂੰ ਹਾਈਪਰਟੈਨਸ਼ਨ ਦੇ ਖ਼ਤਰਿਆਂ, ਲੱਛਣਾਂ, ਰੋਕਥਾਮ ਅਤੇ ਇਲਾਜ ਸਬੰਧੀ ਜਾਗਰੂਕ ਕੀਤਾ ਜਾਵੇਗਾ।


## PUBLIC NOTICE

My clients namely Smt. Inderpreet Kaur, wife of Sh. Kulvant Singh and Sh. Kulvant Singh S/o Mukhtyar Singh, Both R/o 5/7, Third Floor, Near Kalinga Cabels, West Patel Nagar, Patel Nagar, Central Delhi, Delhi, 110008 have severed all her relations with their Daughter namely Amanpreet Kaur D/o Kulvant Singh and with their son in law, Sh. Balbir Singh, Both R/o 231/23A Street No. 9, Z Morh Gobind Nagar Shimlapuri, Ludhiana, Punjab-141003, debarred and disowning them from all familial, emotional, financial and legal associations due to their misconduct and misbehavior with my clients and my clients have no concern with them in any manner or with their acts in future, if anybody deals with them, then my clients will not responsible for the same.

After considerable thought and with deep regret, they declare that due to continued disrespect, disregard for family values, and actions that have deeply hurt and dishonored their family, they are officially and permanently revoking any claims or entitlements previously made in the favor of their daughter as regards to their property, assets, or inheritance, whether stated verbally, implied, or written, including any rights under deeds, gifts, or trusts.

Any further attempt to claim rights over their estate or to communicate under pretense of family ties shall be deemed harassment and dealt with through legal channels. Smt. Amanpreet Kaur D/o Kulvant Singh and Sh. Balbir Singh are no longer welcome to act on the behalf of my clients, represent them or make any claims of connection, material or emotional.

**MOHIT GULATI** (Advocate)
7/19, Block 7, West Patel Nagar,
Patel Nagar, New Delhi, 110008

## COURT NOTICE

(U/o 5 Rule 20 CPC)
In The Court of
Ms. Amanpreet Kaur-I
Civil Judge Junior Division-14, Patiala
CNR No. PBPT02-002368-2024
Next Date:-01-07-2025
State Bank of India
Vs.
Preety Thakur
Publication Issued To:
Preety Thakur
Spouse : Rajeev Dutta
H. No. 18, Hira Bagh, Near Airtel Tower, Patiala Mob. 81467-56154

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-07-2025 at 10:00 a.m.

For details logon to https://highcourtchd.gov.in/?mod=district_notice&district=Patiala

Civil Judge Junior Division-14, Patiala
Dated, this day of 15-05-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਮਨਜੀਤ ਸਿੰਘ ਪੀ. ਆਰ. ਐੱਸ. ਸਬ ਰਜਿਸਟਰਾਰ ਕਮ ਤਹਿਸੀਲਦਾਰ ਜਲਾਲਾਬਾਦ

ਵਿਸ਼ਾ: ਅਣ-ਰਜਿਸਟਰਡ ਵਸੀਅਤ ਵੱਲੋਂ ਪ੍ਰਕਾਸ਼ ਦੇਵੀ ਉਰਫ ਪ੍ਰਕਾਸ਼ ਕੌਰ ਉਰਫ ਪ੍ਰਕਾਸ਼ ਰਾਣੀ ਪਤਨੀ ਅਸ਼ੋਕ ਕੁਮਾਰ ਪੁੱਤਰ ਚੰਬਾ ਰਾਮ ਵਾਸੀ ਹਾਊਸ ਨੰਬਰ 1471/74 ਗਨੇਸ਼ ਨਗਰੀ ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਜ਼ੇਰ ਧਾਰਾ 40-41 ਰਜਿਸਟ੍ਰੇਸ਼ਨ ਐਕਟ ਅਧੀਨ ਰਜਿਸਟਰਡ ਕਰਨ ਸਬੰਧੀ।

ਨੋਟਿਸ ਬਨਾਮ ਜਨਰਲ ਪਬਲਿਕ

ਹਰ ਆਮ ਵਾ ਖਾਸ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਮਨਦੀਪ ਪੁੱਤਰ ਪ੍ਰਕਾਸ਼ ਦੇਵੀ ਉਰਫ ਪ੍ਰਕਾਸ਼ ਕੌਰ ਪਤਨੀ ਅਸ਼ੋਕ ਕੁਮਾਰ ਵਾਸੀ ਗਨੇਸ਼ ਨਗਰੀ ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਨੇ ਇੱਕ ਅਣ-ਰਜਿਸਟਰਡ ਵਸੀਅਤ ਵੱਲੋਂ ਸ੍ਰੀਮਤੀ ਪ੍ਰਕਾਸ਼ ਦੇਵੀ ਉਰਫ ਪ੍ਰਕਾਸ਼ ਕੌਰ ਉਰਫ ਪ੍ਰਕਾਸ਼ ਰਾਣੀ ਪਤਨੀ ਅਸ਼ੋਕ ਕੁਮਾਰ ਪੁੱਤਰ ਚੰਬਾ ਰਾਮ ਵਾਸੀ ਹਾਊਸ ਨੰਬਰ 1471/74 ਗਨੇਸ਼ ਨਗਰੀ ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵੱਲੋਂ ਆਪਣੇ ਲੜਕੇ ਅਮਨਦੀਪ ਪੁੱਤਰ ਅਸ਼ੋਕ ਕੁਮਾਰ ਪੁੱਤਰ ਚੰਬਾ ਰਾਮ ਵਾਸੀ ਹਾਊਸ ਨੰਬਰ 1471/74 ਗਨੇਸ਼ ਨਗਰੀ ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਦੇ ਹੱਕ ਵਿੱਚ ਮਿਤੀ: 05/11/2024 ਦੀ ਹੱਥ ਲਿਖਤ ਲਿਖੀ ਹੋਈ ਭਾਰਤੀ ਸਟੈਂਪ ਐਕਟ ਦੀ ਧਾਰਾ 40-41 ਅਧੀਨ ਰਜਿਸਟਰਡ ਕਰਨ ਲਈ ਪੇਸ਼ ਕੀਤੀ ਹੈ।ਇਸ ਸਮੇਂ ਪ੍ਰਕਾਸ਼ ਦੇਵੀ ਉਰਫ ਪ੍ਰਕਾਸ਼ ਕੌਰ ਦੀ ਮੌਤ ਮਿਤੀ: 20/01/2025 ਨੂੰ ਹੋ ਚੁੱਕੀ ਹੈ। ਪ੍ਰਕਾਸ਼ ਦੇਵੀ ਉਰਫ ਪ੍ਰਕਾਸ਼ ਕੌਰ ਉਰਫ ਪ੍ਰਕਾਸ਼ ਰਾਣੀ ਪਤਨੀ ਅਸ਼ੋਕ ਕੁਮਾਰ ਪੁੱਤਰ ਚੰਬਾ ਰਾਮ ਵਾਸੀ ਹਾਊਸ ਨੰਬਰ 1471/74 ਗਨੇਸ਼ ਨਗਰੀ ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵੱਲੋਂ ਕੀਤੀ ਗਈ ਇਸ ਵਸੀਅਤ ਦੇ ਰਜਿਸਟਰਡ ਕਰਨ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ / ਵਕਾਲਤਨ ਜਾਂ ਡਾਕ ਰਾਹੀਂ ਇਸ ਅਦਾਲਤ ਵਿੱਚ ਇਸ਼ਤਿਹਾਰ ਛਪਣ ਤੋਂ 15 ਦਿਨ ਦੇ ਅੰਦਰ - ਅੰਦਰ ਆਪਣਾ ਉਜ਼ਰ ਪੇਸ਼ ਕਰ ਸਕਦਾ ਹੈ। ਜੇਕਰ ਨਿਸ਼ਚਿਤ ਸਮੇਂ ਤੱਕ ਕੋਈ ਉਜ਼ਰ ਪੇਸ਼ ਨਾ ਹੋਇਆ ਤਾਂ ਸ੍ਰੀਮਤੀ ਪ੍ਰਕਾਸ਼ ਦੇਵੀ ਉਰਫ ਪ੍ਰਕਾਸ਼ ਕੌਰ ਉਰਫ ਪ੍ਰਕਾਸ਼ ਰਾਣੀ ਪਤਨੀ ਅਸ਼ੋਕ ਕੁਮਾਰ ਪੁੱਤਰ ਚੰਬਾ ਰਾਮ ਵਾਸੀ ਹਾਊਸ ਨੰਬਰ 1471/74 ਗਨੇਸ਼ ਨਗਰੀ ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਦੀ ਇਹ ਵਸੀਅਤ ਭਾਰਤੀ ਰਜਿਸਟ੍ਰੇਸ਼ਨ ਐਕਟ ਦੀ ਧਾਰਾ 40-41 ਅਧੀਨ ਰਜਿਸਟਰਡ ਕਰਨ ਲਈ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅੱਜ ਮਿਤੀ: 9.5.25 ਨੂੰ ਦਫਤਰੀ ਮੋਹਰ ਅਤੇ ਮੇਰੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ ।

ਤਹਿਸੀਲਦਾਰ-ਕਮ-ਸਬ ਰਜਿਸਟਰਾਰ, ਜਲਾਲਾਬਾਦ
ਪਿੱਠ ਅੰਕਣ ਨੰਬਰ 96-97 ਆਰ.ਸੀ. ਮਿਤੀ 9/5/25

## COURT NOTICE

(U/o 5 Rule 20 CPC)
In The Court of
Ms. Saru Mehta Kaushik
Additional District and Sessions Judge, Ludhiana
CNR No. PBLD01-019385-2019
Next Date:- 03-07-2025
GURMEET KAUR
Vs.
Mohinder Singh Rawat
Publication Issued To:
Parkash Kaur, Bhinder Kaur, Nikki, Kakke
Mother: Tej Kaur (Deceased)
Near Gurudwara, Ayali Khurd, District Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 03-07-2025 at 10:00 a.m.

For details logon to https://highcourtchd.gov.in/?mod=district_notice&district=mogacourt

Additional District and Sessions Judge, Ludhiana
Dated this day of 15-05-2025

## COURT NOTICE

(U/o 5 Rule 20 CPC)
In The Court of Maitri Kakkar
Civil Judge (Junior Division), Kharar
CNR No. PBSAA0-000794-2023
Next Date:-01-07-2025
Rajinder Kaur
Vs.
Charanjeev Singh
Publication Issued To:
2 Renu K Singh, W/o Kuldeep Singh, 3. Sidharath K Singh S/o Kuldeep Singh, 4. Saurav K Singh S/o Kuldeep Singh, 5. Surinder Kaur D/o Kapoor Singh, All R/O Village Badali, Tehsil Kharar, Distt. SAS Nagar Mohali. 9. Lakshmi w/o Sanjeev Kumar R/o House No. 538 B, Sector 35-A, Chandigarh. 13. Sonu and 14. Rinku both S/o Kes Raj, R/o Village Badali, Tehsil Kharar, Distt. SAS Nagar Mohali.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-07-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division) Kharar
Dated, this day of 16-05-2025

## COURT NOTICE

COURT NOTICE
(U/o 5 Rule 20 CPC)
In The Court of
Sh. Amandeep Singh
Civil Judge (Senior Division), Tarn Taran

Next Date, Purpose of case, Orders and Judgments as well as other case information is available on http://districts.ecourts.gov.in

CNR No. PBTT02-000010-2025
Next Date:- 08-07-2025
Punjab Gramin Bank
Vs.
Dharambeer Singh
Publication Issued To:
Dharambeer Singh
Father : Sukhdev Singh, R/o Near Gurudwara, Village Rure Asal, Tehsil And District Tarn Taran

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 08-07-2025 at 10:00 a.m.

For details logon to https://highcourtchd.gov.in/?trs=district_notice&district=Tarn Taran

Civil Judge (Senior Division), Tarn Taran
Dated, this day of 12/05/25

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ.ਆਰ.ਆਈਜ਼, ਜਲੰਧਰ

ਕੇਸ ਨੰ: 624/ਐੱਫ. ਟੀ. ਸੀ./ਐੱਨ.ਆਰ. ਆਈਜ਼
ਕੇਸ ਅਨੁਵਾਨ : ਨੂਰ ਲੈਂਡ ਡਿਵੈੱਲਪਰ ਪ੍ਰਾਈਵੇਟ ਲਿਮਟਿਡ ਬਨਾਮ ਰਘਵੀਰ ਸਿੰਘ ਅਤੇ ਹੋਰ।
ਖੇਵਟ -65, 21, ਵਾਕਿਆ ਪਿੰਡ - ਬਰਸਾਲ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Noor Land Developer Private Limited through authorized signatory sukhwinder Singh S/o Harbans Singh R/o H.No. 74, Baba Ishar Singh Nagar, Dhin, Jalandhar. (Applicant)

ਨੋਟਿਸ ਬਨਾਮ
1. Raghvir Singh S/o Chanan Singh S/o Megh Singh
2. Tarsem Singh S/o Chanan Singh S/o Megh Singh
3. Ravi Kant Sharma S/o Ruliya Ram
4. Ankush Marwaha S/o Chander Shekhar Marwaha S/o Inderjit Singh
5. Sarabjit Kaur D/o Chanan Singh S/o Megh Singh
6. Paramjit Kaur D/o Chanan Singh S/o Megh Singh
All r/o Village Barsal, Tehsil Jalandhar-1, District Jalandhar. (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 27.05.2025 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 10.05.2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।
ਨੰ: 759/ਰੀਡਰ/ਡੀ. ਆਰ. ਓ. ਮਿਤੀ : 16.5.25

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ.ਆਰ.ਆਈਜ਼, ਜਲੰਧਰ

ਕੇਸ ਨੰ: 623/ਐੱਫ. ਟੀ. ਸੀ./ਐੱਨ.ਆਰ. ਆਈਜ਼ ਕੇਸ ਅਨੁਵਾਨ : ਬਲਵਿੰਦਰ ਸਿੰਘ ਬਨਾਮ ਹਰਦੇਵ ਸਿੰਘ ਅਤੇ ਹੋਰ।
ਖੇਵਟ -6/6/1, 6/2/6, 13/11, 15/13, 4/4, 5/5, 7/6, 22/18, 90/83, 84/77, 122/115, 65/63, 25/20 ਵਾਕਿਆ ਪਿੰਡ - ਉਧੋਪੁਰ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 1. Balwinder Singh S/o Harbans Singh S/o Karam Singh R/o Flat No. 58, Eyot House, Sun Passage, London, SE 16 4BF 2. Noor Land Developer Private Limited through authorized signatory sukhwinder Singh S/o Harbans Singh R/o H.No. 74, Baba Ishar Singh Nagar, Dhin, Jalandhar. (Applicant)

ਨੋਟਿਸ ਬਨਾਮ

1. Hardev Singh S/o Mehar Singh S/o Buta Singh 2. Sukhdev Singh S/o Mehar Singh S/o Buta Singh 3. Gurmej Kaur wd/o Resham Singh S/o Jagir Singh 4. Surinder Singh S/o Resham Singh S/o Jagir Singh 5. Jaspal Kaur D/o Resham Singh S/o Jagir Singh 6. Gurdip Singh S/o Avtar Singh S/o Buta Singh 7. Manjinder Singh S/o Resham Singh S/o Jagir Singh 8. Bhupinder Singh S/o Gurdip Singh S/o Avtar Singh 9. Harprit Singh S/o Gurdip Singh S/o Avtar Singh 10. Avinash Singh S/o Jarnail Singh 11. Resham Singh S/o Jagir Singh S/o Buta Singh 12. Nachhtar Kaur Wd/o Baldev Singh S/o Jagir Singh 13. Kulwinder Kaur D/o Avtar Singh S/o Buta Singh 14. Sukhvir Kaur D/o Avtar Singh S/o Buta Singh 15. Jasvir Kaur D/o Avtar Singh S/o Buta Singh 16. Parwinder Kaur @ Kulwinder Kaur D/o Kehar Singh S/o Buta Singh 17. Jimmy Verma S/o Anand Verma 18. Rashpal Singh S/o Gurbachan Singh S/o Charan Singh 19. Jagtar Singh S/o Gurbachan Singh S/o Charan Singh 20. Nirmal Singh S/o Gurbachan Singh S/o Charan Singh 21. Saresh Kapur S/o Harbans Lal 22. Prem Kishan S/o Rup Lal 23. Satinderjit Kaur W/o Surjit Singh 24. Surjit Singh S/o Jaswant Singh 25. Joginder Singh S/o Gurcharan Singh S/o Sudagar Singh 26. Harsimran Singh S/o Inderjit Singh 27. Paramjit Kaur W/o Inderjit Singh 28. Raghvir Singh S/o Chanan Singh S/o Megh Singh 29. Gurnam Singh S/o Chanan Singh S/o Megh Singh 30. Amrik Singh S/o Chanan Singh S/o Megh Singh 31. Ravi Kant Sharma S/o Ruliya Ram S/o Jai Ram Dass 32. Avtar Singh S/o Kapur Singh S/o Dadik Singh 33. Avtar Singh S/o Kapur Singh S/o Jawala Singh 34. Taranvir Kaur W/o Surjit Singh S/o Harbhajan Singh 35. Jaswinder Singh S/o Tarsem Singh S/o Chanan Singh 36. Lakhwinder Singh S/o Tarsem Singh S/o Chanan Singh 37. Sukhwinder Singh S/o Tarsem Singh S/o Chanan Singh 38. Kuldip Singh Talwar S/o Sarvan Singh S/o Ujagar Singh 39. Narinder Singh Talwar S/o Sarvan Singh S/o Ujagar Singh 40. Surinder Singh S/o Santokh Singh S/o Kartar Singh 41. Satnam Singh S/o Santokh Singh S/o Kartar Singh 42. Joban Singh S/o Tarvinder Singh S/o Santokh Singh 43. Ankush ha S/o Chander Shekhar Marwaha S/o Inderjit Singh Marwaha 44. Harprit Kaur W/o Sukhwinder Singh S/o Harbans Singh 45. Sandip Singh S/o Jaswant Singh S/o Bhajan Singh 46. Amarjit Kaur Wd/o Gurbir Singh S/o Gurnam Singh 47. Himatbir Singh S/o Gurbir Singh S/o Gurnam Singh 48. Satnam Singh S/o Kishan Singh S/o Megh Singh 49. Joginder Singh S/o Kishan Singh S/o Megh Singh 50. Surjit Kaur wd/o Gurbachan Singh S/o Charan Singh 51. Jagtar Singh S/o Gurbachan Singh S/o Charan Singh 52. Rashpal Singh S/o Gurbachan Singh S/o Charan Singh 53. Nirmal Singh S/o Gurbachan Singh S/o Charan Singh 54. Captain Gurnam Singh S/o Kartar Singh S/o Charan Singh 55. Lal Singh S/o Buta Singh S/o Batan Singh 56. Tarsem Singh S/o Chanan Singh S/o Megh Singh 57. Sarabjit Singh S/o Kapur Singh S/o Atar Singh 58. Sukhwinder Singh S/o Charanjit Singh S/o Atar Singh 59. Harjit Kaur w/o Harwinder Singh S/o Charanjit Singh 60. Tirath Singh S/o Kewal Singh S/o Kapur Singh 61. Hardev Singh S/o Kewal Singh S/o Kapur Singh 62. Tarsem Singh S/o Harbhajan Singh S/o Tara Singh 63. Makhan Singh S/o Harbhajan Singh S/o Tara Singh 64. Jasvir Singh S/o Sarabjit Singh S/o Kapur Singh 65. Kuldip Kaur wd/o Dalwinder Singh S/o Kapur Singh 66. Harmanprit Singh S/o Kirtan Singh S/o Pritam Singh 67. Nitin S/o Sham Sunder S/o Dawarka Das 68. Parminder Singh S/o Harbhajan Singh S/o Tara Singh 69. Mandip Kaur Wd/o Kewal Singh S/o Kapur Singh 70. Harjit Singh S/o Kewal Singh S/o Kapur Singh 71. Gurprit Singh S/o Kewal Singh S/o Kapur Singh 72. Jasmine Kaur w/o Karandip Singh 73. Surat Singh S/o Wasava Singh S/o Deva Singh 74. Sailika Kalia W/o Rajan Kalia S/o Kewal Krishan Kalia 75. Sumit Jain S/o Rajinder Kumar Jain 76. Bhawna Jain W/o Sumit Jain S/o Rajinder Kumar Jain 77. Navdip Singh S/o Daljit Singh S/o Kartar Singh 78. Sachin Kapur S/o Surinder Kumar S/o Sardari Lal 79. Dipali Kapur S/o Sachin Kapur S/o Surinder Kumar 80. Gurwinder Singh S/o Chanan Singh S/o Kartar Singh 81. Reema Jammu W/o Gurminder Jammu 82. Janak Kapur S/o Ram Sarup 83. Neha Mehta W/o Dalip Mehta S/o Dhuni Chand 84. Kaler Tanneries Pvt. Ltd. 85. Parnav Gupta S/o Dhiraj Gupta S/o Lekh Raj 86. Amanprit Singh Sethi S/o Manjit Singh Sethi 87. M/s Alodia Life Sciences Private Limited Regd, Satnam Market Ladowali Road, Jalandhar. 88. Nupur Behal W/o Arjun Behal 89. Ranjana Behal w/o Anil Behal 90. Raman Chaudhary S/o Gyan Chand 91. Sonia Madan W/o Sachin Madan 92. Sarika Chaudhary S/o Gagan Chaudhary 93. Vasdev Pal S/o Rampher Pal 94. Kalsum W/o Prem Masih S/o Chanan Masih 95. Surjit Singh S/o Piara Lal S/o Karam Chand 96. Jasvir Singh S/o Surinder Singh S/o Guljar Singh 97. Jaswinder Basra S/o Hari Singh Basra S/o Sham Singh Basra 98. Parvati Devi W/o Bhola Yadav S/o Prithvi Prasad 99. Bhupinder Singh S/o Ratan Singh 100. Kanchan Bansal W/o Ashwani Bansal S/o Harkishor Bansal 101. Bakshish Kaur wd/o Surjit singh S/o Balwant Singh. All R/o Village Udhopur, Tehsil Jalandhar-1, District Jalandhar. (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 27.05.2025 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 16.05.2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।
ਨੰ: 760/ਰੀਡਰ/ਡੀ. ਆਰ. ਓ. ਮਿਤੀ : 16.5.25

## ਕਲਾਸੀਫਾਈਡ ਇਸ਼ਤਿਹਾਰ

### Change of Name

I Ram Parkash s/o Manga Ram R/o VPO Munak Kalan, Hoshiarpur-144204, Punjab, have changed my name from RAM Parkash to RAM Parkash Singh. All concerned please note.

I Surjeet Kumar S/o Daulat Ram,R/o H.No. 111, Kotla Road, Star Enclave, Jalandhar have changed my name from Rakesh Kumar to Surjeet Kumar.

I, Jaskaran Singh S/o Baljit Singh Saggu, R/o Plot No 61, Lane No. 2, S J S Avenue, Airport Road, Amritsar, Punjab- 143001, have changed my name and shall hereafter be Known as Jaskaran Singh Saggu.

I, Raman Kumar S/o Balbir Singh, R/o Kukanet, Hoshiarpur, Punjab-144206, have changed my name and shall hereafter be Known as Raman Singh.

I, Neha W/o Karun Mahajan , D/o Deepak Mahajan , R/o Lane No-4, Ram Sharnam Colony, Pathankot, Punjab- 145001. have changed my name and shall hereafter be Known as Neha Mahajan.

I, Vishal Sharma S/o N D Sharma, R/o Near Water Supply, Vpo Shahpur Kandi, Pathankot, Punjab- 145029, have changed my name and shall hereafter be Known as Vishal Ratanpal.

I, Bharat Bhushan S/o Amar Nath Chitkara, R/o Ho. No-1001, Ward No-22, Uraban Esatae-2, Hisar, Haryana-125001, have changed my name and shall hereafter be Known as Bharat Bhushan Chitkara.

I, Bhumika Sahu W/o Abhai Tiwari, R/o A-02, Park Elite Premium, BPTP, Amolik Prakland, Sector-84, OLD Faridabad, Haryana- 121002. have changed my name and shall hereafter be Known as Bhumika Tiwari.

I, Sonia w/o Jatinder Kumar r/o H.No. BX-758, Gali No.1, Kishanpura, Jalandhar-144004, Punjab have changed my name to Sonia Gupta. All Please Note.

I, Sourav s/o Ram Lubahaya r/o H.No.859, Balmik Mohalla, Ekta Nagar, Jalandhar (PB) have changed my name to Sourav Sahota. All Please Note.

I Mohit S/o Umed Singh , R/o 453, Village Lath, (65), Lath, Gohana, Sonipat, Haryana-131301, have changed my name and shall hereafter be Known as Mohita Boora.

### Change of Name

I, Ashish Kumar Sharma S/o Pramod Kumar Sharma , R/o 2605, Ground Floor, Near Shishu One Preschool and Daycare, Sector-57, Wazirabad (x75), Gurgaon, Haryana-122003.I have changed the name of my minor daughter Tashi Sharma aged about 3 years and She shall hereafter be known as Ashvi Sharma.

I, Satnam Singh S/o Pritam Singh R/o H.No.383, Ward No.13, Shakti Nagar, Mohalla Bhogpur, Jalandhar, Punjab, 144201 changed my name from Satnam Singh Multani to Satnam Singh.

I, Jasleen Kaur W/o Channpreet Singh R/o VPO. Bajwa Khurd, Tehsil Shahkot, Distt. Jalandhar-144702, Punjab have changed my name from Jasleen Kaur to Kaur Jasleen (Surname as Kaur). All Please Note.

I, Meenakshi Nanda W/o Kapil Nanda R/o H.No. EG-924, Prem Nagar, Back Side SD College, Jalandhar, Punjab have changed my name from Meenakshi Nanda to Meenakshi. All Please Note.

I, Kamna W/o Gulshan Verma R/o H.No.37, Madhban Colony, Basti Bawa Khel, Jalandhar, Punjab have changed my name from Kamna to Kamna Verma. All Please Note.

I, Harvinder Singh S/o Chanan Singh R/o VPO. Kanjli, Distt. Kapurthala Punjab have changed my name from Harvinder Singh to Harwinder Singh. All Please Note.

I, Gurmit Singh s/o Charan Singh r/o SWS-34-B, sarabha Nagar, Hoshiarpur Road, Santokh Pura, Jalandhar have changed the spelling of my name as Gurmeet Singh. All Please Note.

I Rajendra Kumar S/o Jodha Ram R/o H.No. 730/1, Chandigarh Mohalla, Basti Danishmanda, Jalandhar -144002, have changed my name from Rajendra Kumar to Rajinder Kumar. All concerned please note.

### Change of Name

I, Kanchan Rajput W/o Sanjay Arora R/o H.No.495, Guru Teg Bahadur Nagar, Po. Model Town, Jalandhar, Punjab have changed my surname from Kanchan Rajput to Kanchan Arora, After Marriage. All Please Note.

### ਨਾਂਅ ਦੀ ਬਦਲੀ

ਮੈਂ, ਜਸਨਦੀਪ ਸਿੰਘ Sagoo ਪੁੱਤਰ ਦਵਿੰਦਰ ਸਿੰਘ ਵਾਸੀ ਪਿੰਡ/ਡਾਕ ਰੰਗੀਆਂ (ਸੰਗਰੂਰ) ਨੇ ਅਪਣਾ ਨਾਂ ਬਦਲ ਕੇ ਜਸਨਦੀਪ ਸਿੰਘ ਰੱਖ ਲਿਆ ਹੈ।

### ਆਮ ਸੂਚਨਾ

ਮੈਂ, ਤੇਜਿੰਦਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਗੋਇੰਦਵਾਲ ਸਾਹਿਬ ਤਹਿਸੀਲ ਖਡੂਰ ਸਾਹਿਬ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਅਮਨਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ, ਲੇਕਿਨ ਹੁਣ ਮੇਰਾ ਲੜਕਾ ਅਮਨਦੀਪ ਸਿੰਘ ਮੇਰੇ ਕਹਿਣੇ ਵਿਚ ਹੈ। ਇਸ ਲਈ ਮੈਂ ਆਪਣੇ ਵੱਲੋਂ ਕੀਤੇ ਬੇਦਖਲੀ ਨੋਟਿਸ ਨੂੰ ਰੱਦ ਕਰਦਾ ਹਾਂ।

### ਬੇਦਖਲੀ ਨੋਟਿਸ

ਮੈਂ, ਵਿਜੈ ਕੁਮਾਰ ਪੁੱਤਰ ਲਾਲ ਚੰਦ ਵਾਸੀ ਮਕਾਨ ਨੰ: 128/1, ਭਾਰਗੋ ਕੈਂਪ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੋਹਿਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਬਲਜਿੰਦਰ ਸਿੰਘ ਪੁੱਤਰ ਪਾਲ ਚੰਦ ਵਾਸੀ ਮਕਾਨ ਨੰਬਰ 179, ਖੁਰਲਾ ਕਿੰਗਰਾ ਨੇੜੇ ਸਾਂਈ ਮੰਦਿਰ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਜਸਕਰਨ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੁਮਿਤਰੀ ਪਤਨੀ ਲੇਟ ਵੀਰ ਚੰਦ ਵਾਸੀ 270, ਜੱਲੋਵਾਲ ਅਬਾਦੀ, ਜਲੰਧਰ-1, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਰਿੰਦਰ ਕੁਮਾਰ ਅਤੇ ਉਸਦੀ ਪਤਨੀ ਗੁਰਪ੍ਰੀਤ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## SBI RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

### ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਗਹਿਣੇ ਪਈਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 01. | (ਕਰਜ਼ਦਾਰ) : (ਸ੍ਰੀ ਦੇਵੀ ਦਾਸ ਪੁੱਤਰ ਸ੍ਰੀ ਸਵਰਨਾ ਰਾਮ ਵਾਸੀ ਮਕਾਨ ਨੰ. 13230, ਗਲੀ ਨੰ. 2, ਗੋਪਾਲ ਨਗਰ, ਟਿੱਬਾ ਰੋਡ, ਬਸਤੀ ਜੋਧੇਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-141007 | ਮਕਾਨ ਨੰ. ਬੀ 25/ਜੀ 4/1312 ਰਕਬਾ 60 ਵਰਗ ਗਜ਼, ਖਸਰਾ ਨੰ. 26//5, ਖੱਤਾ ਨੰ. 404/404, ਜਮ੍ਹਾਂਬੰਦੀ ਸਾਲ 2006-07, ਹਦਬਸਤ ਨੰ. 178, ਪਿੰਡ ਕਿੱਲਿਆਂਵਾਲੀ ਵਿਖੇ ਸਥਿਤ, ਗੋਪਾਲ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਜਾਇਦਾਦ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਜ਼ਮੀਨ 12'-00", ਪੱਛਮ : ਗਲੀ 20' ਚੌੜੀ 12'-00", ਉੱਤਰ : ਗੁਆਂਢ 50'-00", ਦੱਖਣ : ਗੁਆਂਢ 50'-00" * ਬੈਨਾਮਾ ਵਸੀਕਾ ਨੰ. 14697 ਮਿਤੀ 18-11-2011, ਸ੍ਰੀ ਦੇਵੀ ਦਾਸ ਪੁੱਤਰ ਸ੍ਰੀ ਸਵਰਨਾ ਰਾਮ ਦੇ ਨਾਂਅ 'ਤੇ। | 10.12.2024 | 17.05.2025 | ਸੰਕੇਤਕ ਕਬਜ਼ਾ / 09.12.2024 ਨੂੰ ਰੁਪਏ 8,74,116.00 (ਅੱਠ ਲੱਖ ਚੁਹੱਤਰ ਹਜ਼ਾਰ ਇੱਕ ਸੌ ਸੋਲਾਂ ਰੁਪਏ ਕੇਵਲ) ਸਮੇਤ 10.12.2024 ਤੋਂ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ। |
| 02. | (ਕਰਜ਼ਦਾਰ) : ਸ੍ਰੀਮਤੀ ਗਮਗਮ ਦੇਵੀ ਪਤਨੀ ਸ੍ਰੀ ਸ਼ਿਵਾ ਕੁਮਾਰ ਪੁੱਤਰ ਸ੍ਰੀ ਰਾਮ ਮੁਖੀਆ ਵਾਸੀ ਮਕਾਨ ਨੰ. 191, ਗਲੀ ਨੰ. 2, ਹਜ਼ੂਰੀ ਬਾਗ ਕਾਲੋਨੀ, ਭੱਟੀਆਂ ਬੇਟ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-141008 | ਪਲਾਟ ਨੰ. 26 ਰਕਬਾ 50 ਵਰਗ ਗਜ਼, ਖਸਰਾ ਨੰ. 16//27, 69/1, 161, 15/2, 13/2/2, 13/3/2, 14/2/1, 16, 17, 18/1, 18/2/2, 23/1/2, 23/2, 24, 25, 37//13, ਖੱਤਾ ਨੰ. 584/619, 585/620, 586/621, ਜਮ੍ਹਾਂਬੰਦੀ ਸਾਲ 2008-09, ਹੱਦਬਸਤ ਨੰ. 89, ਪਿੰਡ ਭੱਟੀਆਂ ਵਿਖੇ ਸਥਿਤ, ਹਜ਼ੂਰੀ ਬਾਗ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਜਾਇਦਾਦ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਗਲੀ 20' ਚੌੜੀ 20'-00", ਪੱਛਮ : ਗਲੀ 20' ਚੌੜੀ 20'-00", ਉੱਤਰ : ਪਲਾਟ ਨੰ. 27-22'-06", ਦੱਖਣ : ਪਲਾਟ ਨੰ. 25-22'-06" * ਬੈਨਾਮਾ ਵਸੀਕਾ ਨੰ. 8544 ਮਿਤੀ 09-12-2013, ਸ੍ਰੀਮਤੀ ਗਮਗਮ ਦੇਵੀ ਪਤਨੀ ਸ਼ਿਵਾ ਕੁਮਾਰ ਦੇ ਨਾਂਅ 'ਤੇ | 10.10.2024 | 16.05.2025 | ਸੰਕੇਤਕ ਕਬਜ਼ਾ / 09.12.2024 ਨੂੰ ਰੁਪਏ 4,75,232.00 (ਚਾਰ ਲੱਖ ਪਚੱਤਰ ਹਜ਼ਾਰ ਦੋ ਸੌ ਬੱਤੀ ਰੁਪਏ ਕੇਵਲ) ਸਮੇਤ 10.10.2024 ਤੋਂ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ। |
| 03. | (ਕਰਜ਼ਦਾਰ) : ਸ੍ਰੀਮਤੀ ਇੰਦੂ ਮਿਸ਼ਰਾ ਪਤਨੀ ਸ੍ਰੀ ਰਾਕੇਸ਼ ਕੁਮਾਰ ਮਿਸ਼ਰਾ ਵਾਸੀ ਮਕਾਨ ਨੰ.178, ਚਰਨ ਨਗਰ, ਨੇੜੇ ਗੋਪਾਲ ਨਗਰ, ਟਿੱਬਾ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141007 | ਪਲਾਟ ਨੰ. 10/1, ਰਕਬਾ 62 ਵਰਗ ਗਜ਼, ਖਸਰਾ ਨੰ. 21//9, 12, 19, 2, 3, 4, 5, 6, 7, 8 ਖੱਤਾ ਨੰ. 339/340, 340/341, ਜਮ੍ਹਾਂਬੰਦੀ ਸਾਲ 2006-07, ਹੱਦਬਸਤ ਨੰ. 178, ਪਿੰਡ ਕੁਲੀਏਵਾਲ ਵਿਖੇ ਸਥਿਤ, ਚਰਨ ਨਗਰ ਨੇੜੇ ਗੋਪਾਲ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਜਾਇਦਾਦ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਗੁਆਂਢ 28'-00", ਪੱਛਮ : ਗੁਆਂਢ 28'-00", ਉੱਤਰ : ਸੜਕ 20' ਚੌੜੀ 18'-00", ਦੱਖਣ : ਗੁਆਂਢ 18'-00" * ਬੈਨਾਮਾ ਵਸੀਕਾ ਨੰ. 7940 ਮਿਤੀ 09-09-2013 ਸ੍ਰੀਮਤੀ ਇੰਦੂ ਮਿਸ਼ਰਾ ਪਤਨੀ ਸ੍ਰੀ ਰਾਕੇਸ਼ ਮਿਸ਼ਰਾ ਦੇ ਨਾਂਅ 'ਤੇ। | 23.10.2024 | 13.05.2025 | ਸੰਕੇਤਕ ਕਬਜ਼ਾ / 08.10.2024 ਨੂੰ ਰੁਪਏ 9,83,418.00 (ਨੌਂ ਲੱਖ ਤਰਿਆਸੀ ਹਜ਼ਾਰ ਚਾਰ ਸੌ ਅਠਾਰਾਂ ਰੁਪਏ ਕੇਵਲ) ਸਮੇਤ 09.10.2024 ਤੋਂ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ। |

ਮਿਤੀ : 18-05-2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

19 May Page-7.qxd 5/18/2025 10:33 PM Page 1



## ਮੀਰਪੁਰ ਕਲਾਂ ਦੀ ਵਿਦਿਆਰਥਣ ਲਵਪ੍ਰੀਤ ਕੌਰ ਨੇ ਮਾਰੀ ਬਾਜ਼ੀ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਸਰਕਾਰੀ ਸੈਕੰਡਰੀ ਸਕੂਲ ਮੀਰਪੁਰ ਕਲਾਂ ਦੀ ਲਵਪ੍ਰੀਤ ਕੌਰ ਪੁੱਤਰੀ ਬੂਟਾ ਸਿੰਘ ਨੇ ਪੂਰੇ ਜ਼ਿਲ੍ਹੇ ਮਾਨਸਾ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਜਾਣਕਾਰੀ ਦਿੰਦਿਆਂ ਕਲਾ ਅਧਿਆਪਕ ਜਗਸੀਰ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਕੌਰ ਨੇ 650 ਵਿੱਚੋਂ 642 ਅੰਕ ਲੈ ਕੇ ਮਾਨਸਾ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਅਤੇ ਪੂਰੇ ਪੰਜਾਬ ਵਿੱਚੋਂ ਅੱਠਵਾਂ ਸਥਾਨ ਹਾਸਲ ਕਰਕੇ ਮਾਣਮੱਤੀ ਪ੍ਰਾਪਤੀ ਮੀਰਪੁਰ ਕਲਾਂ ਦੀ ਝੋਲੀ ਪਾਈ ਹੈ। ਖੁਸ਼ੀ ਜ਼ਾਹਰ ਕਰਦਿਆਂ ਪ੍ਰਿੰਸੀਪਲ ਦਿਲਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਸਾਡੀ ਵਿਦਿਆਰਥਣ ਲਵਪ੍ਰੀਤ ਕੌਰ ਨੇ ਸਾਡੇ ਸਕੂਲ ਅਤੇ ਸਾਡੇ ਪਿੰਡ ਮੀਰਪੁਰ ਕਲਾਂ ਦਾ ਨਾਮ ਪੂਰੇ ਪੰਜਾਬ ਵਿੱਚ ਚਮਕਾਇਆ ਹੈ। ਉਨ੍ਹਾਂ ਨੇ ਲਵਪ੍ਰੀਤ ਕੌਰ, ਉਸ ਦੇ ਮਾਪਿਆਂ, ਅਧਿਆਪਕਾਂ ਅਤੇ ਨਗਰ ਨਿਵਾਸੀਆਂ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ।

## ਹੋਲੀ ਹਾਰਟ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ





**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਹੋਲੀ ਹਾਰਟ ਪਬਲਿਕ ਹਾਈ ਸਕੂਲ ਲਹਿਰਾ ਮੁਹੱਬਤ ਦਾ ਦਸਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਸਾਰੇ ਹੀ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ। ਸਕੂਲ 'ਚੋਂ ਰਾਜਦੀਪ ਕੌਰ ਨੇ 600/650 ਅੰਕਾਂ ਨਾਲ ਪਹਿਲਾ, ਭਵਦੀਪ ਸ਼ਰਮਾ ਨੇ 595/650 ਅੰਕਾਂ ਨਾਲ ਦੂਜਾ ਤੇ ਸਲੋਨੀ ਕੁਮਾਰੀ 590/650 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਐੱਮ. ਡੀ. ਅਜੇ ਜਿੰਦਲ, ਮੁੱਖ ਅਧਿਆਪਕ ਦਦੂਰ ਸਿੰਘ, ਮੈਡਮ ਮਨਦੀਪ, ਮੈਡਮ ਗੁਰਪ੍ਰੀਤ ਬੱਤਰਾ ਤੇ ਮੈਡਮ ਰੂਮਾ ਸਮੇਤ ਸਮੂਹ ਸਟਾਫ ਨੇ ਵਧੀਆ ਰਿਜ਼ਲਟ ਆਉਣ 'ਤੇ ਵਧਾਈ ਦਿੰਦਿਆਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਦੀ ਆਕਸਫੋਰਡ ਪਬਲਿਕ ਸਕੂਲ ਵਿਖੇ 'ਮਾਂ ਦਿਵਸ' ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਦੀ ਆਕਸਫੋਰਡ ਪਬਲਿਕ ਸਕੂਲ ਵਿਖੇ 'ਮਾਂ ਦਿਵਸ' ਨੂੰ ਮੁੱਖ ਰੱਖਦਿਆਂ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹਜਨਕ ਢੰਗ ਨਾਲ ਹਿੱਸਾ ਲਿਆ। ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਦੁਆਰਾ ਆਪਣੀਆਂ ਮਾਤਾਵਾਂ ਦੇ ਆਉਣ 'ਤੇ 'ਵੈੱਲਕਮ ਸਾਂਗ' ਦੁਆਰਾ ਉਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਐੱਮ-ਐੱਸ 2 ਦੀ ਵਿਦਿਆਰਥੀਆਂ ਦੁਆਰਾ 'ਆਈ ਲਵ ਮਦਰ' ਗੀਤ ਦੀ ਸੁੰਦਰ ਤੇ ਸੁਰੀਲੇ ਢੰਗ ਵਿੱਚ ਪੇਸ਼ਕਾਰੀ ਕੀਤੀ ਗਈ ਅਤੇ ਐੱਮ-ਐੱਸ 3 ਦੇ ਵਿਦਿਆਰਥੀਆਂ ਵੱਲੋਂ ਗੀਤ 'ਤੂੰ ਕਿਤਨੀ ਪਿਆਰੀ ਹੈ ਮਾਂ' ਨੂੰ ਖੂਬਸੂਰਤ ਅਦਾਵਾਂ ਨਾਲ ਪੇਸ਼ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਦੀਆਂ ਮਾਤਾਵਾਂ ਨੂੰ ਕੁਝ ਮਨੋਰੰਜਨ ਗੇਮਾਂ ਵੀ ਕਰਵਾਈਆਂ ਗਈਆਂ। ਇਸ ਮੌਕੇ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਕਿਹਾ ਕਿ ਮਾਂ ਦਾ ਕੋਈ ਇੱਕ ਦਿਨ ਨਹੀਂ ਹੁੰਦਾ ਮਾਂ ਰੱਬ ਵੱਲੋਂ ਦਿੱਤਾ ਇਕ ਉਹ ਤੋਹਫਾ ਹੈ, ਜਿਸ ਬਿਨਾਂ ਹਰ ਇਨਸਾਨ ਅਧੂਰਾ ਹੈ ਅਤੇ ਮਾਂ ਦੀਆਂ ਦੁਆਵਾਂ ਵਿੱਚ ਇੰਨੀ ਤਾਕਤ ਹੈ ਕਿ ਮਾਂ ਦੀਆਂ ਦੁਆਵਾਂ ਦੀ ਤਾਕਤ ਤੇ ਹੌਸਲੇ ਨਾਲ ਅਸੀਂ ਹਰ ਮੰਜ਼ਿਲ ਨੂੰ ਪ੍ਰਾਪਤ ਕਰ ਸਕਦੇ ਹਾਂ। ਪ੍ਰੋਗਰਾਮ ਦੇ ਅੰਤ ਵਿੱਚ ਉਨ੍ਹਾਂ ਨੇ ਮਾਂ ਦਿਵਸ 'ਤੇ ਸ਼ਿਰਕਤ ਕਰਨ ਵਾਲੀਆਂ ਮਾਵਾਂ ਨੂੰ 'ਮਾਂ ਦਿਵਸ' ਦੀ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰ. ਗੁਰਧਿਆਨ ਸਿੰਘ ਚਹਿਲ ਹਾਜ਼ਰ ਸਨ।

## ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਸੱਭਿਆਚਾਰਕ ਪ੍ਰੋਗਰਾਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਰੌਂਡਵੇ ਪਬਲਿਕ ਸਕੂਲ ਮਨਾਲ ਵਿੱਚ ਹਿੰਦੀ ਵਿਭਾਗ ਦੇ ਮੁਖੀ ਆਰਿਫ ਹਸਨ ਦੀ ਯੋਗ ਅਗਵਾਈ ਵਿੱਚ ਦੇਸ਼ ਦੇ ਪਿਆਰ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਰੰਗਾ-ਰੰਗ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਸਰਸਵਤੀ ਵੰਦਨਾ, ਕਵਿਤਾ ਉਚਾਰਨ, ਭਾਸ਼ਣ, ਨਾਚ ਤੇ ਮਾਇਮ ਵਿੱਚ ਦੀ ਪੇਸ਼ਕਾਰੀ ਨੇ ਪ੍ਰੋਗਰਾਮ ਨੂੰ ਚਾਰ ਚੰਨ ਲਗਾ ਦਿੱਤੇ। ਇਸ ਮੌਕੇ 'ਕਾਰਡ ਬਣਾਓ' ਗਤੀਵਿਧੀ ਦੇ ਜੇਤੂਆਂ ਤੇ ਪ੍ਰੋਗਰਾਮ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਤੇ ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਸਨਮਾਨਤ ਕੀਤਾ। ਚੇਅਰਮੈਨ ਰਣਜੀਤ ਸਿੰਘ ਚੀਮਾ ਤੇ ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਹਿੰਦੀ ਵਿਭਾਗ ਦੇ ਸਾਰੇ ਅਧਿਆਪਕਾਂ ਦੀ ਮਿਹਨਤ ਦੀ ਤਾਰੀਫ ਕੀਤੀ। ਉਨ੍ਹਾਂ ਪ੍ਰੋਗਰਾਮ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਬੱਚਾ ਆਪਣੀ ਮਾਂ ਦੇ ਤਿਆਗ ਦਾ ਕਰਜ਼ ਕਦੇ ਨਹੀਂ ਚੁਕਾ ਸਕਦਾ। ਸਾਰੇ ਬੱਚਿਆਂ ਨੂੰ ਆਪਣੀ ਮਾਂ ਦੀ ਸੇਵਾ ਕਰਨੀ ਚਾਹੀਦੀ ਹੈ ਤੇ ਉਸ ਦਾ ਦਿਲ ਕਦੇ ਨਹੀਂ ਦੁਖਾਉਣਾ ਚਾਹੀਦਾ, ਕਿਉਂਕਿ ਮਾਂ ਦੇ ਚਰਨਾਂ ਵਿੱਚ ਸਵਰਗ ਹੁੰਦਾ ਹੈ।

## ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਵੱਲੋਂ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਤੇ ਲੋਕਾਂ ਦੇ ਬਾਹਰ ਜਾ ਕੇ ਘੁੰਮਣ ਦੇ ਸੁਪਨੇ ਨੂੰ ਬਹੁਤ ਹੀ ਜਲਦ ਉਡਾਣ ਦਿੱਤੀ ਜਾਂਦੀ ਹੈ। ਇਸ ਵਾਰ ਸੰਸਥਾ ਵੱਲੋਂ ਦਿਲਪ੍ਰੀਤ ਸਿੰਘ ਵਾਸੀ ਬਾਘਾ ਪੁਰਾਣਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦੇ ਸੁਪਨੇ ਨੂੰ ਉੱਚੀ ਉਡਾਣ ਦਿੱਤੀ ਗਈ ਹੈ। ਡਾਇਰੈਕਟਰ ਸਿਮਰਨ ਮਾਨ ਵੱਲੋਂ ਵਿਦਿਆਰਥੀ ਦਿਲਪ੍ਰੀਤ ਸਿੰਘ ਨੂੰ ਵੀਜ਼ੇ ਦੀ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ। ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਵਿੱਚ ਦੱਸਿਆ ਗਿਆ ਕਿ ਪੜ੍ਹਾਈ ਵਿੱਚ ਵੱਧ ਤੋਂ ਵੱਧ ਰੁਚੀ ਰੱਖਣ ਵਾਲੇ ਵਿਦਿਆਰਥੀ ਹੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ, ਉਨ੍ਹਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ, ਸੰਸਥਾ ਵੱਲੋਂ ਵੀਜ਼ੇ ਸੰਬੰਧੀ ਤਸੱਲੀਬਖਸ਼ ਸਲਾਹ ਦੇ ਕੇ ਹੀ ਵੀਜ਼ਾ ਲਗਵਾਇਆ ਜਾਂਦਾ ਹੈ। ਜਿਹੜੇ ਤੁਸੀਂ ਵੀ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰਨਾ ਚਾਹੁੰਦੇ ਹੋ ਜਾਂ ਫਿਰ ਵਿਦੇਸ਼ਾਂ ਵਿੱਚ ਘੁੰਮਣ ਜਾਣਾ ਚਾਹੁੰਦੇ ਹੋ ਤਾਂ ਤੁਸੀਂ ਇੱਕ ਵਾਰ ਆਪਣੇ ਦਸਤਾਵੇਜ਼ ਲੈ ਕੇ ਸੰਸਥਾ ਵਿਖੇ ਜ਼ਰੂਰ ਪਹੁੰਚੋ।ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ, ਸੁਪਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਏ ਜਾਂਦੇ ਹਨ।

## ਪਹਿਲਵਾਨ ਲਖਵੀਰ ਦੀ ਨੈਸ਼ਨਲ ਮੁਕਾਬਲੇ ਲਈ ਚੋਣ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸੱਚਖੰਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭਲਾਈਆਣਾ ਦਾ ਵਿਦਿਆਰਥੀ ਲਖਵੀਰ ਰਾਮ ਗ੍ਰੀਕੋ ਰੋਮਨ ਕੁਸ਼ਤੀ ਮੁਕਾਬਲੇ ਵਿੱਚ ਅੰਡਰ 17 ਭਾਰ 60 ਕਿਲੋਗ੍ਰਾਮ ਵਿੱਚ ਨੈਸ਼ਨਲ ਕੁਸ਼ਤੀ ਮੁਕਾਬਲੇ ਲਈ ਚੁਣਿਆ ਗਿਆ ਹੈ, ਜੋ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਸਕੂਲ ਲਈ ਇੱਕ ਮਾਣ ਵਾਲੀ ਗੱਲ ਹੈ। ਇਸ ਦੀ ਜਾਣਕਾਰੀ ਕੁਸ਼ਤੀ ਕੋਚ ਅਬਦੁਲ ਤੇ ਨੀਰਜ ਕੁਮਾਰ ਵੱਲੋਂ ਸਾਂਝੀ ਕੀਤੀ ਗਈ। ਸਕੂਲ ਮੈਨੇਜਮੈਂਟ ਦੇ ਚੇਅਰਮੈਨ ਸ. ਗੁਰਜੀਤ ਸਿੰਘ ਤੇ ਪ੍ਰਿੰਸੀਪਲ ਸ੍ਰੀਮਤੀ ਸੰਦੀਪ ਕੌਰ ਨੇ ਤੇ ਸਮੂਹ ਸਟਾਫ ਵੱਲੋਂ ਵਿਦਿਆਰਥੀ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ, ਨਾਲ ਹੀ ਵਿਦਿਆਰਥੀ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

## ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ



**ਸ਼ੇਰਪੁਰ (ਰਵੀ ਟਿੱਕਾ)**-ਸਿਹਤ ਅਤੇ ਪਰਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਹੁਕਮਾਂ ਅਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਸਿਹਤ ਅਫਸਰ ਡਾ. ਪੁਨੀਤ ਸਿੱਧੂ ਤੇ ਸੀਨੀਅਰ ਮੈਡੀਕਲ ਅਫਸਰ ਪੀ. ਐੱਚ. ਸੀ. ਫਤਿਹਗੜ੍ਹ ਪੰਜਗਰਾਈਆਂ ਡਾ. ਗੁਰਪ੍ਰਕਾਸ਼ ਸਿੰਘ ਭਿੰਡਰ ਦੀ ਯੋਗ ਅਗਵਾਈ ਹੇਠ ਸਿਹਤ ਬਲਾਕ ਫਤਿਹਗੜ੍ਹ ਪੰਜਗਰਾਈਆਂ ਅਧੀਨ ਪੈਂਦੇ ਪਿੰਡਾਂ ਵਿੱਚ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ। ਇਸ ਮੌਕੇ ਬਲਾਕ ਐਜੂਕੇਟਰ ਜਗਸੀਰ ਸਿੰਘ ਨੇ ਦੱਸਿਆ ਕਿ ਵਿਸ਼ਵ ਹਾਈਪਰਟੈਨਸ਼ਨ ਦਿਵਸ ਹਰ ਸਾਲ 17 ਮਈ ਨੂੰ ਮਨਾਇਆ ਜਾਂਦਾ ਹੈ। ਇਸ ਦਿਵਸ ਦਾ ਮੁੱਖ ਉਦੇਸ਼ ਲੋਕਾਂ ਵਿੱਚ ਹਾਈਪਰਟੈਨਸ਼ਨ (ਉੱਚ ਬਲੱਡ ਪ੍ਰੈਸ਼ਰ) ਬਾਰੇ ਜਾਗਰੂਕਤਾ ਫੈਲਾਉਣਾ ਹੈ, ਜੋ ਕਿ ਦੁਨੀਆ ਭਰ ਵਿੱਚ ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਅਤੇ ਗੁਰਦੇ ਦੀ ਬਿਮਾਰੀ ਦਾ ਮੁੱਖ ਕਾਰਨ ਹੈ। ਇਸ ਦੇ ਨਾਲ ਹੀ ਉੱਚ ਬਲੱਡ ਪ੍ਰੈਸ਼ਰ ਪਛਾਣ, ਰੋਕਥਾਮ ਅਤੇ ਇਲਾਜ ਬਾਰੇ ਜਾਣਕਾਰੀ ਦੇਣਾ, ਲੋਕਾਂ ਨੂੰ ਬਲੱਡ ਪ੍ਰੈਸ਼ਰ ਦੀ ਨਿਯਮਿਤ ਜਾਂਚ ਕਰਵਾਉਣ ਲਈ ਪ੍ਰੇਰਿਤ ਕਰਨਾ ਅਤੇ ਹਾਈਪਰਟੈਨਸ਼ਨ ਨਾਲ ਜੁੜੇ ਖਤਰੇ ਘਟਾਉਣ ਵਿੱਚ ਦਿਲ ਦੀ ਬਿਮਾਰੀ, ਸਟ੍ਰੋਕ ਆਦਿ ਬਾਰੇ ਸੂਚਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਹੈਲਥ ਦਿਵਸ ਦਾ ਥੀਮ ਹੈ ਕਿ 17 ਮਈ ਤੋਂ 17 ਜੂਨ ਤੱਕ ਉੱਚ ਬਲੱਡ ਪ੍ਰੈਸ਼ਰ ਦੀ ਬਿਮਾਰੀ ਨੂੰ ਮੁੱਖ ਰੱਖਦੇ ਹੋਏ ਸਿਹਤ ਬਲਾਕ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਵਿੱਚ ਵੱਖ-ਵੱਖ ਗਤੀਵਿਧੀਆਂ ਦੁਆਰਾ ਲੋਕਾਂ ਨੂੰ ਇਸ ਸਿਹਤ ਸੰਬੰਧੀ ਅਤੇ ਉੱਚ ਬਲੱਡ ਪ੍ਰੈਸ਼ਰ ਦੀ ਬਿਮਾਰੀ ਸੰਬੰਧੀ ਜਾਗਰੂਕ ਕੀਤਾ ਜਾਵੇਗਾ।ਇਸ ਮੌਕੇ ਇਨਸਪੈਕਟਰ ਗੁਲਜ਼ਾਰ ਖਾਨ, ਸੀ.ਐੱਚ.ਓ ਡਾ. ਗੁਰਨਾਜ਼ ਕਮਲ ਕੌਰ, ਡਾ. ਰਾਜਗੁਰਵੀਰ ਸਿੰਘ, ਡਾ. ਇਰਮ, ਪ੍ਰਭਜੋਤ ਕੌਰ, ਡਾ. ਯਮਨੀ ਅਖ਼ਤਰ, ਆਸ਼ਾ ਫੈਸਿਲੀਟੇਟਰ ਬਲਜੀਤ ਕੌਰ, ਕੁਲਦੀਪ ਕੌਰ ਤੇ ਸਮੂਹ ਬਲਜੀਤ ਕੌਰ ਆਸ਼ਾ, ਕੁਲਵਿੰਦਰ ਕੌਰ ਆਸ਼ਾ ਆਦਿ ਹਾਜ਼ਰ ਸਨ।

## ਪਰਵਾਸੀ ਮਜ਼ਦੂਰਾਂ ਦੀ ਘਰ ਵਾਪਸੀ ਕਾਰਨ ਪ੍ਰਾਜੈਕਟ ਲਟਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਵਿੱਚ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਕਾਰਨ ਹੋਈ ਪਰਵਾਸੀ ਮਜ਼ਦੂਰਾਂ ਦੀ ਘਰ ਵਾਪਸੀ ਨੇ ਸਥਾਨਕ ਆਰਥਿਕਤਾ ਨੂੰ ਝਟਕਾ ਦਿੱਤਾ ਹੈ। ਇਲਾਕੇ ਦੇ ਨਿਰਮਾਣ, ਉਦਯੋਗ, ਰੈਸਟੋਰੈਂਟ ਤੇ ਖੇਤੀਬਾੜੀ ਖੇਤਰਾਂ 'ਚ ਮਜ਼ਦੂਰ ਘਾਟ ਨੇ ਕੰਮਕਾਜ ਠੱਪ ਕਰ ਦਿੱਤਾ ਹੈ। ਕਰੋੜਾਂ ਦੀ ਲਾਗਤ ਨਾਲ ਬਣ ਰਹੇ ਪੀਜੀਆਈ ਹਸਪਤਾਲ ਦਾ ਕੰਮ ਮਜ਼ਦੂਰਾਂ ਦੀ ਕਮੀ ਕਾਰਨ ਪੂਰੀ ਤਰ੍ਹਾਂ ਰੁਕ ਗਿਆ, ਜਿਸ ਨਾਲ ਪ੍ਰਾਜੈਕਟ ਤਿੰਨ ਤੋਂ ਛੇ ਮਹੀਨੇ ਪਿੱਛੇ ਚਲਾ ਗਿਆ। ਇਨ੍ਹਾਂ ਨਾਲ ਹੀ ਮੋਗਾ ਰੋਡ 'ਤੇ ਬਿਜਲੀ ਪਲਾਂਟ ਤੇ ਕੋਟਕਪੂਰਾ ਦੀ ਘਿਓ ਫੈਕਟਰੀ ਵੀ ਪ੍ਰਭਾਵਿਤ ਹੋਏ ਹਨ। ਸਭ ਤੋਂ ਵੱਧ ਅਸਰ ਰੈਸਟੋਰੈਂਟ ਉਦਯੋਗ 'ਤੇ ਪਿਆ ਹੈ, ਜਿੱਥੇ ਪਰਵਾਸੀ ਕਰਮਚਾਰੀਆਂ ਦੀ ਘਾਟ ਕਰਕੇ ਕਈ ਰੈਸਟੋਰੈਂਟ ਬੰਦ ਹੋ ਗਏ ਹਨ ਜਾਂ ਸੀਮਤ ਸਟਾਫ ਨਾਲ ਕੰਮ ਕਰ ਰਹੇ ਹਨ। ਕਿਸਾਨ ਵੀ ਝੋਨੇ ਦੀ ਬਿਜਾਈ ਲਈ ਮਜ਼ਦੂਰਾਂ ਦੀ ਲੋੜ ਕਾਰਨ ਚਿੰਤਿਤ ਹਨ।

## 25 ਹਜ਼ਾਰ, ਮੋਟਰਸਾਈਕਲ ਤੇ ਮੋਬਾਇਲ ਖੋਹਣ ਵਾਲੇ 3 ਵਿਅਕਤੀਆਂ 'ਤੇ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮੋਟਰਸਾਈਕਲ ਸਵਾਰ ਵਿਅਕਤੀ ਦੀ ਕੁੱਟਮਾਰ ਕਰਕੇ ਉਸ ਦਾ ਮੋਟਰਸਾਈਕਲ, 25 ਹਜ਼ਾਰ ਰੁਪਏ ਅਤੇ ਮੋਬਾਇਲ ਖੋਹਣ ਵਾਲੇ 3 ਲੋਕਾਂ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਤਨਾਮ ਦਾਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਅੰਕੁਸ਼ ਪੁੱਤਰ ਗੁਰਦੀਪ ਸਿੰਘ ਵਾਸੀ ਲਮੋਚੜ ਖੁਰਦ ਉਰਫ ਟਰਿਆ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 13 ਮਈ ਨੂੰ ਦੇਰ ਰਾਤ ਕਰੀਬ 10 ਵਜੇ ਕੰਮਕਾਰ ਲਈ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ 'ਤੇ ਜਲਾਲਾਬਾਦ ਸ਼ਹਿਰ ਤੋਂ ਆਪਣੇ ਘਰ ਜਾ ਰਿਹਾ ਸੀ। ਜਦੋਂ ਉਹ ਬੱਘੇਕੇ ਮੋੜ ਤੋਂ ਥੋੜ੍ਹਾ ਅੱਗੇ ਇੱਟਾਂ ਵਾਲੇ ਭੱਠੇ ਦੇ ਸਾਹਮਣੇ ਪੁੱਜਾ ਤਾਂ ਪਿੱਛੇ ਤੋਂ ਇਕ ਮੋਟਰਸਾਈਕਲ ਆਇਆ, ਜਿਸ 'ਤੇ 3 ਨੌਜਵਾਨ, ਜਿਨ੍ਹਾਂ ਦੇ ਹੱਥ ਵਿੱਚ ਕਾਪੇ ਫੜੇ ਹੋਏ ਸਨ, ਨੇ ਉਸ ਦੇ ਸੱਟਾਂ ਮਾਰੀਆਂ। ਇਸ ਦੌਰਾਨ ਉਨ੍ਹਾਂ ਉਸ ਦਾ ਮੋਟਰਸਾਈਕਲ, 25 ਹਜ਼ਾਰ ਰੁਪਏ ਅਤੇ ਮੋਬਾਇਲ ਫੋਨ ਖੋਹ ਕੇ ਲੈ ਗਏ। ਜਿਸ 'ਤੇ ਪੁਲਸ ਵੱਲੋਂ ਮੁਦੱਈ ਅੰਕੁਸ਼ ਦੇ ਬਿਆਨਾਂ 'ਤੇ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਸਤਪਾਲ ਸਿੰਘ ਉਰਫ ਪਾਲੀ ਪੁੱਤਰ ਭਜਨ ਸਿੰਘ ਵਾਸੀ ਆਲਮਕੇ, ਗਿੰਦੀ ਵਾਸੀ ਲਾਧੂਕਾ ਅਤੇ ਇਕ ਅਣਪਛਾਤੇ ਵਿਅਕਤੀ ਵਿਰੁੱਧ ਦਰਜ ਕੀਤਾ ਗਿਆ। ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਦੇਸ਼ ਭਗਤੀ ਪ੍ਰੋਗਰਾਮ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**- ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫਰੀਦਕੋਟ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਦੇ ਆਡੀਟੋਰੀਅਮ ਵਿੱਚ ਇੱਕ ਵਿਸ਼ੇਸ਼ ਦੇਸ਼ ਭਗਤੀ ਸਮਾਗਮ ਕੀਤਾ ਗਿਆ।ਸਮਾਗਮ ਦੌਰਾਨ ਮੁੱਖ ਭਾਸ਼ਣ ਪਰਮਵੀਰ ਚੱਕਰ ਪੁਰਸਕਾਰ ਵਿਜੇਤਾ, ਆਨਰੇਰੀ ਕੈਪਟਨ

**● ਅਗਨੀਵੀਰ ਸ੍ਰ. ਅਕਾਸ਼ਦੀਪ ਸਿੰਘ ਐਨੁਅਲ ਐਵਾਰਡ ਦੀ ਘੋਸ਼ਣਾ**

ਯੋਗੇਸ਼ ਯਾਦਵ, ਜੋਕਿ ਕਾਰਗਿਲ ਯੁੱਧ ਦੇ ਮਹਾਨ ਨਾਇਕ ਹਨ, ਵੱਲੋਂ ਦਿੱਤਾ ਗਿਆ। ਉਨ੍ਹਾਂ ਆਪਣੀ ਵਿਰਾਸਤੀ ਕਹਾਣੀ ਰਾਹੀਂ ਨੌਜਵਾਨਾਂ ਨੂੰ ਦੇਸ਼ ਭਗਤੀ, ਸੇਵਾ ਤੇ ਬਹਾਦੁਰੀ ਵੱਲ ਪ੍ਰੇਰਿਤ ਕੀਤਾ। ਇਸ ਮੌਕੇ ਕਈ ਵਿਸ਼ੇਸ਼ ਮਹਿਮਾਨ ਹਾਜ਼ਰ ਸਨ, ਜਿਨ੍ਹਾਂ ਵਿੱਚ ਗੁਰਦਿਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਬ੍ਰਿਗੇਡੀਅਰ ਬਿਕਰਮ ਸਿੰਘ ਡਿਪਟੀ ਜੀਓਸੀ, ਬ੍ਰਿਗੇਡੀਅਰ ਰਾਹੁਲ ਯਾਦਵ, ਗਗਨਦੀਪ ਸਿੰਘ ਚੀਮਾ, ਬ੍ਰਿਗੇਡੀਅਰ (ਰਿ.) ਬਲਬੀਰ ਸਿੰਘ, ਕਮਾਂਡੈਂਟ, ਬੀਐੱਸਐੱਫ ਆਰਟੀ ਹੈੱਡਕੁਆਰਟਰ, ਡਾ. ਐੱਸ. ਐੱਸ. ਬਰਾੜ ਮੈਂਬਰ ਬੋਰਡ ਆਫ ਮੈਨੇਜਮੈਂਟ, ਸ਼੍ਰੀਮਤੀ ਰੀਵਾ ਸੂਦ, ਡਾ. ਰਵੀ ਬਾਂਸਲ, ਡਾ. ਸੰਜੀਵ ਗੋਇਲ ਸ਼ਾਮਲ ਸਨ।ਇਸ ਮੌਕੇ ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਇੱਕ ਮਹੱਤਵਪੂਰਣ ਐਲਾਨ ਕੀਤਾ ਗਿਆ, ਜਿਸ ਅਧੀਨ ਅਗਨੀਵੀਰ ਸ੍ਰ. ਅਕਾਸ਼ਦੀਪ ਸਿੰਘ ਐਨੁਅਲ ਐਵਾਰਡ ਦੀ ਸਥਾਪਨਾ ਕੀਤੀ ਗਈ।ਇਹ ਐਵਾਰਡ ਪਿੰਡ ਚਹਿਲ ਦੇ ਰਹਿਣ ਵਾਲੇ ਸ੍ਰ. ਅਕਾਸ਼ਦੀਪ ਸਿੰਘ, ਜਿਨ੍ਹਾਂ ਨੇ ਅਗਨੀਵੀਰ ਵਜੋਂ ਸੇਵਾ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ, ਦੀ ਯਾਦ ਨੂੰ ਸਮਰਪਤ ਹੈ।ਇਹ ਐਵਾਰਡ ਹਰ ਸਾਲ ਯੂਨੀਵਰਸਿਟੀ ਦੇ ਹੈਲਥ ਸਕਿਲਿੰਗ ਸਟੱਡੀਜ਼ ਵਿੱਚ ਸਰਵੋਤਮ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, ਬੀਐੱਫਯੂਐੱਚਐੱਸ ਨੇ ਕਿਹਾ ਕਿ ਅਗਨੀਵੀਰ ਸ੍ਰ. ਅਕਾਸ਼ਦੀਪ ਸਿੰਘ ਵੱਲੋਂ ਦਿੱਤੀ ਗਈ ਸ਼ਹਾਦਤ ਇੱਕ ਬੇਮਿਸਾਲ ਹੌਂਸਲੇ ਤੇ ਦੇਸ਼ ਪ੍ਰਤੀ ਨਿਭਾਉਣ ਵਾਲੀ ਨਿਸ਼ਠਾ ਦੀ ਮਿਸਾਲ ਹੈ।ਉਨ੍ਹਾਂ ਦੇ ਸਨਮਾਨ ਵਿੱਚ ਇਹ ਐਵਾਰਡ ਸਥਾਪਤ ਕਰਕੇ ਅਸੀਂ ਵਿਦਿਆਰਥੀਆਂ ਵਿੱਚ ਕੁਮੈਟਮੈਂਟ, ਇੰਟੈਗ੍ਰਿਟੀ ਤੇ ਸੇਵਾ ਦੀਆਂ ਮੁੱਲਾਂ ਨੂੰ ਪ੍ਰੋਤਸਾਹਤ ਕਰਨਾ ਚਾਹੁੰਦੇ ਹਾਂ।ਇਹ ਯੂਨੀਵਰਸਿਟੀ ਵੱਲੋਂ ਸਿੱਖਿਆ ਨੂੰ ਦੇਸ਼ ਭਗਤੀ ਤੇ ਜ਼ਿੰਮੇਵਾਰੀ ਨਾਲ ਜੋੜਨ ਦੀ ਕੋਸ਼ਿਸ਼ ਹੈ।ਸਮਾਗਮ ਦੌਰਾਨ ਪ੍ਰਸਿੱਧ ਪੰਜਾਬੀ ਅਭਿਨੇਤਾ, ਗਾਇਕ ਤੇ ਕਾਮੇਡੀਅਨ ਸ਼੍ਰੀ ਕਰਮਜੀਤ ਅਨਮੋਲ ਤੇ ਮਸ਼ਹੂਰ ਗਾਇਕ ਤੇ ਗੀਤਕਾਰ ਸ਼੍ਰੀ ਹੈਪੀ ਰਾਇਕੋਟੀ ਸ਼ਾਮਲ ਸਨ।



# ਹਲਕੇ ਦੀ ਖੇਡ ਤੇ ਸਿੱਖਿਆ ਕ੍ਰਾਂਤੀ ਵੱਲ ਧਿਆਨ ਦੇਣ ਮੁੱਖ ਮੰਤਰੀ : ਸ਼ੁਭਮ ਸ਼ਰਮਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਆਗੂ ਸ਼ੁਭਮ ਸ਼ਰਮਾ ਨੇ ਸਥਾਨਕ ਸ਼ਹਿਰ ਦੇ ਨਗਰ ਕੌਂਸਲ ਦਫ਼ਤਰ ਦੇ ਲਾਗੇ ਬਣੇ ਇੰਦਰਾ ਗਾਂਧੀ ਇੰਨਡੋਰ ਸਟੇਡੀਅਮ ਦੇ ਮਾੜੇ ਹਾਲਾਤ 'ਤੇ ਹਲਕਾ ਵਿਧਾਨਕਾਰ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਆੜੇ ਹੱਥੀਂ ਲਿਆ ਹੈ। ਸਟੇਡੀਅਮ ਦਾ ਦੌਰਾ ਕਰਦਿਆਂ ਆਪਣੇ ਫੇਸਬੁੱਕ ਪੇਜ 'ਤੇ ਲਾਈਵ ਹੁੰਦਿਆਂ ਯੂਥ ਆਗੂ ਸ਼ੁਭਮ ਸ਼ਰਮਾ ਨੇ ਕਿਹਾ ਕਿ ਭਾਵੇਂ ਮੁੱਖ ਮੰਤਰੀ ਪੰਜਾਬ ਵੱਲੋਂ ਸੂਬੇ ਭਰ ਅੰਦਰ ਖੇਡ ਅਤੇ ਸਿੱਖਿਆ ਕ੍ਰਾਂਤੀ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਪਰ ਅਸਲ ਸਥਿਤੀ ਤਾਂ ਉਨ੍ਹਾਂ ਦੇ ਆਪਣੇ ਹਲਕੇ ਦੇ ਸਟੇਡੀਅਮ ਅਤੇ ਸਕੂਲਾਂ ਤੋਂ ਮਿਲਦੀ ਹੈ।ਉਨ੍ਹਾਂ ਕਿਹਾ ਕਿ ਰੋਜ਼ਾਨਾ ਬੈਡਮਿੰਟਨ ਖੇਡਣ ਆਉਣ ਵਾਲੇ ਖਿਡਾਰੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਨਾਂ ਵਿੱਚ ਛੋਟੇ ਬੱਚੇ ਵੀ ਹਨ। ਇਸ ਖੇਡ ਸਟੇਡੀਅਮ ਵਿੱਚ ਬੈਡਮਿੰਟਨ ਕੋਰਟ ਟੁੱਟੇ ਪਏ ਹਨ, ਜਿਸ ਨਾਲ ਇੱਥੇ ਖੇਡਣ ਵਾਲੇ ਖਿਡਾਰੀਆਂ ਨਾਲ ਖੇਡਦੇ ਸਮੇਂ ਕੋਈ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ। ਮੌਜੂਦਾ ਸਰਕਾਰਾਂ ਨੂੰ ਚਾਹੀਦਾ ਹੈ ਸ਼ਹਿਰ ਵਿੱਚ ਸਟੇਡੀਅਮ ਦੀ ਤਰਸਯੋਗ ਸਥਿਤੀ ਵੱਲ ਧਿਆਨ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਜਿਹੜੇ ਹਲਕੇ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਇਆ ਹੈ, ਮੁੱਖ ਮੰਤਰੀ ਉਨ੍ਹਾਂ ਤੋਂ ਆਪਣਾ ਨਾਤਾ ਤੋੜ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਖੇਡ ਸਟੇਡੀਅਮ ਦੀ ਛੱਤ ਦੇ ਪਾਈਆਂ ਹੋਈਆਂ ਚਾਦਰਾਂ ਵੀ ਕਈ ਜਗ੍ਹਾ ਤੋਂ ਗਾਇਬ ਹਨ ਜਿਸ ਕਾਰਨ ਬਰਸਾਤਾਂ ਦੇ ਦਿਨਾਂ ਵਿੱਚ ਇੱਥੇ ਪਾਣੀ ਭਰ ਜਾਂਦਾ ਹੈ ਅਤੇ ਖਿਡਾਰੀਆਂ ਨੂੰ ਭਾਰੀ ਅਸੁਵਿਧਾ ਹੁੰਦੀ ਹੈ ਉਨ੍ਹਾਂ ਕਿਹਾ ਕਿ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਹਲਕੇ ਦੇ ਲੋਕਾਂ ਦੀ ਸਾਰ ਲੈਣ ਲਈ ਤਿਆਰ ਨਹੀਂ ਹੈ। ਉਨ੍ਹਾਂ ਖੇਡ ਸਟੇਡੀਅਮ ਦੀ ਤੁਰੰਤ ਤਰਸਯੋਗ ਹਾਲਾਤ ਨੂੰ ਸੁਧਾਰਨ ਦੀ ਮੰਗ ਵੀ ਕੀਤੀ।

## ਨਿਸ਼ਚੇ ਸਿਵਲ ਸਰਵਿਸ ਕੋਚਿੰਗ ਅਕੈਡਮੀ ਨੇ ਸੀ ਸੈਟ ਦੀ ਆਨਲਾਈਨ ਕਲਾਸ ਲਗਾਈ

**ਦੋਰਾਹਾ (ਹਰਮਿੰਦਰ ਸੇਠ)**-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਰਹਿਨੁਮਾਈ ਹੇਠ ਅਤੇ ਸਕੱਤਰ ਵਿੱਦਿਆ ਇੰਜੀ. ਸੁਖਮਿੰਦਰ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਅਧੀਨ ਚੱਲ ਰਹੇ ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਅਗਵਾਈ ਹੇਠ ਨਿਸ਼ਚੈ ਸਿਵਲ ਸਰਵਿਸਿਜ਼ ਕੋਚਿੰਗ ਅਕੈਡਮੀ ਚੰਡੀਗੜ੍ਹ ਵੱਲੋਂ ਵਿਦਿਆਰਥੀਆਂ ਦੀ ਸੀ- ਸੈਟ ਦੀ ਆਨਲਾਈਨ ਕਲਾਸ ਲਗਾਈ ਗਈ । ਇਸ ਕਲਾਸ ਵਿੱਚ ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਨਾਲ ਸੰਬੰਧਤ ਆਇਤਨ ਪ੍ਰਤੀਸ਼ਤਤਾ ਤੇ ਖੇਤਰਫਲ ਬਾਰੇ ਜਾਣਕਾਰੀ ਦਿੰਦਿਆਂ ਕਈ ਆਸਾਨ ਵਿਧੀਆਂ ਨਾਲ ਇਸਨੂੰ ਹੱਲ ਕਰਨ ਬਾਰੇ ਦੱਸਿਆ । ਲੈਕਚਰ ਸਮਾਪਤੀ ਤੋਂ ਬਾਅਦ ਵਿਦਿਆਰਥੀਆਂ ਨੇ ਵਿਸ਼ੇ ਨਾਲ ਸੰਬੰਧਤ ਅਧਿਆਪਕ ਸਾਹਿਬਾਨ ਨਾਲ ਇਸ ਬਾਰੇ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਕੀਤਾ। ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

## ਪ੍ਰਵਾਸੀ ਮਜ਼ਦੂਰਾਂ ਦੀ ਘਰ ਵਾਪਸੀ ਕਾਰਨ ਪ੍ਰਾਜੈਕਟ ਲਟਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫ਼ਿਰੋਜ਼ਪੁਰ ਵਿੱਚ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਕਾਰਨ ਹੋਈ ਪ੍ਰਵਾਸੀ ਮਜ਼ਦੂਰਾਂ ਦੀ ਘਰ ਵਾਪਸੀ ਨੇ ਸਥਾਨਕ ਆਰਥਿਕਤਾ ਨੂੰ ਝਟਕਾ ਦਿੱਤਾ ਹੈ। ਇਲਾਕੇ ਦੇ ਨਿਰਮਾਣ, ਉਦਯੋਗ, ਰੈਸਟੋਰੈਂਟ ਤੇ ਖੇਤੀਬਾੜੀ ਖੇਤਰਾਂ 'ਚ ਮਜ਼ਦੂਰ ਘਾਟ ਨੇ ਕੰਮਕਾਜ ਠੱਪ ਕਰ ਦਿੱਤਾ ਹੈ। ਕਰੋੜਾਂ ਦੀ ਲਾਗਤ ਨਾਲ ਬਣ ਰਹੇ ਪੀਜੀਆਈ ਹਸਪਤਾਲ ਦਾ ਕੰਮ ਮਜ਼ਦੂਰਾਂ ਦੀ ਕਮੀ ਕਾਰਨ ਪੂਰੀ ਤਰ੍ਹਾਂ ਰੁਕ ਗਿਆ, ਜਿਸ ਨਾਲ ਪ੍ਰਾਜੈਕਟ ਤਿੰਨ ਤੋਂ ਛੇ ਮਹੀਨੇ ਪਿੱਛੇ ਚਲਾ ਗਿਆ। ਇਨ੍ਹਾਂ ਨਾਲ ਹੀ ਮੋਗਾ ਰੋਡ 'ਤੇ ਬਿਜਲੀ ਪਲਾਂਟ ਤੇ ਕੋਟਕਪੂਰਾ ਦੀ ਘਿਓ ਫੈਕਟਰੀ ਵੀ ਪ੍ਰਭਾਵਿਤ ਹੋਏ ਹਨ। ਸਭ ਤੋਂ ਵੱਧ ਅਸਰ ਰੈਸਟੋਰੈਂਟ ਉਦਯੋਗ 'ਤੇ ਪਿਆ ਹੈ, ਜਿੱਥੇ ਪ੍ਰਵਾਸੀ ਕਰਮਚਾਰੀਆਂ ਦੀ ਘਾਟ ਕਰਕੇ ਕਈ ਰੈਸਟੋਰੈਂਟ ਬੰਦ ਹੋ ਗਏ ਹਨ ਜਾਂ ਸੀਮਤ ਸਟਾਫ ਨਾਲ ਕੰਮ ਕਰ ਰਹੇ ਹਨ। ਕਿਸਾਨ ਵੀ ਝੋਨੇ ਦੀ ਬਿਜਾਈ ਲਈ ਮਜ਼ਦੂਰਾਂ ਦੀ ਲੋੜ ਕਾਰਨ ਚਿੰਤਿਤ ਹਨ। ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਜ਼ਦੂਰਾਂ ਦੀ ਵਾਪਸੀ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਸਥਾਨਕ ਕਾਰੋਬਾਰ ਤੇ ਖੇਤੀਬਾੜੀ ਸੰਕਟ ਤੋਂ ਬਚ ਸਕਣ।

# ਪੱਲੇਦਾਰ ਯੂਨੀਅਨ ਵੱਲੋਂ ਰੇਲਵੇ ਵਿਭਾਗ ਦੇ ਅਡੀਸ਼ਨਲ ਡਵੀਜ਼ਨ ਇੰਜੀਨੀਅਰ ਨੂੰ ਮੰਗ ਪੱਤਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਰੇਲਵੇ ਪਲੇਟੀ ਰੇਲਵੇ ਲਾਈਨ ਨਾਲੋਂ ਉੱਚੀ ਹੋਣ ਕਰਕੇ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਨੂੰ ਕਾਫ਼ੀ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਸਬੰਧੀ ਕੁਝ ਦਿਨ ਪਹਿਲਾਂ ਸਮੂਹ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਵੱਲੋਂ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਅਤੇ ਹਰਮਨਦੇਵ ਬਾਜਵਾ ਨੂੰ ਮੰਗ ਪੱਤਰ ਦੇ ਕੇ ਮੰਗ ਰੱਖੀ ਸੀ ਕਿ ਇਸ ਦਾ ਹੱਲ ਕਰਵਾਇਆ ਜਾਵੇ, ਜਿਸ ਦੇ ਬਾਅਦ ਮੈਡਮ ਬਾਜਵਾ ਅਤੇ ਹਰਮਨ ਬਾਜਵਾ ਵੱਲੋਂ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਤੁਰੰਤ ਹੀ ਇਸ ਮਸਲੇ 'ਤੇ ਗੱਲ ਕਰਕੇ ਇਹ ਮਸਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਮੰਤਰੀ ਵੱਲੋਂ ਦਿੱਤੀ ਹਦਾਇਤ ਮੁਤਾਬਿਕ ਰੇਲਵੇ ਵਿਭਾਗ ਦੇ ਡੀ ਕੇ ਗਰਗ ਅਡੀਸ਼ਨਲ ਡਵੀਜ਼ਨ ਇੰਜੀਨੀਅਰ ਪਟਿਆਲਾ ਅੱਜ ਮਜ਼ਦੂਰਾਂ ਦੇ ਇਸ ਮਸਲੇ ਨੂੰ ਸਮਝਣ ਲਈ ਅਤੇ ਸੁਣਨ ਲਈ ਮੈਡਮ ਬਾਜਵਾ ਨਾਲ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਦੇ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਪਹੁੰਚੇ ਡੀ.ਕੇ ਗਰਗ ਵੱਲੋਂ ਰੇਲਵੇ ਪਲੇਟੀ ਦਾ ਜਾਇਜ਼ਾ ਲੈਣ ਅਤੇ ਪੱਲੇਦਾਰ ਮਜ਼ਦੂਰਾਂ ਦੀ ਗੱਲ ਸੁਣਨ ਦੇ ਬਾਅਦ ਵਿਸ਼ਵਾਸ ਦਿਵਾਇਆ ਗਿਆ ਕਿ ਇਸ ਮਸਲੇ ਦਾ ਹੱਲ ਕਰਨ ਵਾਸਤੇ ਟੈਕਨੀਕਲ ਟੀਮ ਨਾਲ ਅੱਜ ਤੋਂ ਹੀ ਤਾਲਮੇਲ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਬਹੁਤ ਜਲਦ ਇਸ ਦਾ ਇੱਕ ਢੁਕਵਾਂ ਹੱਲ ਕੱਢ ਕੇ ਰੇਲਵੇ ਵਿਭਾਗ ਇਸ ਮਸਲੇ ਨੂੰ ਸੁਲਝਾਏਗਾ ਤਾਂ ਜੋ ਸਾਡੇ ਪੱਲੇਦਾਰ ਮਜ਼ਦੂਰ ਭਰਾਵਾਂ ਨੂੰ ਦਿੱਕਤ ਆ ਰਹੀ ਹੈ ਉਸ ਦਾ ਜੜ੍ਹ ਤੋਂ ਹੀ ਹੱਲ ਕੀਤਾ ਜਾਵੇ।ਇਸ ਮੌਕੇ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਦੇ ਪ੍ਰਧਾਨ ਕੇਵਲ ਸਿੰਘ ਪ੍ਰਧਾਨ, ਸੈਕਟਰੀ ਨਰੈਣ ਸਿੰਘ, ਪ੍ਰੇਮ ਸਿੰਘ, ਸਾਬਕਾ ਪ੍ਰਧਾਨ ਜੋਰਾ ਸਿੰਘ, ਸੰਜੇ ਗੋਇਲ, ਰਾਜੀਵ ਮੱਖਣ ਭਾਜਪਾ ਮੰਡਲ ਪ੍ਰਧਾਨ, ਪ੍ਰਵੀਨ ਗੋਇਲ, ਚੰਦਰ ਮੋਹਨ, ਅਸ਼ੋਕ ਗੋਇਲ, ਅਸ਼ਵਨੀ ਗਰਗ ਆਦਿ ਸਨ।

# ਵਿਧਾਇਕਾ ਮਾਣੂੰਕੇ ਨੇ ਨਸ਼ਿਆਂ ਵਿਰੁੱਧ ਬਾਰਦੇਕੇ, ਮੀਰਪੁਰ ਤੇ ਗਗੜਾ 'ਚ ਚੁਕਾਈ ਸਹੁੰ



**ਜਗਰਾਉਂ (ਸੰਜੀਵ ਅਰੋੜਾ)**-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਪੰਜਾਬ ਸਰਕਾਰ ਵੱਲੋਂ ਨੌਜੁਆਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਹਲਕੇ ਦੇ ਪਿੰਡ ਬਾਰਦੇਕੇ, ਮੀਰਪੁਰ ਹਾਂਸ ਤੇ ਗਗੜਾ ਵਿੱਚ ਨਗਰ ਨਿਵਾਸੀਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ ਤੇ ਮਾਰੂ ਨਸ਼ਿਆਂ ਦੇ ਹੱਲੇ ਨੂੰ ਰੋਕਣ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਇਨ੍ਹਾਂ ਪਿੰਡਾਂ ਦੇ ਰੱਖੇ ਗਏ ਵੱਖ-ਵੱਖ ਸਮਾਗਮਾਂ ਨੂੰ ਸੰਬੋਧਨ ਕਰਦੇ ਹੋਏ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਨਸ਼ਿਆਂ ਦੇ ਸਮੱਗਲਰਾਂ ਨੂੰ ਤਾੜਨਾ ਕਰਦੇ ਹੋਏ ਆਖਿਆ ਕਿ 'ਪਿੰਡ ਨਾ ਛੱਡਿਓ, ਨਸ਼ਾ ਛੱਡ ਦਿਓ...! ਨਹੀਂ ਤਾਂ ਰਗੜੇ ਜਾਓਂਗੇ,' ਕਿਉਂਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਸਮੱਗਲਰਾਂ ਨੂੰ ਜੇਲ੍ਹਾਂ ਵਿੱਚ ਡੱਕਣ ਦੀ ਪੂਰੀ ਤਿਆਰੀ ਕੀਤੀ ਹੋਈ ਹੈ। ਉਨ੍ਹਾਂ ਨਗਰ ਨਿਵਾਸੀਆਂ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਸਰਪੰਚ, ਪੰਚਾਇਤ ਮੈਂਬਰ ਜਾਂ ਨੰਬਰਦਾਰ ਕਿਸੇ ਵੀ ਚਿੱਟੇ ਦੇ ਸਮੱਗਲਰ ਜਾਂ ਨਸ਼ੇੜੀ ਦੀ ਸਹਾਇਤਾ ਲਈ ਸਿਫਾਰਸ਼ ਕਰਕੇ ਜਾਂ ਸਾਥ ਦੇਵੇਗਾ ਤਾਂ ਉਸ ਵਿਰੁੱਧ ਵੀ ਸਖ਼ਤ ਕਾਰਵਾਈ ਹੋ ਸਕਦੀ ਹੈ ਤੇ ਉਸ ਦਾ ਅਹੁਦਾ ਵੀ ਖੁਸ ਸਕਦਾ ਹੈ। ਵਿਧਾਇਕਾ ਮਾਣੂੰਕੇ ਨੇ ਨੌਜੁਆਨਾਂ ਨੂੰ ਅਪੀਲ ਕਰਦੇ ਹੋਏ ਆਖਿਆ ਕਿ ਉਹ ਖੇਡਾਂ ਦੇ ਮੈਦਾਨਾਂ ਨਾਲ ਜੁੜਨ ਤੇ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨੌਜੁਆਨਾਂ ਨੂੰ ਖੇਡ ਗਰਾਊਂਡਾਂ ਬਣਾ ਕੇ ਦੇਵੇਗੀ ਅਤੇ ਖੇਡਾਂ ਦਾ ਸਾਮਾਨ ਮੁਹੱਈਆ ਕਰਵਾਵੇਗੀ ਅਤੇ ਨਸ਼ਾ ਛੱਡਣ ਵਾਲੇ ਨੌਜੁਆਨਾਂ ਨੂੰ 'ਨਸ਼ਾ ਛੁਡਾਊ' ਕੇਂਦਰਾਂ ਵਿੱਚ ਭਰਤੀ ਕਰਕੇ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜਾ ਪਿੰਡ ਪੂਰੀ ਤਰ੍ਹਾਂ ਨਸ਼ਾ ਮੁਕਤ ਹੋਵੇਗਾ ਤਾਂ ਪੰਜਾਬ ਸਰਕਾਰ ਵੱਲੋਂ ਉਸ ਪਿੰਡ ਦਾ ਸਨਮਾਨ ਕੀਤਾ ਜਾਵੇਗਾ ਤੇ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ ਜਾਵੇਗੀ।

ਇਸ ਮੌਕੇ ਉਨ੍ਹਾਂ ਨਾਲ ਕੋਆਰਡੀਨੇਟਰ ਵਿਕਰਮਜੀਤ ਸਿੰਘ ਵਿੱਕੀ ਥਿੰਦ, ਸਿੱਖਿਆ ਕੋਆਰਡੀਨੇਟਰ ਮਾ: ਪ੍ਰਮਿੰਦਰ ਸਿੰਘ ਗਿੱਦੜਵਿੰਡੀ, ਯੂਥ ਪ੍ਰਧਾਨ ਸਤਿੰਦਰ ਸਿੰਘ ਗਾਲਿਬ, ਸੋਸ਼ਲ ਮੀਡੀਆ ਇੰਚਾਰਜ ਅਮਰਦੀਪ ਸਿੰਘ ਟੂਰੇ, ਥਾਣਾ ਸਦਰ ਜਗਰਾਉਂ ਦੇ ਐੱਸ.ਐੱਚ.ਓ. ਸੁਰਜੀਤ ਸਿੰਘ ਤੇ ਬੀ.ਡੀ.ਪੀ.ਓ. ਜਗਰਾਉਂ ਸੁਖਦੀਪ ਸਿੰਘ ਆਦਿ ਨੇ ਵੀ ਲੋਕਾਂ ਨੂੰ ਮਾਰੂ ਨਸ਼ਿਆਂ ਦੇ ਖਾਤਮੇ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ।

## 20 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਔਰਤ ਕਾਬੂ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** ਪੰਜਾਬ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਐੱਸ.ਐੱਸ.ਪੀ. ਸੰਗਰੂਰ ਸਰਤਾਜ ਸਿੰਘ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਹਰਵਿੰਦਰ ਸਿੰਘ ਖਹਿਰਾ ਡੀ.ਐੱਸ.ਪੀ. ਸੁਨਾਮ ਦੀ ਸੁਪਰਵੀਜ਼ਨ ਹੇਠ ਨਸ਼ੀਲੇ ਪਦਾਰਥਾਂ ਤੇ ਸ਼ਰਾਬ ਆਦਿ ਦਾ ਨਜਾਇਜ਼ ਧੰਦਾ ਕਰਨ ਵਾਲਿਆਂ ਖਿਲਾਫ ਲੌਂਗੋਵਾਲ ਪੁਲਸ ਨੇ ਲਗਾਤਾਰ ਸ਼ਿਕੰਜਾ ਕੱਸਿਆ ਹੋਇਆ ਹੈ।ਇਸੇ ਲੜੀ ਵਿੱਚ ਇੱਕ ਹੋਰ ਕਾਮਯਾਬੀ ਦਰਜ ਕੀਤੀ ਹੈ, ਜਿਸ ਵਿੱਚ ਗੁਰਤੇਜ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ-ਵਾ-ਚੈਕਿੰਗ ਸੰਬੰਧੀ ਬਾਹੱਦ ਟੀ-ਪੁਆਇੰਟ ਕੁੰਨਰਾਂ ਰੋਡ ਲੌਂਗੋਵਾਲ ਤੋਂ ਕਾਲੀ ਪਤਨੀ ਕਾਲਾ ਨਾਥ ਵਾਸੀ ਕੈਂਬੋਵਾਲ ਰੋਡ ਲੌਂਗੋਵਾਲ ਨੂੰ 20 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਮੁਕੱਦਮਾ ਥਾਣਾ ਲੌਂਗੋਵਾਲ ਵਿਖੇ ਦਰਜ ਕੀਤਾ ਗਿਆ।ਉਕਤ ਮਹਿਲਾ ਮੁਲਜ਼ਮ ਨੂੰ ਮਾਨਯੋਗ ਇਲਾਕਾ ਮੈਜਿਸਟ੍ਰੇਟ ਸਾਹਿਬ ਸੰਗਰੂਰ ਦੀ ਅਦਾਲਤ ਪੇਸ਼ ਕੀਤਾ ਜਾ ਰਿਹਾ ਹੈ।

## 99 ਗ੍ਰਾਮ ਹੈਰੋਇਨ ਸਮੇਤ 10 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਸ ਵੱਲੋਂ ਨਸ਼ਾ ਤਸਕਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਵੱਖ ਵੱਖ ਥਾਵਾਂ 'ਤੇ ਗਸ਼ਤ ਤੇ ਚੈਕਿੰਗ ਦੌਰਾਨ 99 ਗ੍ਰਾਮ ਹੈਰੋਇਨ ਸਮੇਤ ਇੱਕ ਔਰਤ ਸਮੇਤ 10 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਉਕਤ ਦੋਸ਼ੀਆਂ ਖਿਲਾਫ ਵੱਖ-ਵੱਖ ਥਾਣਿਆਂ ਵਿੱਚ ਮਾਮਲੇ ਦਰਜ ਕੀਤੇ ਗਏ ਹਨ। ਗ੍ਰਿਫਤਾਰ ਵਿਅਕਤੀਆਂ ਤੇ ਬਰਾਮਦਗੀ 'ਚ ਗੁਰਜੰਟ ਸਿੰਘ (ਪਿੰਡ ਬਹਿਕ ਰੱਤੋ ਕੇ) ਕੋਲੋਂ 10 ਗ੍ਰਾਮ ਹੈਰੋਇਨ (ਥਾਣਾ ਆਰਿਫ ਕੇ), ਰਿੰਕੂ (ਇੰਦਰਾ ਕਾਲੋਨੀ) ਕੋਲੋਂ 5 ਗ੍ਰਾਮ (ਥਾਣਾ ਤਲਵੰਡੀ ਭਾਈ), ਗੁਰਮੀਤ ਸਿੰਘ ਉਰਫ ਮਿੱਟੂ ਕੋਲੋਂ 4 ਗ੍ਰਾਮ, 1 ਲਾਈਟਰ, 1 ਪੰਨੀ (ਥਾਣਾ ਕੈਂਟ), ਮਨਪ੍ਰੀਤ ਸਿੰਘ ਉਰਫ ਮਨੀ ਕੋਲੋਂ 5 ਗ੍ਰਾਮ (ਥਾਣਾ ਸਿਟੀ), ਦਿਲਬਾਗ ਸਿੰਘ, ਨਰੈਣ ਸਿੰਘ, ਸੰਦੀਪ ਸਿੰਘ ਅਤੇ ਸਿਮਰਨ (ਖਟੀਕ ਮੰਡੀ) ਕੋਲੋਂ 50 ਗ੍ਰਾਮ, 1 ਸਕਾਰਪਿਓ ਗੱਡੀ ਪੀਬੀ 05 ਏਈ 4747, 1 ਮੋਬਾਇਲ (ਥਾਣਾ ਕੁੱਲਗੜ੍ਹੀ), ਰਾਜਵੀਰ ਸਿੰਘ (ਨਵੀਂ ਗੱਟੀ ਰਾਜੋ ਕੇ) ਕੋਲੋਂ 20 ਗ੍ਰਾਮ, 1 ਬਿਨਾਂ ਨੰਬਰੀ ਮੋਟਰਸਾਈਕਲ (ਥਾਣਾ ਸਦਰ), ਗੁਰਵਿੰਦਰ ਸਿੰਘ ਉਰਫ ਬਾਉ (ਚੰਦੜ) ਕੋਲੋਂ 5 ਗ੍ਰਾਮ (ਥਾਣਾ ਘੱਲਖੁਰਦ) ਬਰਾਮਦ ਹੋਈ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਸਾਰੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਅਲੂਮਨੀ ਮੀਟ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਸਮਾਜ ਸ਼ਾਸਤਰ ਵਿਭਾਗ ਨੇ ਇੱਕ ਨਿੱਘੀ ਤੇ ਯਾਦਗਾਰੀ ਅਲੂਮਨੀ ਮੀਟ ਦਾ ਆਯੋਜਨ ਕੀਤਾ, ਜਿਸ ਵਿੱਚ ਵੱਖ-ਵੱਖ ਬੈਚਾਂ ਦੇ ਸਾਬਕਾ ਵਿਦਿਆਰਥੀਆਂ ਨੂੰ ਆਪਣੇ ਅਲਮਾ ਮੈਟਰ ਨਾਲ ਦੁਬਾਰਾ ਜੁੜਨ, ਆਪਣੀਆਂ ਪੇਸ਼ੇਵਰ ਯਾਤਰਾਵਾਂ ਸਾਂਝੀਆਂ ਕਰਨ ਅਤੇ ਏਕਤਾ ਤੇ ਵਿਕਾਸ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ ਇਕੱਠਾ ਕੀਤਾ ਗਿਆ।ਇਹ ਅਲੂਮਨੀ ਮੀਟ ਨੇ ਸਾਬਕਾ ਵਿਦਿਆਰਥੀਆਂ ਦੇ ਬੰਧਨਾਂ ਨੂੰ ਮਜ਼ਬੂਤ ਕਰਨ ਅਤੇ ਅਰਥਪੂਰਨ ਅਕਾਦਮਿਕ ਅਤੇ ਪੇਸ਼ੇਵਰ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਇੱਕ ਜੀਵੰਤ ਪਲੇਟਫਾਰਮ ਵਜੋਂ ਕੰਮ ਕੀਤਾ। ਸਾਬਕਾ ਵਿਦਿਆਰਥੀਆਂ ਨੇ ਇੰਟਰਐਕਟਿਵ ਸੈਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਜਿੱਥੇ ਉਨ੍ਹਾਂ ਨੇ ਮੌਜੂਦਾ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨਾਲ ਅਨੁਭਵ, ਸੂਝ ਤੇ ਉਤਸ਼ਾਹ ਦੇ ਸ਼ਬਦ ਸਾਂਝੇ ਕੀਤੇ। ਇੱਕ ਵਿਸ਼ੇਸ਼ ਆਕਰਸ਼ਣ ਵਜੋਂ ਵਿਭਾਗ ਨੇ ਸਿਹਤ ਦੀ ਮਹੱਤਤਾ ਨੂੰ ਦਰਸਾਉਣ ਲਈ ਇੱਕ ਸਲਾਦ ਬਣਾਉਣ ਦਾ ਮੁਕਾਬਲਾ ਵੀ ਆਯੋਜਤ ਕੀਤਾ।ਸਿੱਖਿਆ ਵਿਭਾਗ ਦੇ ਮੁਖੀ ਡਾ. ਹਰਨੀਤ ਬਿਲਿੰਗ ਤੇ ਸਮਾਜਿਕ ਵਿਗਿਆਨ ਵਿਭਾਗ ਦੇ ਇੰਚਾਰਜ ਸ੍ਰੀਮਤੀ ਨਰਿੰਦਰ ਕੌਰ ਨੇ ਸਲਾਦ ਬਣਾਉਣ ਦੇ ਮੁਕਾਬਲੇ ਲਈ ਜੱਜਾਂ ਵਜੋਂ ਸੇਵਾ ਨਿਭਾਈ।ਉਨ੍ਹਾਂ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਨੌਜਵਾਨਾਂ ਤੇ ਸਾਬਕਾ ਵਿਦਿਆਰਥੀਆਂ ਵਿੱਚ ਸਿਹਤ ਚੇਤਨਾ ਨੂੰ ਉਤਸ਼ਾਹਤ ਕਰਨ ਲਈ ਅਜਿਹੀਆਂ ਗਤੀਵਿਧੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਮੁੱਚੇ ਸਮਾਗਮ ਦਾ ਸੁਚਾਰੂ ਢੰਗ ਨਾਲ ਆਯੋਜਨ ਵਿਭਾਗ ਦੇ ਮੁਖੀ ਡਾ. ਨਵ ਸ਼ਗਨ ਦੀਪ ਕੌਰ ਦੀ ਕੀਮਤੀ ਅਗਵਾਈ ਹੇਠ ਸ੍ਰੀਮਤੀ ਏਕਰੂਪ ਕੌਰ, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ ਦੁਆਰਾ ਕੀਤਾ ਗਿਆ।ਸ੍ਰ. ਪਰਮਦੀਪ ਸਿੰਘ, ਡਾ. ਹਰਮਨਪ੍ਰੀਤ ਕੌਰ ਤੇ ਸ੍ਰੀਮਤੀ ਯਸ਼ਨਾ ਸਿਆਲ ਸਮੇਤ ਫੈਕਲਟੀ ਮੈਂਬਰਾਂ ਨੇ ਦਿਨ ਦੇ ਸਮਾਗਮਾਂ ਦੇ ਆਯੋਜਨ ਤੇ ਪ੍ਰਬੰਧਨ ਵਿੱਚ ਮੁੱਖ ਭੂਮਿਕਾਵਾਂ ਨਿਭਾਈਆਂ।

## ਬਰੌਂਡਵੇ ਪਬਲਿਕ ਸਕੂਲ ਮਨਾਲ 'ਚ ਦਰਜਾ ਚਾਰ ਮੁਲਾਜ਼ਮਾਂ ਦਾ ਵਿਸ਼ੇਸ਼ ਸਨਮਾਨ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਬਰੌਂਡਵੇ ਪਬਲਿਕ ਸਕੂਲ, ਮਨਾਲ



ਵਿਖੇ ਸਮਾਜ ਵਿਗਿਆਨ ਵਿਭਾਗ ਦੀ ਮੁਖੀ ਸ੍ਰੀਮਤੀ ਕੁਮਾਰੀ ਸੁਦੇਸ਼ ਦੀ ਯੋਗ ਅਗਵਾਈ ਵਿੱਚ ਵਿਸ਼ਾਲ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਕੂਲ ਦੇ ਦਰਜਾ ਚਾਰ ਮੁਲਾਜ਼ਮਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਸ਼ਬਦ, ਕਵਿਤਾ, ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਸਭ ਤੋਂ ਵਧੇਰੇ ਖਿੱਚ ਦਾ ਕੇਂਦਰ ਦਰਜਾ ਚਾਰ ਮੁਲਾਜ਼ਮਾਂ ਦੁਆਰਾ ਪੇਸ਼ ਕੀਤਾ ਰੰਗਾਰੰਗ ਪ੍ਰੋਗਰਾਮ (ਸ਼ਬਦ, ਗੀਤ, ਕਵਿਤਾ, ਰੈਂਪ ਵਾੱਕ, ਸਕਿੱਟ, ਗਿੱਧਾ) ਰਿਹਾ। ਸਕੂਲ ਵੱਲੋਂ ਮੁਲਾਜ਼ਮਾਂ ਨੂੰ ਤੋਹਫੇ ਭੇਟ ਕਰਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਤੇ ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਦਰਜਾ ਚਾਰ ਮੁਲਾਜ਼ਮਾਂ ਨੂੰ ਸਕੂਲ ਦੀ ਰੀੜ੍ਹ ਦੀ ਹੱਡੀ ਦੱਸਦੇ ਹੋਏ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਧੰਨਵਾਦ ਕੀਤਾ।

## ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਆਮ ਲੋਕਾਂ ਦਾ ਸਹਿਯੋਗ ਜ਼ਰੂਰੀ : ਵਿਧਾਇਕ ਅਰੋੜਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ




ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਨਸ਼ਾ ਮੁਕਤੀ ਯਾਤਰਾ ਦੀ ਆਰੰਭਤਾ ਕੀਤੀ ਗਈ ਹੈ। ਵਿਧਾਨ ਸਭਾ ਹਲਕਾ ਮੋਗਾ ਵਿੱਚ ਵਿਧਾਇਕ ਅਮਨਦੀਪ ਕੌਰ ਅਰੋੜਾ ਦੀ ਅਗਵਾਈ ਵਿੱਚ ਨਸ਼ਿਆਂ ਖਿਲਾਫ ਅਲਖ ਜਗਾਉਂਦੀ ਇਹ ਯਾਤਰਾ ਅੱਜ ਵਾਰਡ ਨੰਬਰ 6, 25, 7 ਤੋਂ ਇਲਾਵਾ ਪਿੰਡ ਰਾਮੂੰਵਾਲਾ ਕਲਾਂ, ਰਾਮੂੰਵਾਲਾ ਨਵਾਂ, ਰਾਮੂੰਵਾਲਾ ਹਰਚੋਕਾ ਵਿਖੇ ਸ਼ੁਰੂ ਹੋਈ। ਇਸ ਮੌਕੇ ਉਨ੍ਹਾਂ ਨਾਲ ਮੇਅਰ ਨਗਰ ਨਿਗਮ ਸ੍ਰ. ਬਲਜੀਤ ਸਿੰਘ ਚਾਨੀ, ਵਾਰਡਾਂ ਦੇ ਕੌਂਸਲਰ ਤੇ ਹੋਰ ਵੀ ਮੋਹਤਵਰ ਵਿਅਕਤੀ ਹਾਜ਼ਰ ਸਨ। ਇਸ ਦੌਰਾਨ ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰ ਰਹੀ ਹੈ ਤੇ ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਸ ਵੱਲੋਂ ਵੱਡੇ ਪੱਧਰ 'ਤੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ, ਲੋਕ ਵੀ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਨਜ਼ਦੀਕ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਜੇਕਰ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸ ਦਾ ਮੁਫਤ ਨਸ਼ਾ ਛੁਡਾਇਆ ਜਾਵੇਗਾ ਤੇ ਇਲਾਜ ਕਰਵਾਇਆ ਜਾਵੇਗਾ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਸਮਾਜ ਦੇ ਸਰਬਪੱਖੀ ਸਮਾਜਿਕ ਆਰਥਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਹਲਕੇ ਵਿੱਚ ਸਿੱਖਿਆ ਨੂੰ ਵੱਡੇ ਪੱਧਰ 'ਤੇ ਉਤਸ਼ਾਹਤ ਕੀਤਾ ਜਾ ਰਿਹਾ ਹੈ। ਰਾਜ ਸਰਕਾਰ ਨੇ 56 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦੇ ਕੇ ਸਾਡੇ ਨੌਜਵਾਨਾਂ ਨੂੰ ਇੱਕ ਸਹੀ ਦਿਸ਼ਾ ਦਿੱਤੀ ਹੈ। ਇਸ ਮੌਕੇ ਵਿਧਾਇਕ ਨੇ ਪਿੰਡ ਵਾਸੀਆਂ ਨੂੰ ਨਸ਼ੇ ਦੀ ਰੋਕਥਾਮ ਵਿੱਚ ਯੋਗਦਾਨ ਪਾਉਣ ਲਈ ਸਹੁੰ ਵੀ ਚੁਕਾਈ।

## ਸਿਕੰਦਰ ਸਿੰਘ ਸਮਰਾਲਾ ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਰੋਪੜ ਦੇ ਪ੍ਰਧਾਨ ਬਣੇ

**ਸਮਰਾਲਾ (ਸੁਰਜੀਤ ਸਿੰਘ)**-ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਪਾਵਰਕੌਮ ਸਰਕਲ ਰੋਪੜ



ਦਾ ਚੋਣ ਅਜਲਾਸ ਸਰਕਲ ਰੋਪੜ ਦੇ ਪ੍ਰਧਾਨ ਭਰਪੂਰ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿੱਚ ਸਰਕਲ ਰੋਪੜ ਦੇ ਸੈਂਕੜਿਆਂ ਦੀ ਗਿਣਤੀ ਵਿਚ ਪੈਨਸ਼ਨਰਜ਼ ਨੇ ਸ਼ਮੂਲੀਅਤ ਕੀਤੀ। ਅਜਲਾਸ ਦੇ ਸ਼ੁਰੂ ਵਿੱਚ ਵਿਛੜੇ ਆਗੂਆਂ, ਸਾਥੀਆਂ, ਭੈਣਾਂ, ਸਾਂਝੇ ਸੰਘਰਸ਼ਾਂ ਦੇ ਸੰਗੀਆਂ ਨੂੰ ਅਤੇ ਪਹਿਲਗਾਮ ਵਿਚ ਬੇਕਸੂਰ ਮਾਰੇ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਦੌਰਾਨ ਸਰਕਲ ਪ੍ਰਧਾਨ ਵੱਲੋਂ ਰੱਖੇ ਮਤੇ ਰਾਹੀਂ 20 ਮਈ ਦੀ ਦੇਸ਼ ਵਿਆਪੀ ਹੜਤਾਲ ਦੀ ਹਮਾਇਤ ਕਰਦੇ ਹੋਏ ਉਨ੍ਹਾਂ ਦੇ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਸਰਕਲ ਪ੍ਰਧਾਨ ਨੇ ਪਿਛਲੀ ਸਰਕਲ ਕਮੇਟੀ ਭੰਗ ਕਰਨ ਉਪਰੰਤ ਕਾਰਵਾਈ ਸੂਬਾ ਨਿਗਰਾਨ ਕਮੇਟੀ ਨੂੰ ਸੌਂਪ ਦਿੱਤੀ। ਸੂਬਾ ਮੀਤ ਪ੍ਰਧਾਨ ਸਾਥੀ ਸਿਰੀ ਰਾਮ ਜੱਗੀ ਦੁਆਰਾ ਪੈਨਲ ਮੰਗਣ ਤੇ ਇੱਕ ਹੀ ਪੈਨਲ ਆਇਆ ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਪੈਨਲ ਅਨੁਸਾਰ ਸਿਕੰਦਰ ਸਿੰਘ ਸਮਰਾਲਾ ਪ੍ਰਧਾਨ, ਸਾਥੀ ਅਵਤਾਰ ਸਿੰਘ ਮੋਰਿੰਡਾ ਸੀਨੀ: ਮੀਤ ਪ੍ਰਧਾਨ, ਸਾਥੀ ਪ੍ਰੇਮ ਕੁਮਾਰ ਸਮਰਾਲਾ ਮੀਤ ਪ੍ਰਧਾਨ, ਸਾਥੀ ਭਰਪੂਰ ਸਿੰਘ ਸਮਰਾਲਾ ਸਕੱਤਰ, ਸਾਥੀ ਰਾਮ ਕ੍ਰਿਸ਼ਨ ਰੋਪੜ ਵਿੱਤ ਸਕੱਤਰ, ਸਾਥੀ ਪ੍ਰੀਤਮ ਸਿੰਘ ਆਨੰਦਪੁਰ ਸਾਹਿਬ ਸਹਾਇਕ ਸਕੱਤਰ, ਸਾਥੀ ਭੁਪਿੰਦਰ ਸਿੰਘ ਮੋਰਿੰਡਾ ਪ੍ਰੈਸ ਸਕੱਤਰ, ਸਾਥੀ ਕਰਮ ਚੰਦ ਮੋਰਿੰਡਾ ਜਥੇਬੰਦਕ ਸਕੱਤਰ, ਸਾਥੀ ਹਿੰਮਤ ਸਿੰਘ ਰੋਪੜ ਆਡੀਟਰ ਚੁਣੇ ਗਏ। ਇਸ ਮੌਕੇ ਵੱਖ ਵੱਖ ਆਗੂਆਂ ਨੇ ਪਾਵਰਕੌਮ ਵਲੋਂ ਏਰੀਅਰ ਦੀਆਂ ਅਪ੍ਰੈਲ 2025 ਅਤੇ ਮਈ 2025 ਦੀਆਂ ਕਿਸ਼ਤਾਂ ਰੋਕਣ ਲਈ ਜਾਰੀ ਹਦਾਇਤਾਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੈਨੇਜਮੈਂਟ ਖ਼ਿਲਾਫ਼ ਸਮੁੱਚੇ ਪੰਜਾਬ ਅੰਦਰ ਰੋਸ ਪ੍ਰਦਰਸ਼ਨ ਕੀਤੇ ਜਾਣ ਦੀ ਚਿਤਾਵਨੀ ਦਿੱਤੀ। ਅਖੀਰ ਨਵੇਂ ਸਰਕਲ ਪ੍ਰਧਾਨ ਸਿਕੰਦਰ ਸਿੰਘ ਨੇ ਚੋਣ ਅਜਲਾਸ ਨੂੰ ਸਫਲ ਕਰਨ 'ਤੇ ਧੰਨਵਾਦ ਕੀਤਾ।

## ਯੁੱਧ ਨਸ਼ਿਆਂ ਵਿਰੁੱਧ ਤੇ ਟ੍ਰੈਫਿਕ ਨਿਯਮਾਂ ਬਾਰੇ ਵਿਦਿਆਰਥੀਆਂ ਦਾ ਸੈਮੀਨਾਰ ਲਗਾਇਆ

**ਜਗਰਾਉਂ (ਅਮਿਤ ਖੰਨਾ)**-ਯੁੱਧ ਨਸ਼ਿਆਂ ਵਿਰੁੱਧ ਅਤੇ ਟ੍ਰੈਫਿਕ ਨਿਯਮਾਂ ਬਾਰੇ ਐੱਲ. ਐੱਲ.



ਡੀ ਸੀਨੀ: ਸੈਕੰ: ਸਕੂਲ, ਤਲਵੰਡੀ ਕਲਾਂ ਦੇ ਵਿਦਿਆਰਥੀਆਂ ਅਤੇ ਡਰਾਈਵਰਾਂ, ਕੰਡਕਟਰਾਂ ਦਾ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਭਗਵੰਤ ਮਾਨ ਸਿੰਘ ਮੁੱਖ ਮੰਤਰੀ ਪੰਜਾਬ ਵੱਲੋਂ ਚਲਾਈ ਲਹਿਰ ਨੂੰ ਪੰਜਾਬ ਦੇ ਯੂਥ ਤੱਕ ਪਹੁੰਚਾਉਣ ਦਾ ਵਧੀਆ ਉਪਰਾਲਾ ਹੈ। ਜਾਗਰੂਕਤਾ ਸੈਮੀਨਾਰ ਨੂੰ ਐੱਸ. ਐੱਸ. ਪੀ. ਡਾ. ਅੰਕੁਰ ਗੁਪਤਾ ਦੇ ਨਿਰਦੇਸ਼ਾਂ ਹੇਠ ਹਰਪਾਲ ਸਿੰਘ ਏ. ਐੱਸ. ਆਈ. ਟ੍ਰੈਫਿਕ ਨੇ ਵਿਦਿਆਰਥੀਆਂ, ਡਰਾਈਵਰਾਂ ਅਤੇ ਕੰਡਕਟਰਾਂ ਦਾ ਵਿਸ਼ੇਸ਼ ਸੈਮੀਨਾਰ ਲਗਾ ਕੇ ਨਸ਼ਿਆਂ ਵਿਰੁੱਧ ਅਤੇ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ੇ ਕੇਵਲ ਇਕੱਲੇ ਵਿਅਕਤੀ ਨੂੰ ਹੀ ਨਹੀਂ ਬਲਕਿ ਪੂਰੇ ਪਰਵਾਰ ਅਤੇ ਸਮਾਜ ਨੂੰ ਨਿਗਲ ਜਾਂਦੇ ਹਨ ਤੇ ਟ੍ਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾ ਕੇਵਲ ਆਪਣਾ ਬਲਕਿ ਦੂਜਿਆਂ ਦਾ ਜੀਵਨ ਵੀ ਬਚਾਉਂਦੀ ਹੈ। ਡਰਾਈਵਿੰਗ ਅਤੇ ਮੋਬਾਇਲ ਦਾ ਕੋਈ ਮੇਲ ਨਹੀਂ। ਉਹਨਾਂ ਕਿਹਾ ਬਗੈਰ ਡਰਾਈਵਿੰਗ ਲਾਈਸੈਂਸ ਵਹੀਕਲ/ਬਾਈਕ ਚਲਾਉਣਾ ਜਾਂ ਡਰਾਈਵਿੰਗ ਕਰਦੇ ਸਮੇਂ ਸਟੰਟ ਕਰਨਾ ਕਾਨੂੰਨੀ ਜੁਰਮ ਹੈ। ਪ੍ਰਿੰਸੀਪਲ ਬਲਦੇਵ ਬਾਵਾ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੇ ਟ੍ਰੈਫਿਕ ਨਿਯਮ ਬਾਰੇ ਚਲਾਈ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਉਣ ਵਾਲੀ ਪੀੜ੍ਹੀ ਨੂੰ ਦੋਵੇਂ ਅਹਿਮ ਗੱਲਾਂ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਅਖੀਰ ਵਿੱਚ ਪ੍ਰਿੰਸੀਪਲ ਬਲਦੇਵ ਅਤੇ ਸਮੂਹ ਸਟਾਫ ਨੇ ਹਰਪਾਲ ਸਿੰਘ ਨੂੰ ਵਿਸ਼ੇਸ਼ ਸਨਮਾਨ ਨਿਸ਼ਾਨੀ ਭੇਟ ਕੀਤੀ। ਇਸ ਮੌਕੇ ਮੈਡਮ ਜਸਮਿੰਦਰ ਕੌਰ, ਗੁਰਚਰਨ ਸਿੰਘ, ਹਰਪ੍ਰੀਤ ਸਿੰਘ, ਤਜਿੰਦਰਪਾਲ ਸਿੰਘ, ਅਨੂਪ ਸਿੰਘ ਅਤੇ ਮਨਦੀਪ ਸਿੰਘ ਹਾਜ਼ਰ ਸਨ।

## ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭੱਠਾ ਮਜ਼ਦੂਰ ਯੂਨੀਅਨ ਇਲਾਕਾ ਕਮੇਟੀ ਰਾਮਪੁਰਾ



ਵੱਲੋਂ ਪਿੰਡ ਰਾਮਪੁਰਾ ਵਿਖੇ ਪੱਪੂ ਵਾਲੇ ਭੱਠੇ 'ਤੇ ਪ੍ਰਧਾਨ ਜਗਸੀਰ ਸਿੰਘ ਫੂਲ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਇਲਾਕਾ ਕਮੇਟੀ ਮੈਂਬਰ ਤੇ ਭੱਠਾ ਮਜ਼ਦੂਰ ਵੀ ਸ਼ਾਮਲ ਹੋਏ । ਮੀਟਿੰਗ ਵਿੱਚ ਇਲਾਕਾ ਕਮੇਟੀ ਵੱਲੋਂ ਪ੍ਰਧਾਨ ਜਗਸੀਰ ਸਿੰਘ ਫੂਲ ਨੂੰ ਬਦਲਕੇ ਨਵਾਂ ਪ੍ਰਧਾਨ ਬਣਾਉਣ ਲਈ ਸਰਬਸੰਮਤੀ ਕੀਤੀ ਗਈ ਇਸ ਚੋਣ ਮੀਟਿੰਗ ਵਿੱਚ ਸਰਬਸੰਮਤੀ ਨਾਲ ਜੋਰਾ ਸਿੰਘ ਫੂਲ ਨੂੰ ਪ੍ਰਧਾਨ ਅਤੇ ਜਗਸੀਰ ਸਿੰਘ ਫੂਲ ਨੂੰ ਵਾਈਸ ਪ੍ਰਧਾਨ ਚੁਣਿਆ ਗਿਆ। ਮੀਟਿੰਗ ਵਿੱਚ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਕਿਹਾ ਕਿ ਮਜ਼ਦੂਰਾਂ ਲਈ ਭੱਠਿਆਂ 'ਤੇ ਪੀਣ ਵਾਲੇ ਸਾਫ ਪਾਣੀ ਦਾ ਅਤੇ ਪਖਾਨਿਆਂ ਦਾ ਪ੍ਰਬੰਧ ਨਹੀਂ। ਆਗੂਆਂ ਨੇ ਭੱਠਾ ਮਾਲਕਾਂ ਤੋਂ ਮੰਗ ਕੀਤੀ ਹੈ ਕਿ ਮਜ਼ਦੂਰਾਂ ਲਈ ਭੱਠਿਆਂ 'ਤੇ ਪੀਣ ਵਾਲੇ ਸਾਫ ਪਾਣੀ ਦਾ ਅਤੇ ਪਖਾਨਿਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਮਜ਼ਦੂਰਾਂ ਨੂੰ ਵਰਦੀਆਂ ਅਤੇ ਸੰਦਾਂ ਦੀ ਬਣਦੀ ਪੇਮੈਂਟ ਕੀਤੀ ਜਾਵੇ। ਜੋ ਭੱਠਾ ਮਾਲਕਾਂ ਨੂੰ ਇੱਟਾਂ ਤੋਂ ਮੁਨਾਫਾ ਹੁੰਦਾ ਹੈ ਇਸ ਕੁਲ ਮੁਨਾਫੇ 'ਤੇ ਮਜ਼ਦੂਰਾਂ ਨੂੰ 50% ਬੋਨਸ ਦਿੱਤਾ ਜਾਵੇ ਜੋ ਕਿ ਇਸ ਸਮੇਂ 14% ਦਿੱਤਾ ਜਾ ਰਿਹਾ ਹੈ। ਇਸ ਸਮੇਂ ਭੱਠਾ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਜਰਨੈਲ ਸਿੰਘ ਫੂਲ, ਇਲਾਕਾ ਕਮੇਟੀ ਮੈਂਬਰ ਕੁੱਕੂ ਸਿੰਘ ਰਾਮਪੁਰਾ, ਰਮਨ ਸਿੰਘ ਰਾਮਪੁਰਾ, ਡੀ ਸੀ ਸਿੰਘ, ਮੱਖਣ ਸਿੰਘ, ਦਰਸ਼ਨ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।

# ਭਲਕੇ ਵੈਟਰਨਰੀ ਇੰਸਪੈਕਟਰ ਕਰਨਗੇ ਡਿਪਟੀ ਡਾਇਰੈਕਟਰ ਦਫਤਰਾਂ ਦਾ ਘਿਰਾਓ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਨਰੀ ਇੰਸਪੈਕਟਰ ਆਪਣੀਆਂ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਜੱਦੋ ਜਹਿਦ ਕਰ ਰਹੇ ਹਨ, ਵਿਭਾਗ ਦਾ ਸਭ ਤੋਂ ਵੱਧ ਕੰਮ ਇਸੇ ਕੇਡਰ ਵੱਲੋਂ ਕੀਤਾ ਜਾਂਦਾ ਹੈ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਪਸ਼ੂ ਪਾਲਣ ਵਿਭਾਗ ਨਾਲ ਸੰਬੰਧਤ ਸਾਰੀਆਂ ਸਕੀਮਾਂ ਗਰਾਊਂਡ ਲੈਵਲ ਤੱਕ ਵੈਟਨਰੀ ਇੰਸਪੈਕਟਰ ਵੱਲੋਂ ਲਿਜਾਈਆਂ ਜਾਂਦੀਆਂ ਹਨ, ਵੈਕਸੀਨੇਸ਼ਨ ਡੀਵੋਰਮਿੰਗ ਕਪੇਨ, ਕੈਟਲ ਸੈਂਸਸ, ਨੈਸ਼ਨਲ ਡਿਜੀਜ ਕੰਟਰੋਲ ਪ੍ਰੋਗਰਾਮ ਸਕੀਮ, ਪਸ਼ੂਆਂ ਵਿੱਚ ਨਸਲ ਸੁਧਾਰ, ਬਨਾਵਟੀ ਗਰਭਦਾਨ, ਵਿਭਾਗੀ ਟੀਚੇ ਆਦਿ ਸਾਰੇ ਕੰਮ ਵੈਟਨਰੀ ਇੰਸਪੈਕਟਰਾਂ ਵੱਲੋਂ ਕੀਤੇ ਜਾਂਦੇ ਹਨ, ਵਿਭਾਗ ਦਾ ਲਗਭਗ 50% ਤੋਂ ਵੱਧ ਵੈਟਨਰੀ ਇੰਸਪੈਕਟਰ ਕੇਡਰ ਦਾ ਹੀ ਹੈ, ਵੈਟਨਰੀ ਇੰਸਪੈਕਟਰਾਂ ਦੀਆਂ ਕੁਝ ਜਾਇਜ਼ ਮੰਗਾਂ ਹਨ, ਜਿਹਦੇ ਸੰਬੰਧ ਵਿੱਚ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦੇ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਵਿਭਾਗ ਦੇ ਆਹਲਾ ਅਫਸਰਾਂ ਨਾਲ ਕਈ ਮੀਟਿੰਗਾਂ ਕਰ ਚੁੱਕੇ ਹਨ, ਪਰ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀਆਂ ਮੰਗਾਂ ਵਿੱਚ ਸਭ ਤੋਂ ਵੱਡਾ ਰੋੜਾ ਅਟਕਾਉਣ ਦਾ ਕੰਮ ਵਿਭਾਗ ਦੀ ਅਫਸਰਸ਼ਾਹੀ ਵੱਲੋਂ ਕੀਤਾ ਜਾ ਰਿਹਾ।ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਬੁਲਾਰਿਆਂ ਨੇ ਦੱਸਿਆ ਕਿ ਵਿਭਾਗ ਦੀ ਅਫਸਰਸ਼ਾਹੀ ਉਹਨਾਂ ਦੀਆਂ ਉਹ ਮੰਗਾਂ ਜਿਹੜੀਆਂ ਬਿਲਕੁਲ ਨਿਗੁਣੀਆਂ ਹਨ, ਜਿਵੇਂ ਸੀਨੀਅਰ ਵੈਟਨਰੀ ਇੰਸਪੈਕਟਰਾਂ ਦੀ ਏ.ਸੀ.ਆਰ. ਰਿਪੋਰਟ ਸਬੰਧੀ ਮੈਪਿੰਗ ਦਰੁਸਤ ਕਰਨਾ, ਸੀਨੀਅਰ ਵੈਟਨਰੀ ਇੰਸਪੈਕਟਰਾਂ ਦੀ ਡਿਊਟੀ ਲਿਸਟ ਵਿੱਚ ਸੋਧ ਕਰਨਾ, ਜ਼ਿਲ੍ਹਾ ਵੈਟਨਰੀ ਇੰਸਪੈਕਟਰਾਂ ਦੀ ਪੋਸਟ ਨੂੰ ਦਫਤਰ ਵਿੱਚ ਰਚਨਾ, ਜਿਸ ਉੱਪਰ ਸਰਕਾਰ ਦਾ ਇਕ ਰੁਪਈਆ ਵੀ ਖਰਚ ਨਹੀਂ ਹੁੰਦਾ ਵਿੱਚ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਵਿਭਾਗ ਦੇ ਡਾਇਰੈਕਟਰ ਵੱਲੋਂ ਲਾਪਰਵਾਹੀ ਕਰਕੇ ਵੈਟਨਰੀ ਇੰਸਪੈਕਟਰਾਂ ਦੀ ਖੱਜਲ ਖੁਆਰੀ ਕਰਨ ਦਾ ਯਤਨ ਕੀਤਾ ਜਾ ਰਿਹਾ।ਆਖਰਕਾਰ ਤੰਗ ਆ ਕੇ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਨੇ 20 ਮਈ ਨੂੰ ਜ਼ਿਲਾ ਪੱਧਰੀ, ਡਿਪਟੀ ਡਾਇਰੈਕਟਰ ਦਫਤਰਾਂ ਦਾ ਘਿਰਾਓ ਕਰਨ ਦਾ ਫੈਸਲਾ ਲਿਆ ਹੈ। ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਬਾਸੀ ਅਤੇ ਸੂਬਾ ਪ੍ਰੈਸ ਸਕੱਤਰ ਗੁਰਜੀਤ ਸਿੰਘ ਨੇ ਦੱਸਿਆ ਕਿ ਧਰਨੇ ਵਿੱਚ ਮੌਜੂਦਾ ਨੌਕਰੀ ਕਰਦੇ ਵੈਟਨਰੀ ਇੰਸਪੈਕਟਰਾਂ ਤੋਂ ਇਲਾਵਾ ਰਿਟਾਇਰ ਵੈਟਨਰੀ ਇੰਸਪੈਕਟਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਮੁੱਖ ਸਲਾਹਕਾਰ ਦਲਜੀਤ ਸਿੰਘ ਚਾਹਲ ਤੋਂ ਇਲਾਵਾ ਵਿਪਨ ਗੋਇਲ, ਗੁਰਦੀਪ ਛੀਨਾ, ਰਕੇਸ਼ ਸੈਣੀ, ਪਰਮਜੀਤ ਸਿੰਘ ਸੋਹੀ, ਗੁਰਪ੍ਰੀਤ ਸਿੰਘ ਨਾਭਾ, ਗੁਰਪ੍ਰੀਤ ਸਿੰਘ ਸੰਗਰੂਰ, ਰਾਜੀਵ ਮਲਹੋਤਰਾ, ਹਰਦੀਪ ਸਿੰਘ ਗਿਆਨਾ, ਸਤਨਾਮ ਸਿੰਘ ਅੰਮ੍ਰਿਤਸਰ, ਸੁਖਜਿੰਦਰ ਸਿੰਘ, ਵਿਜੇ ਕੰਬੋਜ, ਮੋਹਿਤ ਕੁਮਾਰ ਕਪੂਰਥਲਾ ਆਦਿ ਸ਼ਾਮਲ ਸਨ।

# ਬੀ.ਪੀ ਨਿਯਮਿਤ ਤੌਰ 'ਤੇ ਚੈੱਕ ਕਰਾਉਂਦੇ ਰਹਿਣਾ ਚਾਹੀਦੈ : ਡਾ. ਸਤਵਿੰਦਰਪਾਲ ਸਿੰਘ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਬੱਸ ਸਟੈਂਡ, ਨਵਾਂਸ਼ਹਿਰ ਵਿੱਖੇ ਅੱਜ ਵਿਸ਼ਵ ਹਾਈਪਰਟੈਨਸ਼ਨ ਦਿਵਸ ਦੇ ਸੰਦਰਭ ਵਿੱਚ ਹਾਈ ਬਲੱਡ ਪ੍ਰੈਸ਼ਰ ਦੀ ਪਛਾਣ ਲਈ ਵਿਸ਼ੇਸ਼ ਸਕ੍ਰੀਨਿੰਗ ਕੈਂਪ ਆਯੋਜਿਤ ਕੀਤਾ ਗਿਆ।ਇਸ ਸਬੰਧੀ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕ ਰਿਪੋਰਟ ਅਨੁਸਾਰ ਭਾਰਤ ਵਿੱਚ 1000 ਮੌਤਾਂ ਪਿੱਛੇ 160 ਮੌਤਾਂ ਬੀ.ਪੀ ਵੱਧਣ ਕਰਨ ਹੁੰਦੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਬੱਸ ਸਟੈਂਡ, ਨਵਾਂਸ਼ਹਿਰ ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਆਮ ਲੋਕਾਂ ਨੂੰ ਇਸ ਜਾਨਲੇਵਾ ਬਿਮਾਰੀ ਦੀ ਪਛਾਣ ਬਾਰੇ ਜਾਗਰੂਕ ਕਰਨ ਦੇ ਨਾਲ -ਨਾਲ ਸਕ੍ਰੀਨਿੰਗ ਵੀ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਸਾਨੂੰ ਬੀ.ਪੀ ਨਿਯਮਿਤ ਤੌਰ 'ਤੇ ਚੈੱਕ ਕਰਾਉਂਦੇ ਰਹਿਣਾ ਚਾਹੀਦਾ ਹੈ। ਮਿੱਠੀਆਂ, ਤਲੀਆਂ ਚੀਜ਼ਾਂ, ਸਿਗਰਟ, ਸ਼ਰਾਬ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਰੋਜ ਸੈਰ ਕਰਨੀ ਚਾਹੀਦੀ ਹੈ। ਬੀ.ਪੀ ਘੱਟ ਕਰਨ ਲਈ ਆਪਣਾ ਭਾਰ ਘਟਾਉਣਾ ਚਾਹੀਦਾ ਹੈ ਤੇ ਲੂਣ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ। ਬੀ.ਪੀ ਵੱਧਣ ਦੀ ਦਵਾਈ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰਨੀ ਅਤੇ ਬਦਲਣੀ ਚਾਹੀਦੀ ਹੈ। ਸਿਹਤਮੰਦ ਜ਼ਿੰਦਗੀ ਬਣਾਈ ਰੱਖਣ ਲਈ ਕਸਰਤ ਤੇ ਸੰਤੁਲਿਤ ਖੁਰਾਕ ਜ਼ਰੂਰੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਜੇ ਬਸਰਾ, ਆਯੁਰਵੈਦਿਕ ਮੈਡੀਕਲ ਅਫਸਰ ਡਾ ਵਿਜੇ ਕੁਮਾਰ, ਏ.ਐਨ.ਐਮ. ਸੁਰੇਖਾ ਰਾਣੀ ਸਮੇਤ ਆਸ਼ਾ ਵਰਕਰਾਂ ਮੌਜੂਦ ਸਨ।

# ਬਾਦੋਵਾਲ ਵਿਖੇ ਲਗਾਇਆ ਪਸ਼ੂ ਭਲਾਈ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਸ਼ੂ ਪਾਲਣ ਵਿਭਾਗ ਦੇ ਮਾਨਯੋਗ ਕੈਬਨਟ ਮੰਤਰੀ ਗੁਰਮੀਤ ਸਿੰਘ ਖੁਡੀਆਂ ਅਤੇ ਮਾਨਯੋਗ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਦੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਭਾਗ ਦੇ ਡਿਪਟੀ ਡਾਇਰੈਕਟਰ ਚਮਨ ਲਾਲ ਦੀ ਰਹਿਨੁਮਾਈ ਹੇਠ ਪਿੰਡ ਬਾਦੋਵਾਲ ਵਿਖੇ ਪਸ਼ੂ ਭਲਾਈ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਬਹੁ ਗਿਣਤੀ ਕਿਸਾਨਾਂ ਨੇ ਭਾਗ ਲਿਆ।ਵੱਖ-ਵੱਖ ਮਾਹਿਰਾਂ ਨੇ ਪਸ਼ੂ ਪਾਲਣ ਸਬੰਧੀ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਮੁਸ਼ਕਲਾਂ ਦੇ ਹੱਲ ਦੱਸੇ। ਡਾਕਟਰ ਅਮਿਤ ਸ਼ਰਮਾ ਨੇ ਪਸ਼ੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਅਤੇ ਉਹਨਾਂ ਦੇ ਬਚਾਅ ਬਾਰੇ ਕਿਸਾਨਾਂ ਨੂੰ ਜਾਗਰਕ ਕੀਤਾ। ਡਾਕਟਰ ਚਾਦਪ੍ਰੀਤ ਡਾਕਟਰ ਸੁਖਵਿੰਦਰ ਸਿੰਘ ਨੇ ਪਸ਼ੂਆਂ ਨੂੰ ਲੱਗਣ ਵਾਲੀਆਂ ਛੂਤ ਦੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ। ਡਾਕਟਰ ਹਰਸਿਮਰਨ ਕੌਰ ਨੇ ਪਸ਼ੂ ਨੂੰ ਲੱਗਣ ਵਾਲੀ ਥਣਸੋਜਾ ਬਿਮਾਰੀ ਸਬੰਧੀ ਕਿਸਾਨਾਂ ਨੂੰ ਜਾਗਰਤ ਕੀਤਾ। ਜ਼ਿਲ੍ਹਾ ਵੈਟਨਰੀ ਇੰਸਪੈਕਟਰ ਗੁਰਜੀਤ ਸਿੰਘ ਨੇ ਪਸ਼ੂਆਂ ਨੂੰ ਦਿੱਤੀ ਜਾਣ ਵਾਲੀ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ। ਕੈਂਪ ਵਿੱਚ ਡਾਕਟਰ ਮਨਜੀਤ ਸਿੰਘ ਦਵਈ ਖਾਸ ਤੌਰ 'ਤੇ ਪਹੁੰਚੇ। ਉਹਨਾਂ ਨੇ ਪਸ਼ੂ ਪਾਲਕਾਂ ਨੂੰ ਡੇਅਰੀ ਦਾ ਧੰਦਾ ਅਪਣਾਉਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਤੇ ਪਸ਼ੂ ਪਾਲਕਾਂ ਨੂੰ ਬਿਲਕੁਲ ਫਰੀ ਦਵਾਈਆਂ ਵੰਡੀਆਂ ਗਈਆਂ।ਇਸ ਮੌਕੇ ਪਿੰਡ ਦੇ ਸਰਪੰਚ ਦਾਰਾ ਸਿੰਘ, ਸਾਬਕਾ ਸਰਪੰਚ ਹਰਜਿੰਦਰ ਪਾਲ ਸਿੰਘ ਬਜ਼ੁਰਗ ਰੇਸ਼ਮ ਸਿੰਘ ਤੋਂ ਇਲਾਵਾ ਤਹਿਸੀਲ ਹੁਸ਼ਿਆਰਪੁਰ ਦੇ ਸੀਨੀਅਰ ਵੈਟਨਰੀ ਅਫਸਰ ਡਾਕਟਰ ਗੁਰਦੀਪ ਸਿੰਘ, ਡਾਕਟਰ ਸੁਖਵਿੰਦਰ ਸਿੰਘ, ਵੈਟਨਰੀ ਇੰਸਪੈਕਟਰ ਭੀਮ ਸੈਨ, ਡਾਕਟਰ ਸੁਖਜਿੰਦਰ ਸਿੰਘ, ਵੈਟਨਰੀ ਇੰਸਪੈਕਟਰ ਮਨਜਿੰਦਰ ਸਿੰਘ ਆਦਿ ਹਾਜ਼ਰ ਸਨ।

# ਨਾਇਬ ਸੈਣੀ ਨੇ ਤਿਰੰਗਾ ਯਾਤਰਾ 'ਚ ਹਿੱਸਾ ਲਿਆ

**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਡੇ ਬਹਾਦਰ ਫੌਜੀਆਂ ਨੇ ਜਿਸ ਬਹਾਦਰੀ ਅਤੇ ਅਨੁਸ਼ਾਸਨ ਨਾਲ ਆਪ੍ਰੇਸ਼ਨ ਸਿੰਦੂਰ ਨੂੰ ਅੰਜਾਮ ਦਿੱਤਾ ਹੈ, ਉਸ ਨਾਲ ਅਹਿਸਾਸ ਹੁੰਦਾ ਹੈ ਕਿ ਇਹ ਸਿਰਫ ਫੌਜੀ ਮੁਹਿੰਮ ਨਹੀਂ, ਸਗੋਂ ਸਾਡੇ ਕੌਮੀ ਮਾਣ ਦਾ ਪ੍ਰਤੀਕ ਵੀ ਬਣ ਚੁੱਕਿਆ ਹੈ।ਮੁੱਖ ਮੰਤਰੀ ਨੇ ਇਹ ਗੱਲ ਲਾਡਵਾ ਵਿਧਾਨ ਸਭਾ ਹਲਕੇ ਦੇ ਪਿੰਡ ਬੁਹਾਵੀ ਵਿਚ ਤਿਰੰਗਾ ਯਾਤਰਾ ਤੋਂ ਪਹਿਲਾਂ ਹਾਜ਼ਰ ਲੋਕਾਂ ਨੂੰ ਸੰਬੋਧਤ ਕਰਦੇ ਹੋਏ ਕਹੀ।ਇਸ ਮੌਕੇ ਭਾਰੀ ਗਿਣਤੀ ਵਿਚ ਹਾਜ਼ਰ ਨੌਜਵਾਨਾਂ, ਮਹਿਲਾਵਾਂ ਅਤੇ ਬਜ਼ੁਰਗਾਂ ਨੇ ਮੁੱਖ ਮੰਤਰੀ ਦੀ ਅਗਵਾਈ ਹੇਠ ਤਿਰੰਗਾ ਯਾਤਰਾ ਵਿਚ ਹਿੱਸਾ ਲਿਆ ਅਤੇ ਦੇਸ਼ ਦੇ ਵੀਰ ਫੌਜੀਆਂ ਤੇ ਆਪਰੇਸ਼ਨ ਸਿੰਦੂਰ ਵਿਚ ਸ਼ਹੀਦ ਹੋਏ ਸੈਨਿਕਾਂ ਦੇ ਸਨਮਾਨ ਵਿਚ ਚਲਾਈ ਜਾ ਰਹੀ ਇਸ ਮੁਹਿੰਮ ਵਿਚ ਵੱਧ-ਚੜ੍ਹ ਦੇ ਯੋਗਦਾਨ ਦਿੱਤਾ। ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਬੁਹਾਵੀ ਦੀ ਪਿੰਡ ਪੰਚਾਇਤ ਨੂੰ ਵਿਕਾਸ ਕੰਮਾਂ ਲਈ 21 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

# ਸਿਵਲ ਹਸਪਤਾਲ ਵਿਖੇ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ

**ਬਲਾਚੌਰ (ਜਸਵਿੰਦਰ ਬੈਂਸ)**— ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਫ. ਜਨਰਲ ਬਿਕਰਮ ਸਿੰਘ ਸਭ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਰਹਿਨੁਮਾਈ ਹੇਠ ਐਫ. ਜਨਰਲ ਬਿਕਰਮ ਸਿੰਘ ਸਭ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਅੱਜ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਐਫ. ਜਨਰਲ ਬਿਕਰਮ ਸਿੰਘ ਸਭ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਦੱਸਿਆ ਕਿ ਹਾਈਪਰਟੈਨਸ਼ਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਹੈ ਜਿਵੇਂ ਕਿ, ਸਟ੍ਰੋਕ, ਦਿਲ ਦੇ ਦੌਰੇ ਤੇ ਗੁਰਦੇ ਦੀ ਬਿਮਾਰੀ ਅਤੇ ਇਹ ਡਿਮੇਨਸ਼ੀਆ (ਦਿਮਾਗੀ ਕਮਜ਼ੋਰੀ) ਦਾ ਕਾਰਨ ਵੀ ਬਣ ਸਕਦੀ ਹੈ। ਬਹੁਤ ਸਾਰੇ ਲੋਕ ਜੋ ਹਾਈਪਰਟੈਨਸ਼ਨ ਤੋਂ ਪੀੜਤ ਹੁੰਦੇ ਹਨ, ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਇਸ ਬਿਮਾਰੀ ਨਾਲ ਗ੍ਰਸਤ ਹਨ, ਕਿਉਂਕਿ ਕਈ ਵਾਰ ਇਸਦਾ ਕੋਈ ਵੀ ਲੱਛਣ ਨਹੀਂ ਹੋ ਸਕਦਾ, ਅਕਸਰ ਲੋਕਾਂ ਨੂੰ ਦਿਲ ਦਾ ਦੌਰਾ ਪੈਣ



ਜਾਂ ਦੌਰਾ ਪੈਣ ਤੋਂ ਬਾਅਦ ਹੀ ਪਤਾ ਲੱਗਦਾ ਹੈ। ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਵਿੱਚ ਹਾਈਪਰਟੈਨਸ਼ਨ ਬਾਰੇ ਜਾਗਰੂਕਤਾ ਵਧਾਉਣਾ ਹੈ, ਜਿਸ ਨੂੰ ਆਮ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ ਵੀ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰ ਕੇ ਲੰਬੇ ਸਮੇਂ ਤੱਕ ਸਿਹਤਮੰਦ ਜੀਵਨ ਜੀਅ ਸਕਦੇ ਹਾਂ। ਬਲੱਡ ਪ੍ਰੈਸ਼ਰ ਦੇ ਸਹੀ ਮਾਪ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੀ ਇਸ ਦਾ ਮੁੱਖ ਮਕਸਦ ਹੈ। ਸਿਹਤ ਇੰਸਪੈਕਟਰ ਦਿਲਬਾਗ ਸਿੰਘ ਨੇ ਦੱਸਿਆ ਕਿ ਹਾਈਪਰਟੈਨਸ਼ਨ ਭਾਰਤ ਵਿੱਚ ਵੱਧ ਰਹੀ ਸਮੱਸਿਆ ਹੈ ਅਤੇ ਸਿਹਤ ਪ੍ਰਣਾਲੀ 'ਤੇ ਬੋਝ ਦਾ ਕਾਰਨ ਬਣਦੀ ਜਾ ਰਹੀ ਹੈ। ਹਾਲਾਂਕਿ ਇਸਦਾ ਕੋਈ ਇਲਾਜ ਨਹੀਂ ਹੈ, ਦਵਾਈਆਂ ਦੀ ਵਰਤੋਂ ਅਤੇ ਜੀਵਨਸ਼ੈਲੀ ਵਿੱਚ ਤਬਦੀਲੀਆਂ ਕਰਨ ਨਾਲ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋ ਸਕਦਾ ਹੈ। ਜੀਵਨ ਸ਼ੈਲੀ ਵਿੱਚ ਮਹੱਤਵਪੂਰਨ ਤਬਦੀਲੀਆਂ, ਜਿਵੇਂ ਕਿ ਚੰਗੀ-ਸੰਤੁਲਿਤ ਖੁਰਾਕ , ਲੂਣ ਦੀ ਮਾਤਰਾ ਘੱਟ, ਸ਼ਰਾਬ ਦੀ ਵਰਤੋਂ ਨਾ ਕਰਨਾ, ਨਿਯਮਤ ਸਰੀਰਕ ਗਤੀਵਿਧੀ ਕਰਨਾ, ਤਣਾਅ ਦਾ ਪ੍ਰਬੰਧਨ ਕਰਨਾ, ਸਹੀ ਸਰੀਰਕ ਭਾਰ ਬਣਾ ਕੇ ਰੱਖਣਾ, ਸਿਗਰਟਨੋਸ਼ੀ ਨਾ ਕਰਨਾ, ਦਵਾਈਆਂ ਸਹੀ ਢੰਗ ਨਾਲ ਲੈਣਾ ਅਤੇ ਡਾਕਟਰ ਦੀ ਸਲਾਹ ਤੇ ਕੰਮ ਕਰਨਾ ਆਦਿ ਨਾਲ ਕਾਫੀ ਹੱਦ ਤੱਕ ਬਲੱਡ ਪ੍ਰੈਸਰ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ।

# ਸਿੱਖਿਆ ਮੰਤਰੀ ਦੇ ਹਲਕੇ 'ਚ ਅਧਿਆਪਕਾਂ ਦਾ ਝੰਡਾ ਮਾਰਚ 25 ਨੂੰ

**ਮਹਿਤਪੁਰ (ਰਾਜਾ)** ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਇੱਕ ਜ਼ਰੂਰੀ ਵਰਚੁਅਲ ਮੀਟਿੰਗ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਬਲਜੀਤ ਸਿੰਘ ਸਲਾਣਾ, ਹਰਵਿੰਦਰ ਸਿੰਘ ਬਿਲਗਾ, ਬਾਜ ਸਿੰਘ ਖਹਿਰਾ, ਰਵਿੰਦਰਜੀਤ ਸਿੰਘ ਪੰਨੂ, ਗੁਰਜੰਟ ਸਿੰਘ ਵਾਲੀਆ, ਸੁਖਜਿੰਦਰ ਸਿੰਘ ਹਰੀਕਾ, ਗੁਰਿੰਦਰ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੱਗਾ, ਅਮਨਬੀਰ ਸਿੰਘ ਗੁਰਾਇਆ, ਗੁਰਬਿੰਦਰ ਸਿੰਘ ਸਸਕੌਰ, ਮਹਿੰਦਰ ਬੱਲੀ, ਐਨ ਡੀ ਤਿਵਾੜੀ, ਜਿੰਦਰ ਪਾਇਲਟ, ਪਰਵਿੰਦਰ ਭਾਰਤੀ, ਲਛਮਣ ਸਿੰਘ ਆਦਿ ਸ਼ਾਮਿਲ ਸਨ। ਆਗੂਆਂ ਨੇ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਅਧਿਆਪਕ ਮੰਗਾਂ ਦੀ ਅਣਦੇਖੀ ਕਰਨ ਅਤੇ ਅੜੀਅਲ ਵਤੀਰਾ ਅਪਣਾਉਣ ਵਿਰੁੱਧ ਸਾਂਝੇ ਅਧਿਆਪਕ ਮੋਰਚੇ ਵੱਲੋਂ 10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਕਰਨ ਦਾ ਐਕਸ਼ਨ ਉਲੀਕਿਆ ਹੋਇਆ ਸੀ। ਪਰ ਅਚਾਨਕ ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗ ਸ਼ੁਰੂ ਹੋਣ ਕਾਰਨ ਝੰਡਾ ਮਾਰਚ ਮੁਲਤਵੀ ਕੀਤਾ ਗਿਆ ਸੀ। ਹੁਣ ਹਾਲਾਤ ਸੁਖਾਵੇਂ ਹੋਣ ਕਾਰਨ ਸਿੱਖਿਆ ਮੰਤਰੀ ਦੇ ਹਲਕੇ ਵਿੱਚ 25 ਮਈ ਨੂੰ ਝੰਡਾ ਮਾਰਚ ਕੀਤਾ ਜਾਵੇਗਾ। ਨਵਪ੍ਰੀਤ ਸਿੰਘ ਬੱਲੀ ਨੇ ਦੱਸਿਆ ਕਿ ਲੈਕਚਰਾਰ ਕਾਡਰ ਦੀਆਂ ਪਦਉੱਨਤੀਆਂ ਲਈ ਹਰੇਕ ਅਧਿਆਪਕ ਤੋਂ ਫਾਇਲ ਮੁੱਖ ਦਫਤਰ ਮੋਹਾਲੀ ਵਿਖੇ ਮੰਗਵਾਈ ਜਾ ਰਹੀ ਹੈ, ਜਦੋਂ ਕਿ ਸਮੁੱਚਾ ਰਿਕਾਰਡ ਵਿਭਾਗ ਕੋਲ ਮੌਜੂਦ ਹੋਣ ਅਤੇ ਪਹਿਲਾਂ ਲਈਆਂ ਗਈਆਂ ਫਾਇਲਾਂ ਵਿਭਾਗ ਕੋਲ ਮੌਜੂਦ ਹੋਣ ਦੇ ਬਾਵਜੂਦ ਅਧਿਆਪਕਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਮਸਲਿਆਂ ਦਾ ਹੱਲ ਹੋਣ ਤੱਕ ਸਾਂਝੇ ਅਧਿਆਪਕ ਮੋਰਚੇ ਵੱਲੋਂ ਸੰਘਰਸ਼ ਜਾਰੀ ਰਹੇਗਾ। ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦੀਆਂ ਤਿਆਰੀਆਂ ਸਬੰਧੀ ਜਿਲ੍ਹਾ ਅਤੇ ਬਲਾਕ ਪੱਧਰ ਤੇ 20 ਮਈ ਨੂੰ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।

# ਪੰਡਿਤ ਵਰਿਆਮ ਸਿੰਘ ਖ਼ਾਲਸਾ ਮਾਡਲ ਸਕੂਲ ਜੱਬੋਵਾਲ ਦਾ ਨਤੀਜਾ ਰਿਹਾ ਸ਼ਾਨਦਾਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਬੀਤੇ ਦਿਨ ਦਸਵੀਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਨਤੀਜਾ ਘੋਸ਼ਿਤ ਕੀਤਾ। ਪੰਡਿਤ ਵਰਿਆਮ ਸਿੰਘ ਖ਼ਾਲਸਾ ਮਾਡਲ ਸਕੂਲ ਜੱਬੋਵਾਲ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਦੀ ਰਿਤਿਕਾ ਸਜਿਲਨ ਨੇ 88 ਪ੍ਰਤੀਸ਼ਤ ਤੋਂ ਉਪਰ,ਪੁਸ਼ਾ ਨੇ 85 ਪ੍ਰਤੀਸ਼ਤ ਤੇ ਪਰੀ ਕੌਰ ਸਤੱਰ ਪ੍ਰਤੀਸ਼ਤ ਤੋਂ ਵੱਧ ਨੰਬਰ ਪ੍ਰਾਪਤ ਕਰਕ ਵਾਲੇ ਵਿਦਿਆਰਥੀਆਂ ਨੇ ਸਕੂਲ, ਮਾਂ ਬਾਪ ਤੇ ਅਧਿਆਪਕਾਂ ਦਾ ਮਾਣ ਵਧਾਇਆ ਹੈ। ਸਕੂਲ ਵਿੱਚ ਇਕ ਛੋਟਾ ਜਿਹਾ ਸਮਾਗਮ ਕਰਕੇ ਬੱਚਿਆਂ ਨੂੰ ਪ੍ਰਾਪਤ ਪ੍ਰਸ਼ੰਸਾ ਅਨੁਸਾਰ ਮੈਡਲ ਪ੍ਰਦਾਨ ਕੀਤੇ ਗਏ। ਸਕੂਲ ਦੇ ਬੱਚੇ ਵਿਚ ਖਿਡਾਰ ਦਾ ਮਾਹੌਲ ਬਣਿਆ ਹੋਇਆ ਸੀ। ਪ੍ਰਿੰਸੀਪਲ ਪ੍ਰੀਤ ਮਹਿੰਦਰ ਸਿੰਘ ਨੇ ਬੱਚਿਆਂ ਨੂੰ ਹੋਰ ਸਖ਼ਤ ਮਿਹਨਤ ਕਰਨ ਅਤੇ ਅੱਗੇ ਤੁਰਬੇ 'ਤੇ ਪਹੁੰਚਣ ਲਈ ਅਸੀਸਾਂ ਦਿੱਤੀਆਂ।ਸਮੂਹ ਸਟਾਫ ਨੇ ਵੀ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ। ਇਸ ਸਕੂਲ ਦੇ ਸਭ ਤੋਂ ਵੱਡੀ ਪ੍ਰਾਪਤੀ ਬੱਚਿਆਂ ਨੂੰ ਅਨੁਸ਼ਾਸਨ, ਨੈਤਿਕ ਸਿੱਖਿਆ ਤੇ ਸਮਾਜਿਕ ਸਿੱਖਿਆ ਦੇਣ ਵਿਚ ਹੈ। ਬੱਚੇ ਬਿਨਾਂ ਕਿਸੇ ਬਾਹਰੀ ਸਹਾਇਤਾ,ਨਕਲ ਜਾਂ ਪਰਚੀਆਂ ਦੇ ਬਿਨਾਂ ਘਬਰਾਹਟ ਤੋਂ ਸਾਲਾਨਾ ਪ੍ਰੀਖਿਆਵਾਂ ਪਾਸ ਕਰਦ ਹਨ। ਉਨ੍ਹਾਂ ਨੂੰ ਕਲਾਸ ਟੈਸਟ ਤੋਂ ਹੀ ਇਸ ਬੀਮਾਰੀ ਤੋਂ ਦੂਰ ਰੱਖਿਆ ਜਾਂਦਾ ਹੈ।

# ਆਰ ਬੀ ਯੂ ਨੇ ਸਟੈਮ ਸੈੱਲ ਇੰਜੀਨੀਅਰਿੰਗ 'ਚ ਬੀ ਟੈਕ ਲਾਂਚ ਕੀਤਾ



**ਮੋਹਾਲੀ ਮਈ, (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਇੰਸਟੀਚਿਊਟ ਆਫ਼ ਟ੍ਰਾਂਸਲੇਸ਼ਨਲ ਹੈਲਥ ਸਾਇੰਸ (ਆਈ ਟੀ ਐਚ ਐਸ) ਨੇ ਸਟੈਮ ਸੈੱਲ ਅਤੇ ਟਿਸ਼ੂ ਇੰਜੀਨੀਅਰਿੰਗ ਵਿੱਚ ਉੱਤਰੀ ਭਾਰਤ ਦੇ ਪਹਿਲੇ ਬੀ ਟੈਕ ਪ੍ਰੋਗਰਾਮ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ।ਇਹ ਕੋਰਸ ਬਾਇਓਮੈਡੀਕਲ ਸਿੱਖਿਆ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ, ਇਸ ਕੋਰਸ ਦੀ ਰਸਮੀ ਸ਼ੁਰੂਆਤ ਆਈ ਟੀ ਐਚ ਐਸ ਦੇ ਸੰਸਥਾਪਕ ਜੋਤੀ ਗੜ੍ਹੇਵਾਲ ਅਤੇ ਆਈ ਟੀ ਐਚ ਐਸ ਦੇ ਡਾਇਰੈਕਟਰ ਪ੍ਰੋਫੈਸਰ ਪੁਲਕੇਸ ਪੁਰਕੈਤ ਦੁਆਰਾ ਕੀਤੀ ਗਈ, ਜਿਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਅਕਾਦਮਿਕ ਅਗਵਾਈ ਨੇ ਇਸ ਨਵੀਨਤਾਕਾਰੀ ਪਾਠਕ੍ਰਮ ਨੂੰ ਡਿਜ਼ਾਈਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਇਸ ਪਹਿਲਕਦਮੀ ਨੂੰ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦਾ ਸਮਰਥਨ ਪ੍ਰਾਪਤ ਹੈ, ਜਿਨ੍ਹਾਂ ਨੇ ਵਿਗਿਆਨਕ ਖੋਜ ਨੂੰ ਅੱਗੇ ਵਧਾਉਣ ਅਤੇ ਵਿਦਿਆਰਥੀਆਂ ਨੂੰ ਰੀਜਨਰੇਟਿਵ ਮੈਡੀਸਨ, ਬਾਇਓਟੈਕਨਾਲੋਜੀ ਅਤੇ ਅਨੁਵਾਦਕ ਸਿਹਤ ਵਿੱਚ ਉੱਭਰ ਰਹੇ ਕਰੀਅਰ ਮਾਰਗਾਂ ਲਈ ਤਿਆਰ ਕਰਨ ਲਈ ਸੰਸਥਾ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।

# ਲਵਲੀ ਪ੍ਰੋਫੈਸ਼ਨਲ 'ਵਰਸਿਟੀ ਵੱਲੋਂ ਤੁਰਕੀ ਤੇ ਅਜ਼ਰਬਾਈਜਾਨ ਨਾਲ ਸਾਰੇ ਸਮਝੌਤੇ ਖਤਮ

**ਜਲੰਧਰ (ਸ਼ੈਲੀ ਐਲਬਰਟ)** ਇੱਕ ਦਲੇਰ ਅਤੇ ਆਦਰਸ਼ਵਾਦੀ ਕਦਮ ਵਿੱਚ, ਰਾਸ਼ਟਰੀ ਏਕਤਾ ਨੂੰ ਦਰਸਾਉਂਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਭਾਰਤ ਦੀ ਪਹਿਲੀ ਨਿੱਜੀ ਯੂਨੀਵਰਸਿਟੀ ਬਣ ਗਈ ਹੈ ਜਿਸਨੇ ਤੁਰਕੀ ਅਤੇ ਅਜ਼ਰਬਾਈਜਾਨ ਵਿੱਚ ਵਿਦਿਅਕ ਸੰਸਥਾਵਾਂ ਨਾਲ ਸਾਰੇ ਸਮਝੌਤਿਆਂ (ਐਮਓਯੂ) ਨੂੰ ਖਤਮ ਕਰ ਦਿੱਤਾ ਹੈ। ਯੂਨੀਵਰਸਿਟੀ ਨੇ ਹਾਲ ਹੀ ਵਿੱਚ ਭੂ-ਰਾਜਨੀਤਿਕ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ, ਤੁਰਕੀ ਅਤੇ ਅਜ਼ਰਬਾਈਜਾਨ ਵਿੱਚ ਸੰਸਥਾਵਾਂ ਨਾਲ ਛੇ ਵਿਦਿਅਕ ਸਾਂਝੇਦਾਰੀ ਨੂੰ ਅਧਿਕਾਰਤ ਤੌਰ 'ਤੇ ਖਤਮ ਕਰ ਦਿੱਤਾ ਹੈ ਅਤੇ ਇਹ ਸਾਂਝੇਦਾਰੀ ਭਾਰਤ ਦੇ ਰਾਸ਼ਟਰੀ ਹਿੱਤ ਵਿੱਚ ਨਹੀਂ ਸੀ। ਇਸ ਫੈਸਲੇ ਵਿੱਚ ਵਿਦਿਆਰਥੀ ਅਤੇ ਸਟਾਫ ਐਕਸਚੇਂਜ ਪ੍ਰੋਗਰਾਮਾਂ, ਸੰਯੁਕਤ ਖੋਜ ਪ੍ਰੋਜੈਕਟਾਂ, ਦੋਹਰੀ ਡਿਗਰੀ ਪਹਿਲਕਦਮੀਆਂ ਅਤੇ ਦੋਵਾਂ ਦੇਸ਼ਾਂ ਦੀਆਂ ਸੰਸਥਾਵਾਂ ਨਾਲ ਅਕਾਦਮਿਕ ਸਹਿਯੋਗ ਦੇ ਹੋਰ ਸਾਰੇ ਰੂਪਾਂ ਨੂੰ ਤੁਰੰਤ ਖਤਮ ਕਰਨਾ ਸ਼ਾਮਲ ਹੈ।ਇਹ ਕਦਮ ਹਾਲ ਹੀ ਵਿੱਚ ਭਾਰਤ-ਪਾਕਿਸਤਾਨ ਤਣਾਅ ਦੌਰਾਨ ਤੁਰਕੀ ਅਤੇ ਅਜ਼ਰਬਾਈਜਾਨ ਦੇ ਪਾਕਿਸਤਾਨ-ਪੱਖੀ ਰੁਖ਼ ਦੇ ਜਵਾਬ ਵਿੱਚ ਹੈ। ਇਸ ਫੈਸਲੇ ਦਾ ਐਲਾਨ ਕਰਦੇ ਹੋਏ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਜਦੋਂ ਸਾਡੀਆਂ ਬਹਾਦਰ ਹਥਿਆਰਬੰਦ ਫੌਜਾਂ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾ ਰਹੀਆਂ ਹਨ; ਭਾਵੇਂ ਉਹ ਸੀਕਰੇਟ ਆਪਰੇਸ਼ਨ ਵਿੱਚ, ਹਵਾਈ ਰੱਖਿਆ ਵਿੱਚ ਜਾਂ ਸਾਡੀਆਂ ਸਰਹੱਦਾਂ 'ਤੇ ਗਸ਼ਤ ਹੋਣ; ਅਸੀਂ ਇੱਕ ਯੂਨੀਵਰਸਿਟੀ ਦੇ ਰੂਪ ਵਿੱਚ ਚੁੱਪ ਨਹੀਂ ਰਹਿ ਸਕਦੇ। ਡਾ. ਮਿੱਤਲ ਨੇ ਅੱਗੇ ਕਿਹਾ - ਐਲਪੀਯੂ ਦਾ ਮਿਸ਼ਨ ਹਮੇਸ਼ਾ ਭਾਰਤ ਦੇ ਵਿਕਾਸ ਅਤੇ ਅਖੰਡਤਾ ਨਾਲ ਜੁੜਿਆ ਰਿਹਾ ਹੈ, ਅਤੇ ਅਸੀਂ ਕਦੇ ਵੀ ਕਿਸੇ ਵੀ ਸੰਸਥਾ ਨਾਲ ਨਹੀਂ ਜੁੜਾਂਗੇ ਜੋ ਭਾਰਤ ਦੀ ਪ੍ਰਭੂਸੱਤਾ (ਆਜ਼ਾਦੀ) ਨੂੰ ਕਮਜ਼ੋਰ ਕਰਦੀ ਹੈ ।ਜਦੋਂ ਕਿ ਕੂਟਨੀਤੀ; ਸਰਕਾਰਾਂ ਦਾ ਖੇਤਰ ਹੈ, ਐਲਪੀਯੂ ਦੀ ਕਾਰਵਾਈ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੰਦੀ ਹੈ: ਅਕਾਦਮਿਕ ਸੰਸਥਾਵਾਂ ਦੀ ਦੇਸ਼ ਦੀ ਰੱਖਿਆ ਕਰਨ ਦੀ ਨੈਤਿਕ ਜ਼ਿੰਮੇਵਾਰੀ ਵੀ ਹੈ। ਰਾਸ਼ਟਰੀ ਸੁਰੱਖਿਆ ਸਿਰਫ਼ ਸਰਹੱਦਾਂ 'ਤੇ ਹੀ ਸੁਰੱਖਿਅਤ ਨਹੀਂ ਹੈ; ਇਸਨੂੰ ਹਰ ਕਲਾਸਰੂਮ, ਬੋਰਡਰੂਮ ਅਤੇ ਅੰਤਰਰਾਸ਼ਟਰੀ ਸਹਿਯੋਗ ਵਿੱਚ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ।




# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਖਾਲਸਾ ਸਕੂਲ ਨੂੰ ਵਾਟਰ ਕੂਲਰ ਭੇਟ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਵਾਹਿਗੁਰੂ ਦੀ ਕਿਰਪਾ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਚਲਦੀਆਂ ਗਰਮੀਆਂ ਦੇ ਮੌਸਮ ਦੇ ਮੱਦੇਨਜ਼ਰ ਜੇ ਐਸ ਐਫ ਐਚ ਖਾਲਸਾ ਸੀ: ਸੈ: ਸਕੂਲ ਦੇ ਪ੍ਰਾਇਮਰੀ ਸੈਕਸ਼ਨ ਦੇ ਛੋਟੇ ਛੋਟੇ ਬੱਚਿਆਂ ਲਈ ਵਾਟਰ ਕੂਲਰ ਭੇਟ ਕੀਤਾ ਗਿਆ। ਸੁਸਾਇਟੀ ਨਾਲ ਜੁੜੇ ਪਿੰਡ ਬੁਹਾਰਾ ਦੇ ਇਕ ਐੱਨ ਆਰ ਆਈ ਪਰਵਾਰ ਦੇ ਸਹਿਯੋਗ ਨਾਲ ਸਵ: ਬਾਪੂ ਰਛਪਾਲ ਸਿੰਘ ਉੱਪਲ ਦੀ ਯਾਦ ਨੂੰ ਸਮਰਪਿਤ ਇਹ ਕੂਲਰ ਅਰਦਾਸ ਕਰਨ ਉਪਰੰਤ ਸੁਸਾਇਟੀ ਮੈਂਬਰਾਂ ਦੀ ਹਾਜਰੀ ਵਿਚ ਸਕੂਲ ਮੈਨੇਜਮੈਂਟ ਅਤੇ ਸਟਾਫ ਨੂੰ ਸਮਰਪਿਤ ਕੀਤਾ ਗਿਆ।ਇਸ ਮੌਕੇ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਪਹਿਲਾਂ ਵੀ ਇਸ ਤਰਾਂ ਦੇ ਕੂਲਰ ਸਿਵਲ ਹਸਪਤਾਲ ਨਵਾਂਸ਼ਹਿਰ, ਮਿਊਂਸਪਲ ਪਬਲਿਕ ਪਾਰਕ, ਗੁਰੂ ਨਾਨਕ ਮਿਸ਼ਨ ਡਿਸਪੈਂਸਰੀ ਅਤੇ ਖਾਲਸਾ ਸਕੂਲ ਦੇ ਸੈਕੰਡਰੀ ਸੈਕਸ਼ਨ ਦੇ ਬੱਚਿਆਂ ਲਈ ਲਗਵਾਏ ਹੋਏ ਹਨ।ਇਸ ਮੌਕੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦਾ ਇਸ ਸੇਵਾ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਸਕੂਲ ਮੈਨੇਜਮੈਂਟ ਵਲੋਂ ਪ੍ਰਿੰਸੀਪਲ ਇੰਦਰਜੀਤ ਮਾਹੀ ਡਾਇਰੈਕਟਰ ਕੁਲਵਰਨ ਸਿੰਘ, ਪ੍ਰੇਮਦੀਪ ਸਿੰਘ, ਹੋਰ ਸਟਾਫ ਮੈਂਬਰ ਅਤੇ ਸੁਸਾਇਟੀ ਵਲੋਂ ਜਗਜੀਤ ਸਿੰਘ ਜਨਰਲ ਸਕੱਤਰ, ਜਗਦੀਪ ਸਿੰਘ ਕੈਸ਼ੀਅਰ, ਜਗਜੀਤ ਸਿੰਘ ਬਾਟਾ, ਪਰਮਿੰਦਰ ਸਿੰਘ ਕੰਵਲ, ਗੁਰਚਰਨ ਸਿੰਘ ਪਬਲਾ, ਬਖਸ਼ੀਸ਼ ਸਿੰਘ ਸੈਣੀ, ਇੰਦਰਜੀਤ ਸਿੰਘ ਬਾਹੜਾ ਅਤੇ ਹਰਵਿੰਦਰ ਸਿੰਘ ਮੌਜੂਦ ਸਨ।



# ਦਿਹਾਤੀ ਮਜ਼ਦੂਰ ਸਭਾ ਵੱਲੋਂ ਰਾਮਪੁਰ ਜਗੀਰ ਵਿਖੇ ਕੀਤੀ ਮੀਟਿੰਗ



**ਸੁਲਤਾਨਪੁਰ ਲੋਧੀ, (ਬਲਵੀਰ ਸ਼ਾਲ੍ਹਾਪੁਰੀ)**- ਜ਼ਿਲ੍ਹਾ ਕਪੂਰਥਲਾ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡ ਰਾਮਪੁਰ ਜ਼ਗੀਰ ਵਿਖੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਇੱਕ ਮੀਟਿੰਗ ਰਣਜੀਤ ਸਿੰਘ ਰਾਣੇ ਦੀ ਪ੍ਰਧਾਨਗੀ ਹੇਠ ਕੀਤੀ ਗਈ।ਜਿਸ ਵਿੱਚ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਪ੍ਰਧਾਨ ਦਰਸ਼ਨ ਨਾਹਰ ਨੇ ਉੱਚੇਚੇ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਦਿਹਾਤੀ ਮਜ਼ਦੂਰ ਸਭਾ ਵੱਲੋਂ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ 26 ਤੋਂ 28 ਮਈ ਤੱਕ ਲਗਾਤਾਰ ਧਰਨੇ ਦਿੱਤੇ ਜਾ ਰਹੇ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਸ੍ਰੀ ਨਾਹਰ ਨੇ ਸਰਕਾਰ ਦੀਆਂ ਮਜ਼ਦੂਰ 'ਤੇ ਲੋਕ ਵਿਰੋਧੀ ਨੀਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਇਸ ਮੌਕੇ ਹਰਬੰਸ ਲਾਲ ਮੱਟੂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵੱਧ ਰਹੀ ਮਹਿੰਗਾਈ ਬੇ-ਰੁਜਗਾਰੀ ਨੇ ਗ਼ਰੀਬ ਲੋਕਾਂ ਨੂੰ ਭੁੱਖ ਨੰਗ ਨਾਲ ਜੂਝਣ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਮੌਕੇ ਹਰਮੇਲ ਸਿੰਘ ਸੇਚਾਂ, ਗੋਪੀ, ਕਿੰਦਰ ਸਿੰਘ, ਜਸਪਾਲ ਸਿੰਘ, ਸਤਨਾਮ ਸਿੰਘ ਸੱਤਾ, ਓਮ ਪ੍ਰਕਾਸ਼, ਰੀਛੂ, ਬਖਸ਼ੀਸ ਸਿੰਘ, ਕੁਲਵਿੰਦਰ ਕੌਰ, ਚਮਨ ਲਾਲ, ਹੈਪੀ, ਹਰਵਿੰਦਰ ਸਿੰਘ, ਸਾਗ਼ਰ ਚੰਦ, ਬਲਕਾਰ ਸਿੰਘ ਮੀਰਾਂਪੁਰ, ਕਸ਼ਮੀਰ ਸਿੰਘ 'ਤੇ ਸਾਬਕਾ ਸਰਪੰਚ ਬਲਕਾਰ ਸਿੰਘ ਮੋਤੀਪੁਰ ਨੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਰੰਧਾਵਾ ਵੱਲੋਂ ਸਕੂਲਾਂ 'ਚ ਕੀਤੇ ਗਏ ਵਿਕਾਸ ਕਾਰਜਾਂ ਦੇ ਉਦਘਾਟਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)** ਸੂਬੇ ਵਿੱਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਹਿੱਸੇ ਵਜੋਂ, ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਹਲਕੇ ਦੇ ਛੇ ਸਰਕਾਰੀ ਸਕੂਲਾਂ ਵਿੱਚ 50 ਲੱਖ 73 ਹਜ਼ਾਰ ਰੁਪਏ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ, ਜਿਸਦਾ ਉਦੇਸ਼ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਆਧੁਨਿਕ ਵਿਦਿਅਕ ਬੁਨਿਆਦੀ ਸਹੂਲਤਾਂ ਦੇ ਕੇ ਸਿੱਖਿਆ ਦਾ ਪੱਧਰ ਉੱਚਾ ਚੁੱਕਣਾ ਹੈ।ਸਿੱਖਿਆ ਕਾਰਡੀਨੇਟਰ ਗੁਰਪ੍ਰੀਤ ਵਿਰਕ ਨੇ ਜਾਣਕਾਰੀ ਦਸਿਆ ਕਿ ਰੰਧਾਵਾ ਸਾਹਿਬ ਨੇ ਡੇਰਾਬੱਸੀ ਦੇ ਵਾਰਡ ਨੰਬਰ 7 ਪਿੰਡ ਸੈਦਪੁਰਾ ਵਿਖੇ ਸਰਕਾਰੀ ਮਿਡਲ ਤੇ ਐਲੀਮੈਂਟਰੀ ਸਕੂਲ ਵਿੱਚ 14 ਲੱਖ 10 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੇ ਇੱਕ ਸਮਾਰਟ ਕਲਾਸ ਰੂਮ, ਚਾਰਦੀਵਾਰੀ ਤੇ ਹੋਰ ਕੰਮ, ਪਿੰਡ ਸੁੰਡਰਾ ਵਿਖੇ ਸਰਕਾਰੀ ਹਾਈ ਸਕੂਲ ਵਿੱਚ 1 ਲੱਖ 80 ਹਜ਼ਾਰ ਰੁਪਏ ਦੀ ਲਾਗਤ ਨਾਲ ਹੋਈ ਚਾਰਦੀਵਾਰੀ ਦਾ ਕੰਮ, ਪਿੰਡ ਦਫਰਪੁਰ ਵਿੱਖੇ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਵਿੱਚ 12 ਲੱਖ 1 ਹਜਾਰ ਰੁਪਏ ਦੀ ਲਾਗਤ ਨਾਲ ਇੱਕ ਸਮਾਰਟ ਕਲਾਸ ਰੂਮ ਤੇ ਹੋਰ ਕੰਮ, ਪਿੰਡ ਕਕਰਾਲੀ ਵਿੱਖੇ ਸਰਕਾਰੀ ਐਲੀਮੈਂਟਰੀ ਤੇ ਮਿਡਲ ਸਮਾਰਟ ਸਕੂਲ ਵਿੱਚ 21 ਲੱਖ 12 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੇ 2 ਆਧੁਨਿਕ ਕਲਾਸ ਰੂਮ ਤੇ ਹੋਰ ਹੋਏ ਕੰਮਾ ਦਾ ਉਦਘਾਟਨ ਕਰ ਬੱਚਿਆਂ ਨੂੰ ਸਪੁਰਦ ਕੀਤੇ।ਇਸ ਮੌਕੇ ਵੱਖ ਵੱਖ ਸਕੂਲਾਂ ਦੇ ਮੁਖੀਆਂ ਤੋਂ ਇਲਾਵਾ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ, ਪਿੰਡਾਂ ਦੇ ਪੰਚ-ਸਰਪੰਚ, ਕਮੇਟੀ ਪ੍ਰਧਾਨ, ਐਮ ਸੀਜ਼, ਪਾਰਟੀ ਦੇ ਬਲਾਕ ਪ੍ਰਧਾਨ ਤੇ ਸਮੁੱਚੀ ਟੀਮ ਸ਼ਾਮਲ ਸਨ।

# ਸਬ-ਡਵੀਜ਼ਨਲ ਹਸਪਤਾਲ 'ਚ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਡੇਰਾਬੱਸੀ ਦੇ ਸਬ- ਡਵੀਜ਼ਨਲ ਹਸਪਤਾਲ ਵਿੱਚ ਸੀਨੀਅਰ ਮੈਡੀਕਲ ਅਫਸਰ ਡਾ. ਧਰਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ 'ਵਰਲਡ ਹਾਈਪਰਟੈਂਸਨ ਦਿਵਸ' ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਐਸ.ਐਮ.ਓ. ਡਾ. ਧਰਮਿੰਦਰ ਸਿੰਘ ਨੇ ਬਲੱਡ ਪ੍ਰੈਸ਼ਰ ਦੀ ਬਿਮਾਰੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਨੂੰ ਸਮੇਂ ਸਮੇਂ 'ਤੇ ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣਾ ਭਾਰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ ਅਤੇ ਸੰਤੁਲਿਤ ਖੁਰਾਕ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਮੌਕੇ ਰਜਿੰਦਰ ਸਿੰਘ ਐਸ.ਆਈ. ਨੇ ਕਿਹਾ ਕਿ ਫਾਸਟ ਫੂਡ, ਜੰਕ ਫੂਡ, ਤਲਿਆਂ ਹੋਇਆਂ, ਚਰਬੀ ਅਤੇ ਫੈਟ ਵਾਲੇ ਭੋਜਨ ਦੇ ਜ਼ਿਆਦਾ ਇਸਤੇਮਾਲ ਕਰਨ ਨਾਲ ਅਤੇ ਸਰੀਰਿਕ ਕੰਮ ਨਾ ਕਰਨ ਨਾਲ ਵੀ ਬਲੱਡ ਪ੍ਰੈਸ਼ਰ ਸਧਾਰਨ ਤੋਂ ਜ਼ਿਆਦਾ ਹੋ ਜਾਂਦਾ ਹੈ।ਇਸ ਮੌਕੇ ਉਪਰੋਕਤ ਤੋਂ ਇਲਾਵਾ ਹਰਿੰਦਰ ਕੌਰ ਸੰਧੂ ਨਰਸਿੰਗ ਸਿਸਟਰ, ਰਜਿੰਦਰ ਸਿੰਘ, ਗੁਰਤੇਜ ਸਿੰਘ ਐਸ.ਆਈ, ਸੀਨਮ ਬੀ.ਈ.ਈ. ਅਤੇ ਹਸਪਤਾਲ ਦਾ ਹੋਰ ਸਟਾਫ ਵੀ ਹਾਜ਼ਰ ਸਨ ।

# ਨੈਣੋਵਾਲ ਵੈਦ ਵਿਖੇ ਸਾਲਾਨਾ ਸੱਭਿਆਚਾਰਕ ਜੋੜ ਮੇਲਾ ਸ਼ਰਧਾਪੂਰਵਕ ਸੰਪੰਨ



**ਅੱਡਾ ਸਰਾਂ (ਜਸਵੀਰ ਕਾਜਲ)**- ਨਜਦੀਕ ਪਿੰਡ ਨੈਣੋਵਾਲ ਵੈਦ ਵਿਖੇ ਬਾਬਾ ਗੁੱਗਾ ਜ਼ਾਹਰਾ ਪੀਰ ਦੇ ਦਰਬਾਰ ਤੇ ਪ੍ਰਬੰਧਕ ਕਮੇਟੀ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਸਭਿਆਚਾਰਕ ਜੋੜ ਮੇਲਾ ਕਰਵਾਇਆ ਗਿਆ। ਇਸ ਮੌਕੇ ਪੀਰ ਦੀ ਮੁੱਕਦਸ ਦਰਗਾਹ 'ਤੇ ਚਾਦਰ, ਝੰਡਾ ਚੜ੍ਹਾਉਣ ਅਤੇ ਚਿਰਾਗ ਰੋਸ਼ਨ ਦੀ ਰਸਮ ਅਦਾ ਕਰਨ ਉਪਰੰਤ ਸਭਿਆਚਾਰਕ ਮੇਲੇ ਵਿੱਚ ਪੁਹੰਚੇ ਕਲਾਕਾਰ ਜਿਹਨਾਂ ਵਿਚ ਕਵਾਲ ਦਿਲਦਾਰ ਖਾਨ,ਦੋ ਗਾਣਾ ਜੋੜੀ, ਸਰਬਜੀਤ ਬੁੱਗਾ ਤੇ ਮਨਪ੍ਰੀਤ ਬੁੱਗਾ, ਐਸ ਪੀ ਬੁੱਗਾ, ਈਸੂ ਨਕਾਲ ਪਾਰਟੀ ਤੋਂ ਇਲਾਵਾ ਹੋਰ ਕਵਾਲ ਪਾਰਟੀਆਂ ਵਲੋਂ ਆਪਣੇ ਫਨ ਦਾ ਮੁਜਾਹਰਾ ਕੀਤਾ। ਇਸ ਮੌਕੇ ਪ੍ਰਬੰਧਕ ਸੇਵਾਦਾਰ ਗੁਰਜੀਤ ਸਿੰਘ, ਬਾਬਾ ਕੱਲੂ ਸਾਹ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਢਿੱਲੋਂ, ਕੈਸ਼ੀਅਰ ਸੋਮਨਾਥ ਮਹਿਮੀ, ਸਰਪੰਚ ਨਗਿੰਦਰ ਸਿੰਘ, ਬਲਜਿੰਦਰ ਸਿੰਘ ਢਿੱਲੋਂ, ਸੰਦੀਪ ਸਿੰਘ ਢਿੱਲੋਂ, ਪਰਮਜੀਤ ਸਿੰਘ ਪੰਚ, ਜਸਵੀਰ ਸਿੰਘ, ਬਖਸ਼ੀਸ਼ ਸਿੰਘ, ਗੁਰਦੀਪ ਸਿੰਘ, ਰਾਹੁਲ ਮਹਿਮੀ ਇੱਟਲੀ, ਜਸਕਰਨ ਜੱਸੂ, ਸੁਖਵਿੰਦਰ ਸਿੰਘ ਢਿੱਲੋਂ, ਦਵਿੰਦਰ ਨੀਨੂ, ਲਖਵੀਰ ਸਿੰਘ ਢਿੱਲੋਂ, ਜੋਤੀ ਦੁਬਾਈ, ਰਵਿੰਦਰ ਸਿੰਘ ਢਿੱਲੋਂ, ਦਸੋਦੀ ਰਾਮ, ਗੋਰਵ, ਅਰਸ਼, ਮਨਿੰਦਰ, ਸੁਰਿੰਦਰ ਲੱਬੀ, ਸਨੀ ਕੁਮਾਰ, ਸਾਹਿਲ, ਅਮ੍ਰਿਤਪਾਲ ਸਿੰਘ, ਪ੍ਰਭਜੋਤ ਸਿੰਘ, ਗੁਰਕਮਲ ਸਿੰਘ ਆਦਿ ਹਾਜ਼ਰ ਸਨ।

# ਪਿੰਡਾਂ 'ਚੋਂ ਨਸ਼ਿਆਂ ਨੂੰ ਲੋਕਾਂ ਦੇ ਸਹਿਯੋਗ ਨਾਲ ਹੀ ਖਤਮ ਕੀਤਾ ਜਾ ਸਕਦੈ : ਲਲਿਤ ਸਕਲਾਨੀ

**ਕਾਲਾ ਸੰਘਿਆਂ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਤੇ ਆਲਮਗੀਰ, ਬਨਵਾਲੀਪੁਰ ਵਿੱਚ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜਾਗਰੂਕ ਮੁਹਿੰਮ ਚਲਾਈ ਗਈ। ਥਾਣਾ ਸਦਰ ਦੇ ਐਡੀਸ਼ਨਲ ਐੱਸ ਐੱਚ ਓ ਨਿਰਵੈਰ ਸਿੰਘ, ਲਲਿਤ ਸਕਲਾਨੀ ਜ਼ਿਲ੍ਹਾ ਪ੍ਰਧਾਨ ਕਪੂਰਥਲਾ,ਗੁਰਪਾਲ ਸਿੰਘ ਇੰਡੀਅਨ ਸਾਬਕਾ ਇੰਪਰੂਵਮੈਂਟ,ਐਸ ਐਮ ਓ ਭੁਪਿੰਦਰਜੀਤ ਕੌਰ, ਸਤਨਾਮ ਸਿੰਘ ਸੰਘਾ ਬਲਾਕ ਪ੍ਰਧਾਨ, ਸੁਖਵਿੰਦਰ ਸਿੰਘ ਨੇਕੀ ਜੁਵਾਇੰਟ ਸਕੱਤਰ ਸਪੋਰਟਸ ਵਿੰਗ ਪੰਜਾਬੀ, ਕਸਬਾ ਕਾਲਾ ਸੰਘਿਆਂ ਦੇ ਸਰਪੰਚ ਮਨਿੰਦਰਪਾਲ ਸਿੰਘ ਮੰਨਾ, ਆਲਮਗੀਰ ਦੇ ਸਰਪੰਚ ਜਸਵਿੰਦਰ ਕੌਰ ਦੇ ਸਪੁੱਤਰ ਗੁਰਪ੍ਰੀਤ ਸਿੰਘ ਫੁੱਲ ਦੀ ਰਹਿਨੁਮਾਈ ਹੇਠ ਜਾਗਰੂਕ ਕੈਂਪ ਲਗਾਇਆ ਗਿਆ। ਇਸ ਮੌਕੇ ਉਕਤ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਨੂੰ ਪਿੰਡਾਂ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕੋਹੜ ਨੂੰ ਲੋਕਾਂ ਦੇ ਸਹਿਯੋਗ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਜੋ ਵੀ ਨਸ਼ਿਆਂ ਦੇ ਸੁਦਾਗਰ ਫ਼ੜੇ ਜਾਂਦੇ ਹਨ ਉਨ੍ਹਾਂ ਦੀਆਂ ਜਮਾਨਤਾਂ ਨਾ ਦਿਓ ਤੇ ਨਸ਼ਿਆਂ ਦੇ ਵਪਾਰੀਆਂ ਦੀ ਇਤਲਾਹ ਦਿਓ ਜਾਂ ਸਰਕਾਰ ਵੱਲੋਂ ਦਿੱਤੇ ਗਏ ਹੈਲਪ ਲਾਈਨ ਨੰਬਰ 'ਤੇ ਸੰਪਰਕ ਕਰੋ। ਇਸ ਮੌਕੇ ਪਰਮਜੀਤ ਸਿੰਘ ਬੱਸਣ, ਗੁਰਦਾਵਰ ਸਿੰਘ, ਬਾਬਾ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਤੋਂ ਇਲਾਵਾ ਦਲਵੀਰ ਸਿੰਘ ਰਾਣਾ ਬਲਾਕ ਪ੍ਰਧਾਨ ਸਨੜਵਾਲ, ਪਰਮਜੀਤ ਸਿੰਘ ਖਾਲਸਾ ਸੰਧੂ ਚੱਠਾ, ਗੁਰਦਾਵਰ ਸਿੰਘ ਜੱਲੋਵਾਲ, ਨਰਿੰਦਰ ਸਿੰਘ ਸੰਘਾ ਇੰਚਾਰਜ ਸੋਸ਼ਲ ਮੀਡੀਆ, ਬਲਕਾਰ ਸਿੰਘ ਲਾਲਕਾ ਪ੍ਰਧਾਨ ਵਿਮੁਕਤ ਜਾਤੀਆਂ,ਸਰਬਨ ਸਿੰਘ ਸੰਘਾ, ਡਾਕਟਰ ਸਰਬਜੀਤ ਸਿੰਘ, ਨਿਰਵੈਰ ਸਿੰਘ, ਰਵਿੰਦਰ ਜੱਸਲ, ਸੁਖਵੀਰ ਸਿੰਘ, ਕਮਲੇਸ਼ ਰਾਣੀ ਆਸਾ ਵਰਕਰ, ਸੁਰਿੰਦਰ ਕੌਰ ਏ ਐਨ ਐਮ , ਹਰਦੇਵ ਸਿੰਘ,ਡਾਕਟਰ ਬਲਰਾਮ ਸ਼ਰਮਾ, ਡਾਕਟਰ ਵੇਦ ਪ੍ਰਕਾਸ਼, ਡਾਕਟਰ ਗੁਰਨਾਮ ਸਿੰਘ, ਡਾਕਟਰ ਸੁਰਿੰਦਰ ਕੌਰ, ਹਰਵਿੰਦਰ ਸਿੰਘ ਸੰਘਾ, ਦਲਜੀਤ ਸਿੰਘ ਬਲਾਕ ਪ੍ਰਧਾਨ ਠੀਕਰੀਵਾਲ , ਦਲੀਪ ਸਿੰਘ ਸੰਘਾ, ਬਿੰਦਾ ਲੰਬੜ, ਬੀਬੀ ਜਸਵੰਤ ਕੌਰ, ਗੁਰਪ੍ਰੀਤ ਸਿੰਘ ਗੋਪੀ, ਜਤਿੰਦਰ ਸਿੰਘ ਪੀ ਏ, ਗੋਰਵ ਕੰਡਾ, ਰਿੰਕੂ ਤੋਂ ਇਲਾਵਾ ਦੋਆਬਾ ਮੈਡੀਕਲ ਪ੍ਰੈਕਟੀਸ਼ਨਰਜ਼ ਪ੍ਰਧਾਨ ਬਲੌਰ ਖ਼ਾਨ ,ਵਾਇਸ ਪ੍ਰਧਾਨ ਸੁਸ਼ੀਲ ਵਰਮਾ, ਬਲਕਾਰ ਸਿੰਘ ਲਾਲਕਾ ਸਾਬਕਾ ਪ੍ਰਧਾਨ, ਡਾਕਟਰ ਬਲਵੀਰ ਥਾਪਰ, ਡਾਕਟਰ ਸਤਪਾਲ ਸਿੰਘ ਸੰਧੂ ਚੱਠਾ, ਡਾਕਟਰ ਮਨੀਸ਼ ਸ਼ਰਮਾ ਵੀ ਮੌਕੇ 'ਤੇ ਹਾਜਰ ਸਨ।



# ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਦੀ ਸ੍ਰਿਸ਼ਟੀ ਨੇ 94.4 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ

**ਆਦਮਪੁਰ (ਪਰਮਜੀਤ ਸਿੰਘ)**- ਇੰਪੀਰੀਅਲ ਸਕੂਲ, ਗ੍ਰੀਨ ਕੈਂਪਸ ਨੇ 10ਵੀਂ ਜਮਾਤ ਦੇ ਪਹਿਲੇ ਹੀ ਬੈਚ ਵਿੱਚ 100% ਨਤੀਜੇ ਦੇ ਨਾਲ ਅਕਾਦਮਿਕ ਉੱਤਮਤਾ ਦਾ ਇੱਕ ਨਵਾਂ ਅਧਿਆਇ ਲਿਖਿਆ ਹੈ।ਸੀ.ਬੀ.ਐਸ. ਈ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਪ੍ਰੀਖਿਆ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਵਿਦਿਆਰਥਣ ਸ੍ਰਿਸ਼ਟੀ ਨੇ 94.4% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਦੇ ਨਾਲ, ਨੂਰ ਚੌਹਾਨ (91.8%), ਕਾਵਿਆ ਗੁਪਤਾ (91.6%) ਨੇ ਵੀ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ।ਹੋਣਹਾਰ ਵਿਦਿਆਰਥੀਆਂ ਓਜਸਵ ਯਾਦਵ, ਧਰੁਵ ਭਾਟੀਆ, ਮੁਸਕਾਨ ਗੁਪਤਾ, ਹਰਸ਼ੀਲ ਠਾਕੁਰ, ਜਸਮੀਤ ਕੌਰ, ਕਸ਼ਿਸ਼ ਚੌਧਰੀ, ਪਵਕੀ ਗੁਪਤਾ, ਅਰਮਾਨ ਪਸਰੀਚਾ, ਜਾਹਨਵੀ, ਆਦਿਤਿਆ ਸ਼ਰਮਾ ਨੇ ਵੀ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ।ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਵਿੰਦਰ ਕੌਰ ਮੱਲੀ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਠਾਕੁਰ, ਚੇਅਰਮੈਨ ਜਗਦੀਸ਼ ਲਾਲ ਅਤੇ ਡਾਇਰੈਕਟਰ ਜਗਮੋਹਨ ਅਰੋੜਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।




# ਜਲ ਸਪਲਾਈ ਸਕੀਮਾਂ ਦੇ ਪੰਚਾਇਤੀਕਰਨ ਖਿਲਾਫ਼ ਰੈਲੀ 28 ਨੂੰ : ਅਮਰਜੀਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੀ.ਡਬਲਿਊ. ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਹੁਸ਼ਿਆਰਪੁਰ ਦੀ ਮੀਟਿੰਗ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ 28 ਮਈ ਨੂੰ ਜਥੇਬੰਦੀ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਨਿਗਰਾਨ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ ਹੁਸ਼ਿਆਰਪੁਰ ਦੇ ਦਫ਼ਤਰ ਅੱਗੇ ਜਲ ਸਪਲਾਈ ਸਕੀਮਾਂ ਦੇ ਪੰਚਾਇਤੀ ਕਰਨ ਖਿਲਾਫ ਰੋਸ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ। ਜੋਨ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲ ਸਪਲਾਈ ਸਕੀਮਾਂ ਦੇ ਪੰਚਾਇਤੀ ਕਰਨ ਦੀ ਆੜ ਹੇਠ ਨਿਜੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਨਾਲ ਆਮ ਲੋਕਾਂ ਤੋਂ ਸਾਫ਼ ਪੀਣ ਵਾਲੇ ਪਾਣੀ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ ਜਲ ਸਪਲਾਈ ਵਿਭਾਗ ਦੇ ਨਿਜੀਕਰਣ ਹੋਣ ਨਾਲ ਸਾਫ਼ ਪੀਣ ਵਾਲਾ ਪਾਣੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ। ਇੱਕ ਪਾਸੇ ਤਾਂ ਸਰਕਾਰ ਵੱਖ ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਕਰੀਆਂ ਦੇਣ ਦੇ ਦਮਗਜ਼ੇ ਮਾਰਦੀ ਹੈ ਤੇ ਦੂਜੇ ਪਾਸੇ ਜਲ ਸਪਲਾਈ ਸਕੀਮਾਂ ਤੇ 15-15 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੰਮ ਕਰ ਰਹੇ ਠੇਕਾ ਮੁਲਾਜ਼ਮਾਂ ਨੂੰ ਪੰਚਾਇਤੀਕਰਨ/ਨਿਜੀਕਰਣ ਦੇ ਨਾਂ ਤੇ ਕੱਢਣ ਦੀ ਤਿਆਰੀ ਕਰ ਰਹੀ ਹੈ।ਜੋਨ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ , ਰਾਜੀਵ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪਹਿਲਾਂ ਪੰਚਾਇਤਾਂ ਨੂੰ ਦਿੱਤੀਆਂ 85% ਤੋਂ ਵੱਧ ਸਕੀਮਾਂ ਬੰਦ ਪਈਆਂ ਹਨ ਤੇ ਜਾਂ ਉਹਨਾਂ ਦੀ ਹਾਲਤ ਬਹੁਤ ਤਰਸਯੋਗ ਹੈ ਕਿਉਂਕਿ ਜ਼ਿਆਦਾਤਰ ਪੰਚਾਇਤਾ ਕੋਲ ਕੋਈ ਵੀ ਵਿੱਤੀ ਸਾਧਨ ਅਤੇ ਜਲ ਸਪਲਾਈ ਸਕੀਮਾ ਨੂੰ ਚਲਾਉਣ ਦਾ ਕੋਈ ਵੀ ਤਜ਼ਰਬਾ ਨਹੀਂ ਹੈ ਇਸ ਲਈ ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਕਰਨਾ ਬੰਦ ਕੀਤਾ ਜਾਵੇ। ਜਲ ਸਪਲਾਈ ਸਕੀਮਾਂ 'ਤੇ ਨਵੀਂ ਭਰਤੀ ਕੀਤੀ ਜਾਵੇ,ਠੇਕੇ 'ਤੇ ਕੰਮ ਕਰ ਰਹੇ ਕਾਮਿਆਂ ਨੂੰ ਵਿਭਾਗ ਵਿੱਚ ਲੈ ਕੇ ਪੱਕੇ ਕੀਤਾ ਜਾਵੇ, ਇਨਲਿਸਟਮੈਂਟ ਅਤੇ ਆਊਟਸੋਰਸਿੰਗ ਤੇ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਵਾਧਾ ਕੀਤਾ ਜਾਵੇ ਅਤੇ ਦਫ਼ਤਰੀ ਕਾਮਿਆਂ ਨੂੰ ਘੱਟੋ ਘੱਟ ਤੀਹ ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ, ਫੀਲਡ ਵਿੱਚ ਕੰਮ ਕਰਦੇ ਦਰਜ਼ਾ ਤਿੰਨ ਅਤੇ ਚਾਰ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾ ਕੀਤੀਆਂ ਜਾਣ, 1-1-2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਅਤੇ ਕਮਾਈ ਛੁੱਟੀ, ਪਾਸਪੋਰਟ ਬਣਾਉਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਅਤੇ ਫੀਲਡ ਮੁਲਾਜ਼ਮਾਂ ਦੀਆਂ ਬਦਲੀਆਂ ਦੇ ਅਧਿਕਾਰ ਮੰਡਲ ਦਫ਼ਤਰ ਨੂੰ ਦਿੱਤੇ ਜਾਣ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਕਰਨਾ ਬੰਦ ਨਹੀਂ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਫੀਲਡ ਕਾਮਾ ਜਲ ਸਪਲਾਈ ਮੰਤਰੀ ਦੇ ਹਲਕੇ ਵਿੱਚ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗਾ। ਮੀਟਿੰਗ ਵਿੱਚ ਜਸਵੀਰ ਸਿੰਘ, ਸ਼ਾਂਤੀ ਸਰੂਪ, ਸ਼ਾਮ ਸਿੰਘ, ਅਜੇ ਕੁਮਾਰ, ਬਲਵੰਤ ਸਿੰਘ, ਰਕੇਸ਼ ਕੁਮਾਰ ਮਹਿਲਾਂਵਾਲੀ, ਗੁਰਨਾਮ ਚੰਦ ਲਕਸੀਹ, ਹਰਕੇਸ਼ ਕੁਮਾਰ, ਜਗਦੀਸ਼ ਲਾਲ, ਸਤੀਸ਼ ਕੁਮਾਰ ਸ਼ਾਮਲ ਸਨ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦਾ ਨਤੀਜਾ ਰਿਹਾ ਸ਼ਾਨਦਾਰ



**ਫਿਲੌਰ (ਨਿਰਮਲ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ, ਫਿਲੌਰ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਕੁੜੀਆਂ ਨੇ ਆਪਣੀ ਹੋਣਹਾਰ ਕਾਰਗੁਜ਼ਾਰੀ ਦਾ ਪ੍ਰਮਾਣ ਦਿੰਦੇ ਹੋਏ ਸਾਰੀ ਤਹਿਸੀਲ ਵਿਚ ਸਕੂਲ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੇ 100% ਨਤੀਜੇ 'ਤੇ ਮਾਣ ਮਹਿਸੂਸ ਕਰਦਿਆਂ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੁਸ਼ੀਲਾ ਕੁਮਾਰੀ ਨੇ ਦਸਿਆ ਕਿ ਸਕੂਲ ਵਿਚ ਪਹਿਲੇ ਸਥਾਨ ਤੇ ਤਨੀਸ਼ਾ ਮਹਿਮੀ ਸਪੁੱਤਰੀ ਬਲਜਿੰਦਰ ਲਾਲ ਨੇ 95.3% ਅੰਕ ਲਏ ਹਨ। ਦੂਜੇ ਸਥਾਨ ਤੇ ਸੁੱਖਵਿੰਦਰ ਕੌਰ ਸਪੁੱਤਰੀ ਸਵ:ਜਸਪਾਲ ਨੇਹ 93.3% ਅੰਕ ਪ੍ਰਾਪਤ ਕੀਤੇ। ਤੀਸਰੇ ਸਥਾਨ ਤੇ ਤਮੰਨਾ ਸਪੁੱਤਰੀ ਜਗਦੀਸ਼ ਨੇ 92.7% ਅੰਕ ਲੈ ਕੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਮੈਥ ਲੈਕਚਰਾਰ ਹਰੀ ਕ੍ਰਿਸ਼ਨ ਨੇ ਦਸਿਆ ਕਿ ਸਕੂਲ ਵਿਚ 90% ਤੋਂ ਉੱਪਰ ਕੁਲ 7 ਕੁੜੀਆਂ ਨੇ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਇਸ ਖੁਸ਼ੀ ਦੇ ਮੌਕੇ ਤੇ ਲੈਕਚਰਾਰ ਸਰਬਜੀਤ, ਮੈਡਮ ਪੂਨਮ ਮਨੋਹਰ ਲਾਲ, ਲੈਕਚਰਾਰ ਰਣਵੀਰ ਪਰਮਾਰ, ਨਈਅਰ, ਮੈਡਮ ਮਨਦੀਪ ਕੌਰ ਨੇ ਬੱਚਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਨਿਰੰਤਰ ਅੱਗੇ ਵੱਧਣ ਲਈ ਕੋਸ਼ਿਸ਼ ਜਾਰੀ ਰੱਖਣ ਦੀ ਗੱਲ ਆਖੀ। ਸਕੂਲ ਦੇ ਸਾਰੇ ਹੀ ਅਧਿਆਪਕਾਂ ਨੇ ਬੱਚਿਆਂ ਨੂੰ ਜਿੰਦਗੀ ਵਿੱਚ ਸਫ਼ਲਤਾ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਰਵਨੀਤ, ਅਨੀਤਾ, ਸੰਦੀਪ, ਦਲਜੀਤ, ਪਿੰਕੀ, ਗੀਤਿਕਾ, ਨੀਲਮ, ਰਜੀਆ, ਜਸਵੀਰ ਮੈਡਮ ਸਿੰਘ, ਰਵਿੰਦਰ ਵਰਤਿਆਲ, ਨੇਹਾ ਭਗਤ, ਨਿਸ਼ਾ ਭਗਤ, ਗੁਰਬਖਸ਼ ਕੌਰ,ਸਿੰਮੀ ਰਾਣੀ, ਸੁਨੀਤਾ ਥਾਪਰ, ਰੰਜਨਾ, ਪ੍ਰਵੀਨ,ਸਰਬਜੀਤ ਕੌਰ ਅਤੇ ਸਮੂਹ ਸਟਾਫ਼ ਹਾਜਰ ਸਨ।

# ਗੁਰੂ ਹਰਕ੍ਰਿਸ਼ਨ ਸਕੂਲ ਦੇ ਵਿਦਿਆਰਥੀਆਂ ਧਾਰਮਿਕ ਪ੍ਰੀਖਿਆ 'ਚ ਮਾਰੀਆਂ ਮੱਲਾਂ



**ਸੁਲਤਾਨਪੁਰ ਲੋਧੀ (ਹਨੀ)** ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਨੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਕਰਵਾਈ ਜਾਂਦੀ ਸਲਾਨਾ ਧਾਰਮਿਕ ਪ੍ਰੀਖਿਆ ਵਿੱਚ ਵੱਡੀ ਗਿਣਤੀ 'ਚ ਭਾਗ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਚੌਥੀ ਤੋਂ ਅੱਠਵੀਂ ਜਮਾਤ ਦੇ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿਚ ਵਿਦਿਆਰਥੀ ਕੁਲਪ੍ਰੀਤ ਸਿੰਘ, ਰਣਜੋਤ ਸਿੰਘ, ਪ੍ਰਭਜੋਤ ਕੌਰ, ਸਿਮਰਨਜੋਤ ਕੌਰ ਅਤੇ ਗੁਰਮਨ ਸਿੰਘ ਮੈਰਿਟ ਲਿਸਟ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਿੱਚ ਸਫਲ ਰਹੇ, ਜਦਕਿ ਬਾਕੀ ਵਿਦਿਆਰਥੀਆਂ ਦਾ ਨਤੀਜਾ ਵੀ ਸ਼ਾਨਦਾਰ ਰਿਹਾ।ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਮੈਰਿਟ ਲਿਸਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਦੇ ਪ੍ਰਬੰਧਕਾਂ ਅਤੇ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦੁਆਰਾ ਸਰਟੀਫਿਕੇਟ ਤੇ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਸਕੂਲ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਧਾਰਮਿਕ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ।

## ਬਲੱਡ ਡੋਨਰਸ ਕਲੱਬ ਦੀ ਹੋਈ ਸਾਲਾਨਾ ਮੀਟਿੰਗ



**ਮਹਿਤਪੁਰ (ਰਾਜਾ)** ਬਲੱਡ ਡੋਨਰਸ ਕਲੱਬ ਮਹਿਤਪੁਰ ਦੀ ਸਾਲਾਨਾ ਮੀਟਿੰਗ ਨਕੋਦਰ ਵਿਖੇ ਹੋਈ । ਜਿਸ ਵਿੱਚ ਕਲੱਬ ਵਲੋਂ ਕੀਤੀਆਂ ਗਈਆਂ ਸਰਗਰਮੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਕਲੱਬ ਵਲੋਂ ਪਿਛਲੇ ਇਕ ਸਾਲ ਵਿਚ 15 ਖ਼ੂਨਦਾਨ ਕੈਂਪ ਮਹਿਤਪੁਰ, ਨਕੋਦਰ, ਕੋਟ ਬਾਦਲ ਖਾਂ, ਨੂਰਮਹਿਲ, ਸ਼ਾਹਕੋਟ ਅਤੇ ਬੀਟਲ ਝੁੱਗੀਆਂ ਵਿਚ ਲਗਾਏ ਗਏ। ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਅਤੇ ਸਲਾਨਾ ਨਾਟਕ ਮੇਲਾ ਮਹਿਤਪੁਰ ਵਿਚ 13 ਅਪ੍ਰੈਲ ਨੂੰ ਕਰਵਾਇਆ ਗਿਆ। ਤਰਕਸ਼ੀਲ ਸੋਚ ਦੇ ਪ੍ਰਚਾਰ ਲਈ ਸਰਕਾਰੀ ਸਕੂਲ - ਮਹਿਸਮਪੁਰ, ਰਾਏਪੁਰ ਗੁਜਰਾਂ, ਹੇਰਾਂ ਅਤੇ ਸਿੰਘ ਪੁਰ ਵਿਚ ਪ੍ਰੋਗਰਾਮ ਕੀਤੇ ਗਏ ਅਤੇ ਬੂਟੇ ਵੰਡੇ ਗਏ। ਸਕੂਲਾਂ ਵਿੱਚ ਬੱਚਿਆਂ ਨੂੰ ਬੂਟ, ਜੁਰਾਬਾਂ, ਕਾਪੀਆਂ ਅਤੇ ਸਟੇਸ਼ਨਰੀ ਵੰਡੀ ਗਈ। ਸਾਰੇ ਮੈਂਬਰਾਂ ਨੇ ਕਲੱਬ ਦੀਆਂ ਸਰਗਰਮੀਆਂ ਦੀ ਸਰਾਹਨਾ ਕੀਤੀ ਅਤੇ ਭਵਿੱਖ ਵਿੱਚ ਸਮਾਜ ਸੇਵਾ ਦੇ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਵਿਚਾਰ ਵਟਾਂਦਰਾ ਕੀਤਾ।ਮੀਟਿੰਗ ਦੌਰਾਨ ਬਲਦੇਵ ਸਿੰਘ, ਭਗਵਾਨ ਸਿੰਘ ਮਠਾੜੂ, ਗੁਰਨਾਮ ਸਿੰਘ ਮਹਿਸਮਪੁਰੀ, ਡਾਕਟਰ ਤਰਲੋਚਨ ਸਿੰਘ ਤੇਜੀ, ਸੁਰਿੰਦਰ ਪਾਲ ਸਿੰਘ ਨਕੋਦਰ, ਐਡਵੋਕੇਟ ਬਲਦੇਵ ਸਿੰਘ ਸੋਹਲ, ਅਮਨ ਬੱਲੀ ਪ੍ਰਿੰਟਿੰਗ ਪ੍ਰੈਸ, ਨਿਰਵੈਰ ਸਿੰਘ ਥਿੰਦ, ਗੁਰਪ੍ਰੀਤ ਸਿੰਘ ਖਾਲਸਾ, ਕੁਲਦੀਪ ਸਿੰਘ ਚੰਦੀ, ਹਰਜਿੰਦਰ ਸਿੰਘ ਭੋਲਾ, ਹਰਜਿੰਦਰ ਸਿੰਘ ਸਮੈਲਪੁਰ , ਹਰਪਾਲ ਸਿੰਘ ਅਤੇ ਸਤਨਾਮ ਸਿੰਘ ਬਹੋੜੂ ਹਾਜ਼ਰ ਸਨ।

## ਏ ਆਈ ਕੈਮਰਿਆਂ ਨਾਲ ਜੇਲ੍ਹਾਂ 'ਚ ਸੁਰੱਖਿਆ ਪ੍ਰਬੰਧ ਹੋਣਗੇ ਹੋਰ ਮਜ਼ਬੂਤ : ਭੁੱਲਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੀ ਮਾਨ ਸਰਕਾਰ ਨੇ ਵੱਡਾ ਕਦਮ ਚੁੱਕਦਿਆਂ ਪੰਜਾਬ ਦੀਆਂ ਜੇਲ੍ਹਾਂ ਦਾ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਬਣਾਉਣ ਲਈ, ਜੇਲ੍ਹਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਅਧਾਰਿਤ ਅਤਿ-ਆਧੁਨਿਕ ਕੈਮਰੇ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਕਦਮ ਨਾਲ ਸੂਬੇ ਦੀਆਂ ਜੇਲ੍ਹਾਂ ਵਿੱਚ ਨਸ਼ਾ ਅਤੇ ਮੋਬਾਈਲ ਫੋਨਾਂ ਦੀ ਗੈਰ-ਕਾਨੂੰਨੀ ਵਰਤੋਂ ਸਮੇਤ ਵਿਭਿੰਨ ਗਤੀਵਿਧੀਆਂ 'ਤੇ 24 ਘੰਟੇ ਨਿਗਰਾਨੀ ਰੱਖੀ ਜਾ ਸਕੇਗੀ।ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਰੂਪਨਗਰ ਅਤੇ ਕਪੂਰਥਲਾ ਦੀਆਂ ਸੈਂਟਰਲ ਜੇਲ੍ਹਾਂ ਦਾ ਅਚਨਚੇਤ ਨਿਰੀਖਣ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀਆਂ ਜੇਲਾਂ 'ਚ ਮੋਬਾਈਲ ਫ਼ੋਨਾਂ ਦੀ ਗ਼ੈਰ-ਕਾਨੂੰਨੀ ਵਰਤੋਂ ਅਤੇ ਅਪਰਾਧੀ ਤੱਤਾਂ ਦੀਆਂ ਨਾਪਾਕ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੀ ਹੈ ਅਤੇ ਪੰਜਾਬ ਦੀਆਂ ਜੇਲ੍ਹਾਂ ਨੂੰ ਨਵੀਨਤਮ ਸੁਰੱਖਿਆ ਉਪਕਰਣਾਂ ਨਾਲ ਲੈਸ ਕੀਤਾ ਜਾ ਰਿਹਾ ਹੈ।ਜੇਲ੍ਹ ਮੰਤਰੀ ਨੇ ਜੇਲ੍ਹ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਪੂਰੀ ਮੁਸਤੈਦੀ ਨਾਲ ਕਰਨ ਦੀ ਹਦਾਇਤ ਦਿੰਦਿਆਂ ਕਿਹਾ ਕਿ ਜੇਕਰ ਕੋਈ ਸਰਕਾਰੀ ਮੁਲਾਜ਼ਮ ਜਾਂ ਕੈਦੀ ਜੇਲ੍ਹ ਵਿੱਚ ਨਸ਼ਾ ਕਰਦਾ ਜਾਂ ਨਸ਼ਾ ਸਪਲਾਈ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜੇਲ੍ਹ ਵਿੱਚ ਨਸ਼ੇ, ਮੋਬਾਈਲ ਫੋਨਾਂ ਅਤੇ ਹੋਰ ਕੋਈ ਵੀ ਇਤਰਾਜ਼ਯੋਗ ਸਮੱਗਰੀ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਦੀ ਹਦਾਇਤ ਦਿੰਦਿਆਂ ਉਨ੍ਹਾਂ ਕਿਹਾ ਕਿ ਡਿਊਟੀ 'ਚ ਕੁਤਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਸੂਬੇ



ਦੀਆਂ ਜੇਲ੍ਹਾਂ ਵਿੱਚੋਂ ਅਪਰਾਧਿਕ ਗਤੀਵਿਧੀਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਭੁੱਲਰ ਨੇ ਕਿਹਾ ਕਿ ਛੇਤੀ ਹੀ ਸੂਬੇ ਦੀਆਂ ਸਮੁੱਚੀਆਂ ਜੇਲ੍ਹਾਂ ਵਿੱਚ ਜੈਮਰ ਲਗਾਏ ਜਾ ਰਹੇ ਹਨ, ਇਸ ਸਬੰਧੀ ਮੁੱਖ ਮੰਤਰੀ ਦੀ ਪ੍ਰਵਾਨਗੀ ਮਿਲਣ ਮਗਰੋਂ ਸਮੁੱਚੀ ਪ੍ਰਕਿਰਿਆ ਮੁਕੰਮਲ ਕੀਤੀ ਜਾ ਰਹੀ ਹੈ।ਮੰਤਰੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਸ਼ਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀ ਸੰਗਰੂਰ ਜੇਲ ਦੇ ਵਿੱਚ ਵੀ ਜਿਹੜੇ ਅਧਿਕਾਰੀ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਸਨ, ਉਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਸੂਬੇ ਦੇ ਸਮੁੱਚੇ ਜੇਲ੍ਹ ਅਮਲੇ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣੀ ਯਕੀਨੀ ਬਣਾਉਣ ਲਈ ਕਿਹਾ।ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਸੁਧਾਰ ਕੇ ਚੰਗੇ ਨਾਗਰਿਕ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੈਦੀਆਂ ਨੂੰ ਸਮਾਜ ਵਿੱਚ ਉਸਾਰੂ ਨਾਗਰਿਕ ਵਜੋਂ ਮੁੜ ਜੋੜਨ ਲਈ ਵੀ ਵਚਨਬੱਧ ਹੈ। ਇਸ ਦੌਰਾਨ ਉਨ੍ਹਾਂ ਜੇਲ੍ਹ ਦੀ ਵਿਸਤਾਰ ਪੂਰਵਕ ਚੈਕਿੰਗ ਕਰਦਿਆਂ ਕੈਦੀਆਂ ਦੀਆਂ ਦਰਪੇਸ਼ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਤੋਂ ਜੇਲ੍ਹ ਹਸਪਤਾਲ ਵਿੱਚ ਮਿਲ ਰਹੀਆਂ ਸਿਹਤ ਸਹੂਲਤਾਂ, ਦਿੱਤੇ ਜਾ ਰਹੇ ਖਾਣੇ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਭੁੱਲਰ ਨੇ ਕੈਦੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਉਨ੍ਹਾਂ ਕੈਦੀਆਂ ਵੱਲੋਂ ਕਪੂਰਥਲਾ ਜੇਲ੍ਹ ਫੈਕਟਰੀ 'ਚ ਤਿਆਰ ਕੀਤਾ ਸਮਾਨ ਵੀ ਵੇਖਿਆ ਅਤੇ ਜੇਲ੍ਹ 'ਚ ਤਿਆਰ ਕੀਤੇ ਸਪੋਰਟਸ ਸਟੇਡੀਅਮ ਦਾ ਉਦਘਾਟਨ ਵੀ ਕੀਤਾ।

## ਨਸ਼ੀਲੇ ਪਦਾਰਥ ਦੀ ਤਸਕਰੀ ਨਾਲ ਨਜਿੱਠਣ ਲਈ ਹਰਿਆਣਾ ਦਾ ਬਹੁ-ਪੱਖੀ ਦ੍ਰਿਸ਼ਟੀਕੋਣ

**ਚੰਡੀਗੜ੍ਹ (ਕ੍ਰਿਸ਼ਨ ਗਰਗ)**— ਹਰਿਆਣਾ ਦੇ ਗ੍ਰਿਹ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਰਾਜ ਨੇ ਨਸ਼ੀਲੇ ਪਦਾਰਥ ਦੀ ਤਸਕਰੀ ਅਤੇ ਨਸ਼ੀਲੇ ਪਦਾਰਥਾਂ ਦੇ ਗਲਤ ਵਰਤੋ ਖਿਲਾਫ ਨਿਰਨਾਇਕ ਲੜਾਈ ਵਿੱਚ ਕਾਨੂੰਨ ਬਦਲਣ, ਪਬਲਿਕ ਸਿਹਤ, ਸਿਖਿਆ ਅਤੇ ਕਮਿਉਨਿਟੀ ਅਗਵਾਈ ਨੂੰ ਏਕੀਕ੍ਰਿਤ ਕਰਦੇ ਹੋਏ ਇੱਕ ਵਿਆਪਕ ਸਰਕਾਰੀ ਰਣਨੀਤੀ ਅਪਣਾਈ ਹੈ। ਉਨ੍ਹਾਂ ਨੇ ਕਿਹਾ ਕਿ, ਸਾਡਾ ਟੀਚਾ ਸਿਰਫ ਜਬਤੀ ਅਤੇ ਗਿਰਫਤਾਰੀ ਨਹੀਂ ਹੈ, ਸਗੋ ਪ੍ਰਣਾਲੀਗਤ ਰੋਕਥਾਮ ਅਤੇ ਲੰਬੇ ਸਮੇਂ ਲਈ ਪੁਨਰਵਾਸ ਹੈ। ਕੇਂਦਰੀ ਗ੍ਰਿਹ ਸਕੱਤਰ ਦੀ ਅਗਵਾਈ ਹੇਠ ਐਨਸੀਓਆਰਡੀ (ਡਰੱਗ ਕਾਨੂੰਨ ਏਨਫੋਰਸਮੈਂਅ ਲਈ ਕੌਮੀ ਤਾਲਮੇਲ ਤੰਤਰ) ਦੀ 8ਵੀਂ ਸਿਖਰ ਕਮੇਟੀ ਦੀ ਮੀਟਿੰਗ ਵਿੱਚ ਹਿੱਸਾ ਲੈਂਦੇ ਹੋਏ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ ਹਰਿਆਣਾ ਸਰਕਾਰ ਨੇ ਹਾਲ ਹੀ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਇੱਕ ਵਿਆਪਕ ਨਸ਼ਾ ਵਿਰੋਧੀ ਮੁਹਿੰਮ ਡਰੱਗ-ਫਰੀ ਹਰਿਆਣਾ ਸਾਈਕਲੋਥਾਨ 2.0 ਸ਼ੁਰੂ ਕੀਤਾ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ ਹਰਿਆਣਾ ਸਰਕਾਰ ਨੇ ਅੰਬਾਲਾ, ਹਿਸਾਰ, ਕੈਥਲ, ਕਰਨਾਲ, ਕੁਰੂਕਸ਼ੇਤਰ, ਸਿਰਸਾ, ਫਤਿਹਾਬਾਦ ਅਤੇ ਪਾਣੀਪਤ ਜਿਲ੍ਹਿਆਂ ਵਿੱਚ ਅੱਠ ਵਿਸ਼ੇਸ਼ ਫਾਸਟ ਟ੍ਰੈਕ ਨਾਰਕੋਟਿਕਸ ਡਰੱਗਸ ਐਂਡ ਸਾਈਕੋਟ੍ਰੋਪਿਕ ਸਬਸਟੇਂਸ (ਐਨਡੀਪੀਐਸ) ਵਿਸ਼ੇਸ਼ ਅਦਾਲਤਾਂ ਵੀ ਸਥਾਪਿਤ ਕੀਤੀਆਂ ਹਨ। ਡਾ. ਸੁਮਿਤਾ ਮਿਸ਼ਰਾ ਨੇ ਅੱਗੇ ਦਸਿਆ ਕਿ ਹਰਿਆਣਾ ਆਪਣੀ ਰਾਜ ਫੋਰੇਂਸਿਕ ਵਿਗਿਆਨ ਲੈਬ ਨੂੰ ਬਿਹਤਰ ਬਣਾ ਰਿਹਾ ਹੈ ਤਾਂ ਜੋ ਸਿੰਥੇਟਿਕ ਦਵਾਈਆਂ ਦਾ ਬਿਹਤਰ ਢੰਗ ਨਾਲ ਪਤਾ ਲਗਾਇਆ ਜਾ ਸਕੇ ਅਤੇ ਉਨ੍ਹਾਂ ਦਾ ਵਿਸ਼ਲੇਸ਼ਨ ਕੀਤਾ ਜਾ ਸਕੇ ਅਤੇ ਇਨਫੋਰਸਮੈਂਟ ਏਜੰਸੀਆਂ ਨੂੰ ਪਹਿਲਾਂ ਤੋਂ ਹੀ ਅਲਰਟ ਜਾਰੀ ਕੀਤਾ ਜਾ ਸਕੇ। ਸਿੰਥੇਟਿਕ ਦਵਾਈਆਂ ਦੀ ਜਬਤੀ ਨੂੰ ਤੁਰੰਤ ਧਿਆਨ ਦੇਣ ਲਈ ਚੋਣ ਕੀਤਾ ਜਾਂਦਾ ਹੈ, ਅਤੇ ਸੰਗਠਿਤ ਡਰੱਗ ਤਸਕਰੀ ਨੈਟਵਰਕ ਨੂੰ ਖਤਮ ਕਰਨ ਲਈ ਰਾਜ ਦੀ ਬਹੁ-ਪੱਧਰੀ ਰਣਨੀਤੀ ਦੇ ਹਿੱਸ ਵਜੋ ਸਰਗਰਮ ਅਲਰਟ ਜਾਰੀ ਕੀਤੇ ਜਾਂਦੇ ਹਨ।

## ਐੱਸ ਐੱਫ ਐੱਚ ਮਾਡਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਵਿੱਚ ਦਸਵੀਂ ਕਲਾਸ ਦੇ ਐਲਾਨੇ ਨਤੀਜੇ ਵਿਚ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100% ਸ਼ਾਨਦਾਰ ਰਿਹਾ ਹੈ। ਪ੍ਰਿੰਸੀਪਲ ਇੰਦਰਜੀਤ ਮਾਹੀ ਨੇ ਕਿਹਾ ਸਾਰੇ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਕੁਲੀਕਾ ਨੇ 613 ਨੰਬਰ ਲੈ ਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਸੁਰੰਸੀ ਨੇ 583 ਨੰਬਰ ਲੈ ਕੇ ਦੂਜਾ ਅਤੇ ਸੁਖਮਨੀ 560 ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਲਾਸ ਦੇ ਬਾਕੀ 78 ਵਿਦਿਆਰਥੀ ਚੰਗੇ ਨੰਬਰ ਲੈਣ ਵਿੱਚ ਕਾਮਯਾਬ ਹੋਏ। ਉਨ੍ਹਾਂ ਸਮੂਹ ਸਟਾਫ ਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਕਮੇਟੀ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਨੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।



## ਪੈਨਸ਼ਨਰਜ਼ ਨੂੰ ਅਪ੍ਰੈਲ ਤੋਂ ਪਹਿਲੀ ਕਿਸ਼ਤ ਜਾਰੀ ਨਹੀਂ ਕੀਤੀ ਗਈ : ਅਟਵਾਲ



**ਨਵਾਂਸ਼ਹਿਰ (ਮਨੋਜ ਲਾਡੀ)**— ਪੈਨਸ਼ਨਰਜ਼ ਐਸੋਸੀਏਸ਼ਨ ਪੰ:ਰਾ:ਪਾ:ਕਾਰ:ਲਿਮ:ਸਰਕਲ ਨਵਾਂਸ਼ਹਿਰ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ ਦੀ ਅਗਵਾਈ ਵਿਚ ਕੀਤੀ ਗਈ, ਜਿਸ ਵਿਚ ਸਰਕਲ ਨਵਾਂਸ਼ਹਿਰ ਅਧੀਨ ਆਉਂਦੀਆਂ ਗੁਰਾਇਆਂ,ਬੰਗਾ,ਨਵਾਂਸ਼ਹਿਰ ਅਤੇ ਗੜ੍ਹਸ਼ੰਕਰ ਡਵੀਜ਼ਨਾਂ ਤੋਂ ਵਰਕਿੰਗ ਕਮੇਟੀ ਅਹੁਦੇਦਾਰਾਂ ਨੇ ਭਾਗ ਲਿਆ। ਮੀਟਿੰਗ ਵਿੱਚ ਸ਼ਾਮਿਲ ਮੈਂਬਰਾਂ ਨੇ ਪਾਵਰਕਾਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਅਪ੍ਰੈਲ 2025 ਤੋਂ ਏਰੀਅਰ ਦੀ ਪਹਿਲੀ ਕਿਸ਼ਤ ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ ਅਤੇ ਪੰਜਾਬ ਸਰਕਾਰ ਨੇ ਆਪਣੇ ਪੈਨਸ਼ਨਰ ਨੂੰ ਅਪ੍ਰੈਲ 2025 ਤੋਂ ਪਹਿਲੀ ਕਿਸ਼ਤ ਦੇਣੀ ਸ਼ੁਰੂ ਵੀ ਕਰ ਦਿੱਤੀ ਗਈ ਹੈ।ਪ੍ਰੰਤੂ ਪਾਵਰਕਾਮ ਮੈਨੇਜਮੈਂਟ ਵਲੋਂ ਕੁਝ ਇਕ ਨੂੰ ਛੱਡ ਕੇ ਆਪਣੇ ਬਾਕੀ ਪੈਨਸ਼ਨਰਜ਼ ਨੂੰ ਅਪ੍ਰੈਲ 2025 ਤੋਂ ਪਹਿਲੀ ਕਿਸ਼ਤ ਜਾਰੀ ਨਹੀਂ ਕੀਤੀ ਗਈ।ਜਿਸ ਕਾਰਨ ਪਾਵਰਕਾਮ ਦੇ ਪੈਨਸ਼ਨਰਜ਼ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਪਾਵਰਕਾਮ ਮੈਨੇਜਮੈਂਟ ਵੱਲੋਂ ਪਹਿਲੀ ਕਿਸ਼ਤ ਹੀ ਜਾਰੀ ਨਹੀਂ ਕੀਤੀ ਤਾਂ ਬਾਕੀ ਸਾਰੇ ਤਿੰਨ ਸਾਲ ਦੀਆਂ ਕਿਸ਼ਤਾਂ ਦਾ ਕੀ ਬਣੂ।ਜੇਕਰ ਪੈਨਸ਼ਨਰਜ਼ ਦੇ ਏਰੀਅਰ ਅਤੇ ਲੀਵ ਕੈਸ਼ਮੈਂਟ ਦਾ ਬਕਾਇਆ ਜਲਦ ਰਲੀਜ਼ ਨਾਂ ਕੀਤਾ ਤਾਂ ਪੈਨਸ਼ਨਰਜ਼ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੇ ਵਿਰੁੱਧ ਤਿੱਖਾ ਸ਼ੰਘਰਸ਼ ਵਿੱਢਣ ਲਈ ਮਜਬੂਰ ਹੋਣਗੇ।ਇਸ ਮੌਕੇ ਸਰਕਲ ਵਰਕਿੰਗ ਕਮੇਟੀ ਦੇ ਆਹੁਦੇਦਾਰ ਬਲਵੀਰ ਸਿੰਘ ਦੁਸਾਂਝ, ਨਰਿੰਦਰ ਮਹਿਤਾ ਨਵਾਂਸ਼ਹਿਰ, ਕੁਲਵਿੰਦਰ ਅਟਵਾਲ ਨਵਾਂਸ਼ਹਿਰ, ਬਲਵਿੰਦਰ ਗੁਰਾਇਆਂ, ਨਸੀਬ ਚੰਦ ਬੰਗਾ,ਅਸ਼ਵਨੀ ਕੁਮਾਰ ਗੜ੍ਹਸ਼ੰਕਰ, ਨਿਰੰਜਨ ਸਿੰਘ ਕੰਗਾਂ, ਵਿਜੇ ਕੁਮਾਰ ਨਵਾਂਸ਼ਹਿਰ, ਜਗਦੀਸ਼ ਬਲਾਚੌਰ,ਕੁਲਵਿੰਦਰ ਗੁਰਾਇਆਂ, ਮਲਕੀਤ ਮਢਾਲੀ, ਮਦਨ ਰਾਮਰਾਏਪੁਰ, ਰਾਮਲੁਭਾਇਆ ਲਧਾਣਾ, ਕਮਲਦੇਵ ਗੜ੍ਹਸ਼ੰਕਰ, ਅਮਰੀਕ ਭੂੰਗੀਆਂ, ਸੁਰਿੰਦਰ ਲਾਖਾ ਹਾਜਰ ਸਨ।

## ਵਾਟਰ ਸਪਲਾਈ ਸੈਨੀਟੇਸ਼ਨ ਦੇ ਐੱਚ ਓ ਡੀ ਵੱਲੋਂ ਜਾਰੀ ਪੱਤਰ ਵਾਪਸ ਲਿਆ ਜਾਵੇ : ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਮਨਜੀਤ ਕੌਂਡਲ ਨੇ ਸਖ਼ਤ ਸ਼ਬਦਾਂ ਵਿਚ ਮਹਿਕਮੇ ਦੇ ਐੱਚ ਓ ਡੀ ਵਲੋਂ ਜਾਰੀ ਪੱਤਰ ਦੀ ਨਿਖੇਧੀ ਕੀਤੀ। ਕੌਂਡਲ ਨੇ ਕਿਹਾ ਕਿ ਮਹਿਕਮੇ ਦੇ ਹੈਡ ਆਫਿਸ ਵੱਲੋਂ ਜਾਰੀ ਪੱਤਰ ਜਿਸ ਵਿੱਚ ਮਹਿਕਮੇ ਦੇ ਮੁਲਾਜ਼ਮਾਂ ਵੱਲੋਂ ਮਹਿਕਮੇ ਕੋਲੋਂ ਮਨਜ਼ੂਰੀ ਲੈ ਕੇ 7-8 ਸਾਲ ਪਹਿਲਾਂ ਪਾਸ ਕੀਤੇ ਡਿਪਲੋਮੇ ਨੂੰ ਅੱਜ ਗੈਰ ਕਾਨੂੰਨੀ ਡਿਪਲੋਮਾ ਸਾਬਤ ਕਰਨ ਲਈ ਮਹਿਕਮੇ ਦੇ ਨਿਗਰਾਨ ਇੰਜੀਨੀਅਰ ਨੂੰ ਡਿਪਲੋਮਾ ਪਾਸ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਨ ਲਈ ਪੱਤਰ ਜਾਰੀ ਕੀਤਾ ਜਾ ਗਿਆ ਹੈ ਜਿਹੜਾ ਕਿ ਹਰ ਪੱਖ ਤੋਂ ਧੱਕੇਸ਼ਾਹੀ ਦਾ ਸਬੂਤ ਹੈ । ਕੌਂਡਲ ਨੇ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਬਜਾਏ ਮੁਲਾਜ਼ਮਾਂ ਦੇ ਹੱਕ ਖੋਏ ਜਾ ਰਹੇ ਹਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਵੋਟਾਂ ਤੋਂ ਪਹਿਲਾਂ ਪੰਜਾਬ ਦੇ ਸਾਰੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਅੱਜ ਸਰਕਾਰ ਨੂੰ ਤਿੰਨ ਸਾਲ ਤੋਂ ਵੀ ਜਿਆਦਾ ਸਮਾਂ ਹੋਣ ਤੋਂ ਬਾਅਦ ਵੀ ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ ਦੇ 15-20 ਸਾਲ ਤੋਂ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ। ਇਸ ਦੇ ਉਲਟ ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ ਦੀਆਂ ਟੈਂਕੀਆਂ ਨੂੰ ਪੰਚਾਇਤਾਂ ਹਵਾਲੇ ਕਰਕੇ ਇਨ੍ਹਾਂ ਮੁਲਾਜ਼ਮਾਂ ਦੇ ਹੱਕਾਂ 'ਤੇ ਡੱਕਾ ਮਾਰਨ ਦੇ ਲੋਕ ਵਿਰੋਧੀ ਫੈਸਲੇ ਲਏ ਜਾ ਰਹੇ ਹਨ ਜਿਸ ਨਾਲ ਮੁਲਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜੇਕਰ ਇਸ ਤਰ੍ਹਾਂ ਦੇ ਮੁਲਾਜ਼ਮ ਵਿਰੋਧੀ ਫੈਸਲੇ ਵਾਪਿਸ ਨਾ ਲਏ ਤਾਂ ਜਲਦੀ ਹੀ ਸਰਕਾਰ ਖ਼ਿਲਾਫ਼ ਸ਼ੰਘਰਸ਼ ਦਾ ਬਿਗੁਲ ਵਜਾ ਦਿੱਤਾ ਜਾਵੇਗਾ।



## ਕੈਮਿਸਟਾਂ ਨੂੰ ਕੀਤਾ ਜਾ ਰਿਹੈ ਪ੍ਰੇਸ਼ਾਨ : ਧਾਲੀਵਾਲ

**ਫਗਵਾੜਾ (ਡਾ. ਰਮਨ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲਸ ਵਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਫਗਵਾੜਾ ਵਿਖੇ ਐਸ.ਪੀ. ਫਗਵਾੜਾ ਵਲੋਂ ਸਮੂਹ ਕੈਮਿਸਟਾਂ ਨੂੰ ਪਿਛਲੇ ਤਿੰਨ ਮਹੀਨੇ ਦੀ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਪੇਸ਼ ਕਰਨ ਸੰਬੰਧੀ ਜਾਰੀ ਕੀਤੇ ਨੋਟਿਸ ਨੂੰ ਸਰਾਸਰ ਗਲਤ ਦੱਸਦੇ ਹੋਏ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਠੱਲ੍ਹ ਪਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਨਸ਼ਿਆਂ ਵਿਰੁੱਧ ਯੁੱਧ ਦੀ ਸੱਚਾਈ ਜਦੋਂ ਮਜੀਠਾ 'ਚ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਰੂਪ ਵਿਚ ਸਾਹਮਣੇ ਆ ਚੁੱਕੀ ਹੈ। ਸਰਕਾਰ ਅਤੇ ਪੁਲਸ ਦੇ ਖੁਫੀਆ ਤੰਤਰ ਦਾ ਫਰਜ਼ ਹੁੰਦਾ ਹੈ ਕਿ ਜੇ ਕੋਈ ਨਸ਼ਾ ਵੇਚਦਾ ਹੈ, ਉਸਦੀ ਪਛਾਣ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਪਰ ਸਾਰੇ ਹੀ ਕੈਮਿਸਟਾਂ ਨੂੰ ਬਿਨਾਂ ਵਜ੍ਹਾ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਪੇਸ਼ ਕਰਨ ਲਈ ਮਜਬੂਰ ਕਰਨਾ ਸਰਾਸਰ ਜਿਆਦਤੀ ਹੈ। ਉਹਨਾਂ ਕਿਹਾ ਕਿ ਇਹ ਸਭ ਕੈਮਿਸਟਾਂ ਨੂੰ ਖੱਜਲ ਖੁਆਰ ਕਰਨ ਵਾਲੀ ਗੱਲ ਹੈ। ਜਿਹਨਾਂ ਕੈਮਿਸਟਾਂ ਦਾ ਡਰੱਗਜ਼ ਦੇ ਨਸ਼ੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਉਹਨਾਂ ਨੂੰ ਪਰੇਸ਼ਾਨ ਕਰਨਾ ਕਿੱਥੋਂ ਦੀ ਸਿਆਣਪ ਹੈ। ਧਾਲੀਵਾਲ ਨੇ ਕਿਹਾ ਕਿ ਮਜੀਠਾ 'ਚ ਪੁਲਸ ਅਤੇ ਸਰਕਾਰ ਦੀ ਹੋਈ ਫਜੀਹਤ 'ਤੇ ਪਰਦਾ ਪਾਉਣ ਲਈ ਲੋਕਾਂ ਦਾ ਧਿਆਨ ਵਟਾਇਆ ਜਾ ਰਿਹਾ ਹੈ। ਜਿਸ ਦੀ ਕਾਂਗਰਸ ਪਾਰਟੀ ਸਖ਼ਤ ਨਿਖੇਧੀ ਕਰਦੀ ਹੈ। ਉਹਨਾਂ ਕਿਹਾ ਕਿ ਕੈਮਿਸਟ ਵੀ ਜਿੰਮੇਵਾਰ ਸ਼ਹਿਰੀ ਹਨ, ਜੇਕਰ ਉਹਨਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਗਿਆ ਤਾਂ ਕਾਂਗਰਸ ਪਾਰਟੀ ਉਹਨਾਂ ਦੇ ਹੱਕ 'ਚ ਅੰਦੋਲਨ ਵੀ ਕਰੇਗੀ।

## ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਦਾ ਨਤੀਜਾ ਸ਼ਾਨਦਾਰ ਰਿਹਾ

**ਬਲਾਚੌਰ (ਜਸਵਿੰਦਰ ਬੈਂਸ)**- ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚੋਂ ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਸਾਰੇ ਬੱਚੇ ਉੱਚ ਨੰਬਰਾਂ ਨਾਲ ਪਾਸ ਹੋਏ।ਪਹਿਲੇ ਤਿੰਨੋ ਸਥਾਨ 'ਤੇ ਲੜਕੀਆਂ ਕਾਬਜ਼ ਰਹੀਆਂ। ਕੋਮਲਪ੍ਰੀਤ ਕੌਰ ਨੇ 589/650 ਅੰਕ ਪ੍ਰਾਪਤ ਕਰਕੇ (ਜਿਸ ਵਿੱਚ ਅੰਗਰੇਜ਼ੀ 92%,ਸਮਾਜਿਕ ਸਿੱਖਿਆ 96%) ਪਹਿਲਾ ਸਥਾਨ ਹਾਸਲ ਕੀਤਾ। ਚਾਂਦਨੀ ਕੁਮਾਰੀ 578/650(ਗਣਿਤ 94%, ਪੰਜਾਬੀ 96%) ਅੰਕ ਪ੍ਰਾਪਤ ਕਰਕੇ ਦੂਜੇ ਸਥਾਨ ਅਤੇ ਕਸ਼ਿਸ਼ 553/650(ਗਣਿਤ 92%, ਸਮਾਜਿਕ ਸਿੱਖਿਆ 92%) ਨੰਬਰਾਂ ਨਾਲ ਤੀਸਰੇ ਸਥਾਨ 'ਤੇ ਰਹੀ। ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਜੀਤ ਰਾਮ ਧੀਮਾਨ ਵੱਲੋਂ ਜਿੱਥੇ ਬੱਚਿਆਂ ਅਤੇ ਉਹਨਾਂ ਦੇ ਮਾਤਾ -ਪਿਤਾ ਨੂੰ ਵਧਾਈ ਦਿੱਤੀ ਗਈ ਉੱਥੇ ਨਾਲ ਹੀ ਸਬੰਧਿਤ ਸਕੂਲ ਸਟਾਫ਼ ਦਾ ਵੀ ਧੰਨਵਾਦ ਕੀਤਾ। ਇਹ ਜਾਣਕਾਰੀ ਰਣਜੀਤ ਸਿੰਘ ਅਜੀਮਲ ਸਾਇੰਸ ਅਧਿਆਪਕ ਵਲੋਂ ਦਿੱਤੀ ਗਈ।



## ਸ਼ਹਿਰੀ ਸਥਾਨਕ ਵਿਭਾਗ ਦੇ ਮੁੱਖ ਦਫਤਰ ਸਥਿਤ ਕਾਰਜਕਾਰੀ ਇੰਜੀਨੀਅਰ ਸਸਪੈਂਡ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਜਨ ਸ਼ਿਕਾਇਤਾਂ ਦੇ ਤੁਰੰਤ ਹੱਲ ਅਤੇ ਸ਼ਾਸਨ ਵਿੱਚ ਪਾਰਦਰਸ਼ਿਤਾ ਯਕੀਨੀ ਕਰਨ ਦੀ ਦਿਸ਼ਾ ਵਿੱਚ ਹਰਿਆਣਾ ਸਰਕਾਰ ਲਗਾਤਾਰ ਪ੍ਰਭਾਵੀ ਕਦਮ ਚੁੱਕ ਰਹੀ ਹੈ। ਇਸ ਲੜੀ ਵਿੱਚ, ਹਰਿਆਣਾ ਨਿਵਾਸ ਵਿੱਚ ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ ਦੀ ਅਗਵਾਈ ਹੇਠ ਜਨ ਸੰਵਾਦ ਪੋਰਟਲ ਅਤੇ ਸੀਐਮ ਵਿੰਡੋ 'ਤੇ ਪ੍ਰਾਪਤ ਸ਼ਿਕਾਇਤਾਂ ਅਤੇ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦੀ ਸਮੀਖਿਆ ਤਹਿਤ ਇੱਕ ਮਹਤੱਵਪੂਰਣ ਮੀਟਿੰਗ ਪ੍ਰਬੰਧਿਤ ਕੀਤੀ ਗਈ। ਮੀਟਿੰਗ ਵਿੱਚ ਸ਼ਹਿਰੀ ਸਥਾਨਕ ਵਿਭਾਗ ਅਤੇ ਸਿਟੀਜਨ ਰਿਸੋਰਸ ਇੰਫਾਰਮੇਸ਼ਨ ਡਿਪਾਰਟਮੈਂਟ ਦੇ ਸੀਨੀਅਰ ਅਧਿਕਾਰੀਆਂ ਸਮੇਤ ਮੁੱਖ ਮੰਤਰੀ ਦੇ ਓਐਸਡੀ ਵਿਵੇਕ ਕਾਲਿਆ ਅਤੇ ਰਾਕੇਸ਼ ਸੰਧੂ ਮੌਜੂਦ ਰਹੇ। ਮੀਟਿੰਗ ਦੀ ਸ਼ੁਰੂਆਤ ਵਿੱਚ ਮੁੱਖ ਮੰਤਰੀ ਦੇ ਓਐਸਡੀ ਵਿਵੇਕ ਕਾਲਿਆ ਨੇ ਜਾਣਕਾਰੀ ਦਿੱਤੀ ਕਿ ਜੋ ਬਿਨੈ ਮਾਣਯੋਗ ਮੁੱਖ ਮੰਤਰੀ ਖੁਦ ਆਪਣੇ ਦੌਰਿਆਂ ਅਤੇ ਸੰਤ ਕਬੀਰ ਕੁਟੀਰ ਵਿੱਚ ਪ੍ਰਬੰਧਿਤ ਜਨਸੁਣਵਾਈ ਦੌਰਾਨ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਜਨ ਸੰਵਾਦ ਪੋਰਟਲ 'ਤੇ ਅਪਲੋਡ ਕੀਤਾ ਜਾਂਦਾ ਹੈ। ਇੰਨ੍ਹਾਂ ਮਾਮਲਿਆਂ ਦੀ ਪ੍ਰਗਤੀ ਦੀ ਹਫਤਾਵਾਰ ਸਮੀਖਿਆ ਖੁਦ ਮਾਣਯੋਗ ਮੁੱਖ ਮੰਤਰੀ ਵੱਲੋਂ ਕੀਤੀ ਜਾਂਦੀ ਹੈ। ਇਸ ਦੇ ਬਾਅਦ ਕਰਨਾਲ ਜਿਲ੍ਹੇ ਦੇ ਟਿਕਰੀ ਪਿੰਡ ਤੋਂ ਪ੍ਰਾਪਤ ਇੱਕ ਗੰਭੀਰ ਸ਼ਿਕਾਇਤ ਤੇ ਚਰਚਾ ਕੀਤੀ ਗਈ, ਜਿਸ ਵਿੱਚ ਪਰਿਵਾਰ ਪਹਿਚਾਣ ਪੱਤਰ ਵਿੱਚ ਇੱਕ ਅਣਜਾਣ ਮਹਿਲਾ ਦਾ ਨਾਂ ਗਲਤ ਢੰਗ ਨਾਲ ਜੋੜ ਦਿੱਤਾ ਗਿਆ ਸੀ। ਸਾਰੇ ਜਿਲ੍ਹਿਆਂ ਦੇ ਵਧੀਕ ਡਿਪਟੀ ਕਮਿਸ਼ਨਰਾਂ (ADCs) ਨੂੰ ਨਿਰਦੇਸ਼ਿਤ ਕੀਤਾ ਗਿਆ ਹੈ ਕਿ ਉਹ ਇੱਕ ਹਫਤੇ ਅੰਦਰ ਸਾਰੇ ਜਾਣਕਾਰੀ ਵਿੱਚ ਪੈਂਡਿੰਗ ਮਾਮਲਿਆਂ ਦਾ ਹੱਲ ਯਕੀਨੀ ਕਰਨ ਆਖੀਰ ਵਿੱਚ ਸ਼ਾਹਬਾਦ ਨਾਲ ਸਬੰਧਿਤ ਇੱਕ ਮਾਮਲੇ, ਜਿਸ ਵਿੱਚ ਇੱਕ ਕਲੋਨੀ ਵਿੱਚ ਗਲਤ ਢੰਗ ਨਾਲ ਨੌ ਡਿਊ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ, ਪਰ ਮੁੱਖ ਸਕੱਤਰ ਦਫਤਰ ਦੀ ਵਿਜੀਲੈਂਸ ਬ੍ਰਾਂਚ ਨੂੰ ਜਾਂਚ ਕਰਨ ਦੀ ਅਨੁਸ਼ੰਸਾਂ ਕੀਤੀ ਗਈ ਹੈ। ਸ਼ੁਰੂਆਤੀ ਪੱਧਰ 'ਤੇ ਦੋਸ਼ੀ ਪਾਏ ਗਏ ਮਿਯੂਨਿਸੀਪਲ ਇੰਜੀਨੀਅਰ ਦੇ ਵਿਰੁੱਧ ਚਾਰਜਸ਼ੀਟ ਜਾਰੀ ਕਰਨ ਦੇ ਆਦੇਸ਼ ਵੀ ਦਿੱਤੇ ਗਏ।

## ਜੀ ਜੀ ਪੀ ਐੱਸ ਦੀ ਜ਼ਿਲ੍ਹਾ ਟਾਪਰ ਸੈਣੀ ਦਾ ਡੀ ਸੀ ਨੇ ਕੀਤਾ ਸਨਮਾਨ



**ਅੱਡਾ ਸਰਾਂ (ਕਾਜਲ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਨੈਣੋਵਾਲ ਵੈਦ ਨੇ ਸੀ.ਬੀ.ਐਸ.ਈ ਦਸਵੀਂ ਜਮਾਤ ਦੇ ਬੋਰਡ ਨਤੀਜਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਕ ਵਾਰ ਫਿਰ ਆਪਣੀ ਵਿੱਦਿਅਕ ਸ਼੍ਰੇਸ਼ਟਤਾ ਸਾਬਤ ਕੀਤੀ ਹੈ।ਸਨੇਹਜੀਤ ਕੌਰ ਸੈਣੀ ਗਣਿਤ, ਵਿਗਿਆਨ ਅਤੇ ਆਈ.ਟੀ ਵਿੱਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਕੇ 99.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਹੁਸ਼ਿਆਰਪੁਰ ਦੀ ਜ਼ਿਲਾ ਟਾਪਰ ਹੋਣ ਦਾ ਦਰਜਾ ਪ੍ਰਾਪਤ ਕੀਤਾ ਹੈ।ਉਸਨੇ ਪੂਰੇ ਪੰਜਾਬ ਵਿੱਚੋਂ ਦਸਵੀਂ ਜਮਾਤ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਦਾ ਡੀ. ਸੀ. ਨੇ ਸਨਮਾਨ ਕੀਤਾ ਹੈ । ਵਨੀਤ ਕੌਰ ਸਾਹੀ 97.8 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਜੇ ਸਥਾਨ 'ਤੇ ਰਹੀ, ਜਦੋਂ ਕਿ ਸਵਜੋਤ ਸਿੰਘ ਢਿੱਲੋਂ 93.8 ਫ਼ੀਸਦੀ, ਵ੍ਰਿਸ਼ਟੀ 93.6 ਫ਼ੀਸਦੀ , ਹਰਲੀਨ ਕੌਰ 90.2 ਫ਼ੀਸਦੀ ਅਤੇ ਜਪਨੀਤ ਕੌਰ 89 ਫ਼ੀਸਦੀ ਅੰਕ ਹਾਸਲ ਕੀਤੇ ਹਨ । ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ, ਆਸ਼ਿਕਾ ਜੈਨ ਨੇ ਡੀ.ਸੀ ਦਫ਼ਤਰ ਵਿਖੇ ਸਨੇਹਜੀਤ ਕੌਰ ਸੈਣੀ ਅਤੇ ਵਨੀਤ ਕੌਰ ਸਾਹੀ ਨੂੰ ਸਕੂਲ ਪ੍ਰਿੰਸੀਪਲ ਹਰਜੀਤ ਸਿੰਘ ਦੇ ਨਾਲ ਸਨਮਾਨਿਤ ਕਰਦੇ ਹੋਏ ਵਿਦਿਆਰਥੀਆਂ ਨੂੰ ਸਖਤ ਮੇਹਨਤ ਕਰਦੇ ਹੋਏ ਉੱਚੇ ਮੁਕਾਮ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ ।

## ਰੇਸ਼ਮ ਸਿੰਘ ਸੋਹਲ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਕਾਲਾ ਸੰਘਿਆਂ (ਮਨਜੀਤ ਮਾਨ)** ਪ੍ਰਵਾਨਾ ਯਾਦਗਾਰੀ ਸੱਭਿਆਚਾਰਕ ਮੰਚ ਅਠੌਲਾ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵਕ ਫਤਿਹ ਸਿੰਘ ਸੋਹਲ ਦੇ ਵੱਡੇ ਭਰਾ ਰੇਸ਼ਮ ਸਿੰਘ ਸੋਹਲ ਨਮਿਤ ਪਾਠ ਭੋਗ ਅਤੇ ਅੰਤਿਮ ਅਰਦਾਸ ਮੌਕੇ ਵੱਖ ਵੱਖ ਧਾਰਮਿਕ , ਸਮਾਜਿਕ, ਰਾਜਨੀਤਕ ਆਗੂਆਂ ਅਤੇ ਸੰਗੀਤ ਜਗਤ ਨਾਲ਼ ਜੁੜੀਆਂ ਸ਼ਖ਼ਸੀਅਤਾਂ ਵੱਲੋਂ ਸੋਹਲ ਪਰਵਾਰ ਨਾਲ਼ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਪਾਠ ਤੋਂ ਉਪਰੰਤ ਕੀਰਤਨੀ ਜੱਥੇ ਵੱਲੋਂ ਇਲਾਹੀ ਬਾਣੀ ਦਾ ਵੈਰਾਗਮਈ ਸ਼ਬਦ ਕੀਰਤਨ ਕੀਤਾ ਗਿਆ ਅਤੇ ਉਪਰੰਤ ਵੱਖ ਵੱਖ ਸ਼ਖ਼ਸੀਅਤਾਂ ਜਿਹਨਾਂ ਵਿਚ ਪ੍ਰਸਿੱਧ ਢਾਡੀ ਗਿਆਨੀ ਸੁਰਜੀਤ ਸਿੰਘ ਵਾਰਿਸ, ਪ੍ਰਸਿੱਧ ਗਾਇਕ ਦਲਵਿੰਦਰ ਦਿਆਲਪੁਰੀ, ਹਰਬੰਸ ਸਿੰਘ ਮੰਡ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਪ੍ਰਸਿੱਧ ਮੰਚ ਸੰਚਾਲਕ ਬਲਦੇਵ ਰਾਹੀ, ਬਾਬਾ ਬਲਦੇਵ ਕ੍ਰਿਸ਼ਨ ਗਿੱਲਾਂ ਵਾਲੇ, ਗਿਆਨੀ ਤਰਸੇਮ ਸਿੰਘ ਸੋਹਲ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਠੌਲਾ, ਬਲਜੀਤ ਸਿੰਘ ਸੰਘਾ ਪ੍ਰਧਾਨ ਦੋਨਾਂ ਪੱਤਰਕਾਰ ਮੰਚ, ਅਮਰਜੀਤ ਸਿੰਘ ਨਿੱਝਰ ਪ੍ਰਧਾਨ ਪੰਜਾਬੀ ਪੀਪਲਜ਼, ਪ੍ਰਸਿੱਧ ਕਬੱਡੀ ਕੁਮੈਂਟੇਟਰ ਜੀ ਐਸ ਕਲੇਰ ਆਦਿ ਆਗੂਆਂ ਵੱਲੋਂ ਰੇਸ਼ਮ ਸਿੰਘ ਸੋਹਲ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਰੇਸ਼ਮ ਸਿੰਘ ਸੋਹਲ ਦੇ ਚੜ੍ਹਦੀ ਕਲਾ ਵਾਲੇ ਜੀਵਨ ਸਬੰਧੀ ਚਾਨਣਾ ਪਾਇਆ। ਫਤਿਹ ਸਿੰਘ ਸੋਹਲ ਵੱਲੋਂ ਆਏ ਹੋਏ ਸਾਰੇ ਵੱਖ ਵੱਖ ਵਰਗਾਂ ਦੇ ਆਗੂਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚੌਧਰੀ ਸੁਰਿੰਦਰ ਸਿੰਘ, ਗੋਗਾ ਲਾਹੌਰੀਆ, ਸਾਈਂ ਮਧੂ ਸ਼ਾਹ ਜਲੰਧਰ ਵਾਲੇ, ਜਗਮੋਹਨ ਸਿੰਘ ਡੀ.ਸੀ.ਪੀ., ਰਜਿੰਦਰ ਸਿੰਘ ਸੇਵਾ ਮੁਕਤ ਐਸ.ਐਸ.ਪੀ., ਜਸਵਿੰਦਰਪਾਲ ਸਿੰਘ ਡੀ ਐਸ ਪੀ, ਇੰਸਪੈਕਟਰ ਹਰਜਿੰਦਰ ਕੌਰ, ਵਿਧਾਇਕ ਰਮਨ ਅਰੋੜਾ, ਸਾਬਕਾ ਐਮ ਪੀ ਸੁਸ਼ੀਲ ਕੁਮਾਰ ਰਿੰਕੂ, ਗਾਇਕ ਤੇਜੀ ਬਾਜਵਾ, ਸਾਈਂ ਬਲਵੀਰ ਕਾਲ਼ਾ, ਮੋਤਾ ਸਿੰਘ ਸਾਬਕਾ ਸਰਪੰਚ ਅਲੀ ਚੱਕ, ਰਘਵੀਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਜੋਗਿੰਦਰ ਸਿੰਘ ਜੋਗੀ ਪ੍ਰਧਾਨ ਯੂਥ ਕਲੱਬ ਆਰਗੇਨਾਈਜੇਸ਼ਨ ਸਮੇਤ ਹੋਰ ਪਿੰਡ, ਇਲਾਕੇ ਦੇ ਲੋਕ ਅਤੇ ਰਿਸ਼ੇਤਦਾਰ ਹਾਜ਼ਰ ਸਨ।



## ਇਨਸਾਨੀਅਤ ਪਹਿਲਾਂ ਵੱਲੋਂ ਵਿਸ਼ਾਲ ਜਾਂਚ ਕੈਂਪ ਭਲਕੇ

**ਭਲਾਣ (ਹਰਭਜਨ ਢਿੱਲੋਂ)** ਪਿੰਡ ਪੱਸੀਵਾਲ ਵਿਖੇ 20 ਮਈ ਨੂੰ ਭਾਜਪਾ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੀ ਸੰਸਥਾ ਇਨਸਾਨੀਅਤ ਪਹਿਲਾਂ ਵਲੋਂ ਵਿਸ਼ਾਲ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਕੰਵਲ ਪੋਸਵਾਲ, ਡਾ.ਜੀਵਨ ਕੁਮਾਰ, ਅਰਜਿੱਤ ਸੈਣੀ ਨੇ ਸਮੂਹਿਕ ਤੌਰ 'ਤੇ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਸ੍ਰੀ ਸ੍ਰੀ 1008 ਸੰਤ ਗੁਪਤਾ ਨੰਦ ਜੀ ਬਰਸੀ ਮੌਕੇ ਉਨ੍ਹਾਂ ਦੀ ਯਾਦ ਵਿੱਚ ਲਗਾਇਆ ਜਾ ਰਿਹਾ ਹੈ। ਅਰਜਿਤ ਸੈਣੀ ਨੇ ਕਿਹਾ ਕਿ ਇਸ ਕੈਂਪ ਵਿਚ ਸਵੇਰੇ 10 ਵਜੇ ਆਧੁਨਿਕ ਉਪਕਰਣਾਂ ਨਾਲ ਲੈਸ ਬੱਸ ਪਿੰਡ ਪੱਸੀਵਾਲ ਵਿਖੇ ਪਹੁੰਚ ਜਾਵੇਗੀ।ਜਿਸ ਵਿਚ ਅੱਖਾਂ ਦੇ ਵੱਖ-ਵੱਖ ਜਾਂਚ ਉਪਕਰਣ ਲੱਗੇ ਹੋਣਗੇ। ਇਸ ਕੈਂਪ ਵਿੱਚ ਸਾਰੀਆਂ ਸਹੂਲਤਾਂ ਮੁਫ਼ਤ ਹੋਣਗੀਆਂ, ਦਵਾਈਆਂ ਅਤੇ ਐਨਕਾਂ ਮੁਫ਼ਤ ਦਿੱਤੀਆਂ ਜਾਣਗੀਆਂ।ਕੈਂਪ ਵਿਚ ਕੁਮਾਰ ਹਸਪਤਾਲ ਨੂਰਪੁਰ ਬੇਦੀ ਤੇ ਡਾਕਟਰ ਸ਼ਰਮਾ ਹਸਪਤਾਲ ਰੂਪਨਗਰ ਦੀਆਂ ਟੀਮਾਂ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੀਆਂ ਹਨ।ਇਸ ਮੌਕੇ ਸਤਬੀਰ ਰਾਣਾ ਮੰਡਲ ਪ੍ਰਧਾਨ ਸ੍ਰੀ ਅਨੰਦਪੁਰ ਸਾਹਿਬ, ਰਜਿੰਦਰ ਕੁਮਾਰ ਸੈਣੀ,ਕ੍ਰਿਸ਼ਨ ਕੁਮਾਰ ਅੱਤਰੀ, ਅਰਜਿਤ ਸੈਣੀ, ਅਜਮੇਰ ਕੁਮਾਰ, ਪਰਮਜੀਤ ਸਿੰਘ ਬੌਬੀ, ਰਣਵੀਰ ਸਿੰਘ, ਚਰਨਜੀਤ ਸਿੰਘ ਚੰਨੀ ਆਦਿ ਮੌਜੂਦ ਸਨ।



# ਬੀ ਬੀ ਐੱਮ ਬੀ ਜ਼ਮੀਨ 'ਤੇ ਚੱਲਦਾ ਸਰਵਹਿੱਤਕਾਰੀ ਸਕੂਲ ਵਿਵਾਦਾਂ 'ਚ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਇੱਥੇ ਬੀਬੀਐਮਬੀ ਕਲੌਨੀ ਦੇ ਸੈਕਟਰ -2 'ਚ ਆਰਐਸਐਸ ਦੀ ਸ਼ਾਖਾ ਵਿਦਿਆ ਭਾਰਤੀ ਐਸਡੀ ਸਰਵਿੱਹਤਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਵਾਦਾਂ 'ਚ ਘਿਰ ਗਿਆ ਹੈ। ਸਕੂਲ ਪ੍ਰਬੰਧਕਾਂ 'ਤੇ ਸਰਕਾਰੀ ਜ਼ਮੀਨ ਉਤੇ ਜ਼ਬਰੀ ਕਬਜ਼ਾ ਕਰਨ ਦੇ ਦੋਸ਼ ਲੱਗੇ ਹਨ। ਉੱਥੇ ਹੀ ਸਨਾਤਨ ਧਰਮ ਸਭਾ ਹੇਠ ਚੱਲਦੇ ਇਸ ਸਕੂਲ ਨੂੰ ਇੱਕ ਸਾਜ਼ਿਸ ਤਹਿਤ ਆਪਣੀ ਨਿੱਜੀ ਸੰਪਤੀ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦਾ ਖੁਲਾਸਾ ਆਰਟੀ ਆਈ ਕਾਰਜ਼ਕਰਤਾ, ਸਾਬਕਾ ਪ੍ਰੋਫੈਸਰ ਅਤੇ ਸੰਸਕ੍ਰਿਤ ਦੇ ਵਿਦਵਾਨ ਡਾ. ਹਰਸ਼ ਮਹਿਤਾ ਨੇ ਬੀਬੀਐਮਬੀ ਪ੍ਰਸ਼ਾਸਨ ਤੋਂ ਹਾਸਲ ਜਾਣਕਾਰੀ ਉਪਰੰਤ ਮੀਡੀਆ ਨਾਲ ਕੀਤਾ ਹੈ। ਡਾ. ਮਹਿਤਾ ਨੇ ਸਕੂਲ ਪ੍ਰਬੰਧਕਾਂ 'ਤੇ ਧਰਮ ਦੀ ਆੜ ਹੇਠ ਬੀਬੀਐਮਬੀ ਦੀ ਕਰੋੜਾਂ ਰੁਪਏ ਦੀ ਜ਼ਮੀਨ 'ਤੇ ਕਥਿਤ ਕਬਜ਼ਾ ਕਰਨ ਦੇ ਦੋਸ਼ ਲਗਾਏ ਹਨ। ਮਹਿਤਾ ਨੇ ਦਸਿਆ ਕਿ ਭਾਖੜਾ ਕੰਸਟਰਕਸ਼ਨ ਬੋਰਡ (ਬਾਅਦ ਵਿਚ ਭਾਖੜਾ ਬਿਆਸ ਪ੍ਰਬੰਧਕ ਬੋਰਡ ਬਣ ਗਿਆ) ਨੇ ਸਾਲ 1962-63 'ਚ ਸ਼੍ਰੀ ਲਕਸ਼ਮੀ ਨਾਰਾਇਣ ਮੰਦਰ ਦੇ ਨਿਰਮਾਣ ਲਈ ਸ਼੍ਰੀ ਸਨਾਤਨ ਧਰਮ ਸਭਾ ਨੂੰ ਬੀਬੀਐਮਬੀ ਕਲੋਨੀ ਦੇ ਸੈਕਟਰ-2 ਵਿੱਚ 13500 ਵਰਗ ਫੁੱਟ ਜ਼ਮੀਨ ਲੀਜ਼ 'ਤੇ ਦਿੱਤੀ ਸੀ। ਪਰ ਧਾਰਮਿਕ ਸਭਾ ਨੇ ਬੀਬੀਐਮਬੀ ਦੇ ਤਤਕਾਲੀਨ ਅਧਿਕਾਰੀਆਂ ਦੀ ਮਿਲੀਭੁਗਤ ਨਾਲ 1,86,906 ਵਰਗ ਫੁੱਟ ਵਾਧੂ ਜ਼ਮੀਨ 'ਤੇ ਕਬਜ਼ਾ ਕਰ ਲਿਆ ਸੀ। ਸਾਲ 1985 'ਚ ਉਕਤ ਜ਼ਮੀਨ 'ਤੇ ਆਰਐਸਐਸ ਦੀ ਸ਼ਾਖਾ ਵਿਦਿਆ ਭਾਰਤੀ ਵੱਲੋਂ ਸਕੂਲ ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਸਾਲ 1994 'ਚ ਬੀਬੀਐਮਬੀ ਪ੍ਰਸ਼ਾਸਨ ਨੇ ਧਾਰਮਿਕ ਸਭਾ ਨੂੰ ਵਾਧੂ ਜ਼ਮੀਨ 'ਤੇ ਕੀਤੇ ਕਬਜ਼ੇ ਨੂੰ 15 ਦਿਨਾਂ ਅੰਦਰ ਖਾਲੀ ਕਰਨ ਦਾ ਨੋਟਿਸ ਜਾਰੀ ਕੀਤਾ ਸੀ। ਸਾਲ 2000 'ਚ ਬੀਬੀਐਮਬੀ ਨੇ ਰਿਹਾਇਸ਼ੀ ਕਲੌਨੀ 'ਚ ਧਾਰਮਿਕ ਸੰਸਥਾਵਾਂ ਵੱਲੋਂ ਵਾਧੂ ਜ਼ਮੀਨ 'ਤੇ ਕੀਤੇ ਕਬਜ਼ੇ ਨੂੰ 8 ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ 99 ਸਾਲ ਲਈ ਲੀਜ਼ 'ਤੇ ਦੇਣ ਦਾ ਪੱਤਰ ਜ਼ਾਰੀ ਕੀਤਾ। ਇਸ ਅਰਸੇ ਦੌਰਾਨ ਧਾਰਮਿਕ ਸਭਾ ਨੇ ਬੀਬੀਐਮਬੀ ਦੀ ਜ਼ਮੀਨ 'ਤੇ ਆਲੀਸ਼ਾਨ ਸਕੂਲ ਦੀ ਇਮਾਰਤ ਖੜ੍ਹੀ ਕਰ ਦਿੱਤੀ ਸੀ। ਅਕਾਲੀ ਭਾਜਪਾ ਗਠਜੋੜ ਸਰਕਾਰ ਬਣਨ 'ਤੇ ਸਕੂਲ ਦਾ ਨਾਮ ਸਰਵਹਿੱਤਕਾਰੀ ਵਿੱਦਿਆ ਮੰਦਰ ਤੋਂ ਬਦਲ ਕੇ ਐਸ ਡੀ ਸਰਵਹਿੱਤਕਾਰੀ ਵਿੱਦਿਆ ਮੰਦਰ ਕਰ ਦਿੱਤਾ ਜਾਂਦਾ ਹੈ। ਕਰੀਬ 25 ਸਾਲ ਬਾਅਦ ਸਕੂਲ ਦਾ ਪ੍ਰਬੰਧਨ ਸਨਾਤਨ ਧਰਮ ਸਭਾ ਕੋਲ ਆ ਜਾਂਦਾ ਹੈ। ਪਰ ਸਕੂਲ ਪ੍ਰਬੰਧਕਾਂ ਨੇ 28 ਜਨਵਰੀ 2011 ਨੂੰ ਸਕੂਲ ਦੀ ਇਮਾਰਤ ਸਮੇਤ ਕੁੱਲ 1,13, 233 ਵਗਰ ਫੁੱਟ ਜ਼ਮੀਨ ਦੀ ਲੀਜ਼ ਸ਼੍ਰੀ ਸਨਾਤਮ ਧਰਮ ਸਭਾ ਦੀ ਬਜਾਇ ਸਨਾਤਮ ਧਰਮ ਸਭਾ ਸੈਕਟਰ-2 ਤਲਵਾੜਾ ਦੇ ਨਾਂਅ ਕਰਵਾ ਕੇ ਸ਼੍ਰੀ ਸਨਾਤਨ ਧਰਮ ਸਭਾ ਦੀ ਦਾਅਵੇਦਾਰੀ ਖਤਮ ਕਰ ਦਿੱਤੀ। ਹੁਣ ਪ੍ਰਬੰਧਕਾਂ ਵੱਲੋਂ ਸਕੂਲ ਅਤੇ ਜ਼ਮੀਨ 'ਤੇ ਆਪਣਾ ਕਬਜ਼ਾ ਕਰਨ ਦੀ ਮਨਸ਼ਾ ਨਾਲ 19/12/ 2012 ਨੂੰ ਸਨਾਤਨ ਧਰਮ ਸਭਾ (ਐਸਡੀਐਸਈਐਸ),ਜਿਸਦਾ ਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਤਲਵਾੜਾ, ਤਹਿਸੀਲ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਹੈ, ਨਾਮਕ ਇੱਕ ਹੋਰ ਸੰਸਥਾ ਹੋਂਦ ਵਿਚ ਲਿਆਂਦੀ ਜਾਂਦੀ ਹੈ। ਡਾ ਮਹਿਤਾ ਨੇ ਦਸਿਆ ਕਿ ਬੀਬੀਐਮਬੀ ਨੇ ਵਿਧਾਨ 'ਚ ਸਪਸ਼ਟ ਕੀਤਾ ਹੈ ਕਿ ਪ੍ਰਬੰਧਕ ਬੋਰਡ ਦੀ ਜ਼ਮੀਨ 'ਤੇ ਕੋਈ ਵੀ ਕਮਰਸ਼ਿਅਲ ਗਤੀਵਿਧੀ ਨਾ ਹੀ ਜਮੀਨ ਜਾਂ ਇਸਦੇ ਕਿਸੇ ਹਿੱਸੇ ਨੂੰ ਅੱਗੇ ਲੀਜ ਉੱਤੇ ਦਿੱਤਾ ਜਾ ਸਕਦਾ ਹੈ ਨ ਹੀ ਰਿਹਾਇਸ਼ੀ ਮਕਾਨ ਬਣਾਇਆ ਜਾ ਸਕਦਾ। ਉਨ੍ਹਾਂ ਪ੍ਰਬੰਧਕਾਂ 'ਤੇ ਸਕੂਲ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਇਸਤੇਮਾਲ ਕਰਨ ਅਤੇ ਸਕੂਲ ਕੈਂਪਸ 'ਚ ਨਿੱਜੀ ਰਿਹਾਇਸ਼ ਬਣਾਕੇ ਰਹਿਣ ਦੇ ਦੋਸ਼ ਲਗਾਏ ਹਨ ।ਸ਼੍ਰੀ ਸਨਾਤਨ ਧਰਮ ਸਭਾ ਦੇ ਪ੍ਰਧਾਨ ਮਹੇਸ਼ ਚੋਪੜਾ, ਜੋ ਕਿ ਸਾਲ 2019 ਵਿਚ ਸਕੂਲ ਸੁਸਾਇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਨੇ ਕਿਹਾ ਕਿ ਸਕੂਲ ਦੀ ਸੁਸਾਇਟੀ ਨਾਲ ਸ਼੍ਰੀ ਸਨਾਤਨ ਧਰਮ ਸਭਾ ਦਾ ਕੋਈ ਸੰਬੰਧ ਨਹੀਂ ਹੈ, ਨਾ ਹੀ ਸਕੂਲ ਸਭਾ ਅਧੀਨ ਆਉਂਦਾ ਹੈ।ਡਾ. ਮਹਿਤਾ ਕੋਲ ਬੀਬੀਐਮਬੀ ਦੇ ਕਾਰਜਕਾਰੀ ਇੰਜਨੀਅਰ ਵਲੋ ਜਨ ਸੂਚਨਾ ਅਧਿਕਾਰ ਤਹਿਤ ਦਿੱਤੀ ਲਿਖਤੀ ਜਾਣਕਾਰੀ ਵਿਚ ਸਪੱਸ਼ਟ ਤੌਰ 'ਤੇ ਸਕੂਲ ਵਾਲੀ ਜ਼ਮੀਨ ਦੀ ਲੀਜ਼ ਕਿਸੇ ਵੀ ਸਨਾਤਨ ਧਰਮ ਸਭਾ (ਐਸਡੀਐਸਈਐਸ) ਨਾਮਕ ਸੁਸਾਇਟੀ ਨੂੰ ਅਲਾਟ ਨਾ ਹੋਣ ਦਾ ਜਿਕਰ ਕੀਤਾ ਗਿਆ ਹੈ।ਡਾ. ਮਹਿਤਾ ਨੇ ਇਸ ਬਿਨਾਂ ਜਮੀਨ ਤੋਂ ਚਲਦੇ ਉਕਤ ਸਕੂਲ ਨੂੰ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਹੁਣ ਸੀਬੀਐਸਈ, ਦਿੱਲੀ ਵੱਲੋਂ ਦਿੱਤੀ ਮਾਨਤਾ ਉਤੇ ਸਵਾਲ ਉਠਾਏ ਹਨ।




## ਭਲਕੇ ਤਹਿਸੀਲ ਤੇ ਜ਼ਿਲ੍ਹਾ ਪੱਧਰ 'ਤੇ ਕੀਤੇ ਜਾਣਗੇ ਰੋਸ ਮੁਜਾਹਰੇ : ਰੌੜੀ

**ਬਲਾਚੌਰ (ਜਸਵਿੰਦਰ ਬੈਂਸ )**— ਟਰੇਡ ਯੂਨੀਅਨਾਂ, ਫੈਡਰੈਸ਼ਨਾਂ ਵਲੋਂ ਪਿਛਲੇ ਦਿਨ ਦਿੱਲੀ ਵਿਖ਼ੇ ਸਾਂਝੀ ਮੀਟਿੰਗ ਕਰਕੇ 20 ਮਈ ਨੂੰ ਕੇਂਦਰ ਸਰਕਾਰ ਦੀਆਂ ਮਜਦੂਰ, ਕਿਸਾਨ, ਮੁਲਾਜਮ ਅਤੇ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ 9 ਜੁਲਾਈ ਨੂੰ ਕਰਨ ਦਾ ਫੈਸਲਾ ਲਿਆ ਗਿਆ ਹੈ । ਸੀਟੂ ਪੰਜਾਬ ਦੇ ਪ੍ਰਧਾਨ ਮਹਾਂ ਸਿੰਘ ਰੌੜੀ ਨੇ ਕਿਹਾ ਕਿ ਟਰੇਡ ਯੂਨੀਅਨਾਂ ਦੇ ਫੈਸਲੇ ਮੁਤਾਬਕ ਸੀਟੂ ਪੰਜਾਬ ਅੰਦਰ ਕਿਸਾਨਾਂ ਮਜਦੂਰਾਂ, ਮੁਲਾਜਮਾਂ, ਅਤੇ ਕਿਰਤੀਆਂ ਕਾਮਿਆਂ, ਸਕੀਮ ਵਰਕਰਾਂ ਨੂੰ 20 ਮਈ ਨੂੰ ਰੋਸ ਦਿਵਸ ਵਜੋਂ ਮਨਾਉਂਦੇ ਹੋਏ ਤਹਿਸੀਲ, ਜ਼ਿਲ੍ਹਾ ਹੈਦਕੁਆਟਰਾਂ ਉੱਤੇ ਧਰਨੇ,ਰੋਸ ਮੁਜਾਹਰੇ ਕਰਨ ਦਾ ਸੱਦਾ ਦਿੰਦੀ ਹੈ । ਉਨ੍ਹਾਂ ਸਮੂਹ ਜਥੇਬੰਦੀਆਂ ਨੂੰ 20 ਮਈ ਦੇ ਰੋਸ ਮੁਜਾਹਰਿਆਂ 'ਚ ਵੱਧ ਤੋਂ ਵੱਧ ਸੰਖਿਆ 'ਚ ਸ਼ਾਮਿਲ ਹੋਣ ਅਤੇ 9 ਜੁਲਾਈ ਦੀ ਹੜਤਾਲ ਨੂੰ ਸਫਲ ਬਣਾਉਣ ਦੀ ਜੀ ਤੋੜ ਯਤਨ ਕਰਨ ਦੀ ਅਪੀਲ ਕੀਤੀ ।

## ਕਮਿਊਨਿਟੀ ਹੈਲਥ ਸੈਂਟਰ 'ਚ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ

**ਫਗਵਾੜਾ (ਜਸਵਿੰਦਰ ਢੱਡਾ)** ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕਮਲਜੀਤ ਕੌਰ ਅਗਵਾਈ ਹੇਠ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ ਗਿਆ।ਮੈਡੀਕਲ ਅਫ਼ਸਰ ਡਾ. ਮਮਤਾ ਗੌਤਮ ਵੱਲੋਂ ਲੋਕਾਂ ਨੂੰ ਹਾਈਪਰਟੈਂਸ਼ਨ (ਉੱਚ ਰਕਤਚਾਪ) ਦੇ ਖਤਰੇ ਅਤੇ ਇਸ ਦੀ ਰੋਕਥਾਮ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਉਨ੍ਹਾਂ ਲੋਕਾਂ ਨੂੰ ਉੱਚ ਰਕਤਚਾਪ ਦੇ ਲੱਛਣ, ਕਾਰਨ, ਨੁਕਸਾਨ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ। ਰੋਗੀਆਂ ਦੇ ਰਕਤਚਾਪ ਦੀ ਜਾਂਚ ਵੀ ਕੀਤੀ ਗਈ ਅਤੇ ਜਿਨ੍ਹਾਂ ਵਿੱਚ ਉੱਚ ਰਕਤਚਾਪ ਦੇ ਲੱਛਣ ਮਿਲੇ, ਉਨ੍ਹਾਂ ਨੂੰ ਮੁਫ਼ਤ ਸਲਾਹ ਅਤੇ ਦਵਾਈ ਦਿੱਤੀ ਗਈ।ਡਾ. ਮਮਤਾ ਨੇ ਲੋਕਾਂ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਸੁਧਾਰ ਲਿਆਉਣ ਜਿਵੇਂ ਕਿ ਘੱਟ ਨਮਕ ਵਾਲਾ ਭੋਜਨ, ਨਿਯਮਤ ਕਸਰਤ, ਤੰਬਾਕੂ ਤੇ ਸ਼ਰਾਬ ਤੋਂ ਬਚਾਅ ਅਤੇ ਤਨਾਅ ਘਟਾਉਣ ਲਈ ਯੋਗ ਦੀ ਸਲਾਹ ਦਿੱਤੀ। ਉਨਾ ਦੱਸਿਆ ਕਿ ਉਚ ਰਕਤਚਾਪ ਦੀ ਬਿਮਾਰੀ ਸ਼ਰੀਰ ਦੇ ਹਰ ਹਿੱਸੇ 'ਤੇ ਪ੍ਰਭਾਵ ਪਾਉਂਦੀ ਹੈ। ਇਸ ਦਿਲ ਦੀਆਂ ਬਿਮਾਰੀਆਂ, ਸਟ੍ਰੋਕ, ਕਿਡਨੀ ਦੀ ਬਿਮਾਰੀ, ਸ਼ੂਗਰ ਹੋਣ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਵੱਖ-ਵੱਖ ਆਯੁਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਵੀ ਇਸ ਸਬੰਧੀ ਕੈਂਪ ਲਗਾਏ ਜਾਣਗੇ। ਇਸ ਮੌਕੇ 'ਤੇ ਮੈਡੀਕਲ ਅਫ਼ਸਰ ਡੈਂਟਲ ਡਾ. ਅਵਿਨਾਸ਼ ਮੰਗੋਤਰਾ, ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ, ਹੈਲਥ ਸੁਪਰਵਾਈਜ਼ਰ ਸਤਨਾਮ, ਹੈਲਥ ਸੁਪਰਵਾਈਜਰ ਕੁਲਦੀਪ ਵਰਮਾ ਨੇ ਵੀ ਆਪਣੇ ਵਿਚਾਰ ਰੱਖੇ।




## ਬੀ.ਕਾਮ ਸਮੈਸਟਰ ਪਹਿਲੇ ਦਾ ਨਤੀਜਾ ਰਿਹਾ 100 ਫੀਸਦੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੀ .ਟੀ.ਐੱਮ ਆਰੀਆ ਕਾਲਜ ਭੰਡਾਲਾ ਰੋਡ ਨੂਰਮਹਿਲ ਵਿੱਚ ਬੀ. ਕਾਮ ਟੈਕਸ ਪਲਾਨਿੰਗ ਦਾ ਨਤੀਜਾ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨਿਆ ਗਿਆ 100% ਰਿਹਾ। ਜਸ਼ਨਦੀਪ 7.65 ਐਸ ਜੀ ਪੀ ਏ ਹਾਸਿਲ ਕਰਕੇ ਪਹਿਲੇ ਸਥਾਨ 'ਤੇ, ਅਨੁਸ਼ਿਕਾ 7.04 ਐਸ ਜੀ ਪੀ ਏ ਦੂਸਰੇ ਅਤੇ ਸਨਮਦੀਪ 6.87 ਐਸ ਜੀ ਪੀ ਏ ਹਾਸਿਲ ਕਰਕੇ ਤੀਸਰੇ ਸਥਾਨ 'ਤੇ ਰਹੇ। ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ. ਜੈਨ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹ ਬੀ. ਕਾਮ ਟੈਕਸ ਪਲਾਨਿੰਗ ਦਾ ਕੋਰਸ ਬਹੁਤ ਵਧੀਆ ਕੋਰਸ ਹੈ ਜਿਸ ਨਾਲ ਬੱਚਾ ਟੈਕਸ ਦਾ ਵਿਸ਼ੇਸ਼ ਗਿਆਨ ਹਾਸਿਲ ਕਰਕੇ ਆਪਣੇ ਪੈਰਾਂ ਤੇ ਬੀ. ਕਾਮ ਤੋਂ ਬਾਅਦ ਖੜ੍ਹੇ ਹੋ ਸਕਦੇ ਹਨ।ਅੱਜ ਦੇ ਸਮੇਂ ਵਿੱਚ ਬੱਚੇ ਦਾ ਵਿੱਤੀ ਤੌਰ 'ਤੇ ਆਜ਼ਾਦ ਹੋਣਾ ਬਹੁਤ ਜਰੂਰੀ ਹੈ।




## ਮੁੱਖ ਮੰਤਰੀ ਨੇ ਕੀਤੀ ਜੈਨ ਅਚਾਰਿਆ ਡਾ. ਲੋਕੇਸ਼ ਮੁਨੀ ਨਾਲ ਮੁਲਾਕਾਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**— ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਸ਼ਵ ਸ਼ਾਂਤੀ ਕੇਂਦਰ ਪੂਰੀ ਦੁਨੀਆ ਨੂੰ ਜੋੜਨ, ਮਨੁੱਖਤਾ ਨੂੰ ਇੱਕ ਧਾਗੇ ਵਿੱਚ ਪਿਰੋਣ ਅਤੇ ਸ਼ਾਂਤੀ ਤੇ ਭਾਈਚਾਰੇ ਦਾ ਮਾਹੌਲ ਬਨਾਉਣ ਲਈ ਵਰਨਣਯੋਗ ਕੰਮ ਕਰ ਰਿਹਾ ਹੈ। ਜੈਨ ਅਚਾਰਿਆ ਡਾ. ਲੋਕੇਸ਼ ਮੁਨੀ ਵੱਲੋਂ ਸਥਾਪਿਤ ਇਹ ਵਿਸ਼ਵ ਸ਼ਾਂਤੀ ਕੇਂਦਰ ਉਨ੍ਹਾਂ ਦੇ ਆਦਰਸ਼ਾਂ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਇੱਕ ਇਤਿਹਾਸਿਕ ਕਦਮ ਹੈ। ਮੁੱਖ ਮੰਤਰੀ ਵਿਸ਼ਵ ਕੇਂਦਰ ਵਿੱਚ ਪੂਜਨੀਕ ਅਚਾਰਿਆ ਡਾ. ਲੋਕੇਸ਼ ਮੁਨੀ ਜੀ ਦੇ ਦਰਸ਼ਨ ਕਰਨ ਬਾਅਦ ਕੇਂਦਰ ਦੇ ਓਡੀਟੋਰਿਅਮ ਵਿੱਚ ਸ਼ਕਤੀ ਤੇ ਸ਼ਾਂਤੀ ਦੇ ਸੰਤੁਲਨ ਨਾਲ ਰਾਸ਼ਟਰ ਨਿਰਮਾਣ ਸੈਮੀਨਾਰ ਪ੍ਰੋਗਰਾਮ ਵਿੱਚ ਬੋਲ ਰਹੇ ਸਨ। ਭਾਰਤ ਦੇ ਵੀਰ ਜਵਾਨਾਂ ਨੂੰ ਸਮਰਪਿਤ ਕੌਮੀ ਸੈਮੀਨਾਰ ਵਿੱਚ ਉਨ੍ਹਾਂ ਨੇ ਅਚਾਰਿਆ ਡਾ. ਲੋਕੇਸ਼ ਮੁਨੀ ਦਾ ਸਵਾਗਤ ਕਰਦੇ ਹੋਏ ਵੀਰ ਸ਼ਹੀਦਾਂ ਦੀ ਸ਼ਹਾਦਤ ਨੂੰ ਸਲਮ ਕੀਤਾ। ਸ਼ਕਤੀ ਤੇ ਸ਼ਾਂਤੀ ਦੇ ਸੰਤੁਲਨ ਨਾਲ ਰਾਸ਼ਟਰ ਨਿਰਮਾਣ ਸੈਮੀਨਾਰ ਵਿੱਚ ਮੁੱਖ ਮਹਿਮਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਸ਼ਾਂਤੀ ਦੇ ਨਾਲ ਪ੍ਰਬੰਲ ਸ਼ਕਤੀ ਵੀ ਰੱਖਦਾ ਹੈ। ਨਾਇਬ ਸਿੰਘ ਸੈਣੀ ਨੇ ਡਾ. ਲੋਕੇਸ਼ ਮੁਨੀ ਜੀ ਨੂੰ ਆਦਰਸ਼ ਮੰਨਦੇ ਹੋਏ ਕਿਹਾ ਕਿ ਤੁਹਾਡੇ ਵਰਗੇ ਸੰਤ ਅੱਜ ਪੂਰੀ ਦੁਨੀਆ ਨੂੰ ਸ਼ਾਂਤੀ ਦਾ ਮਾਰਗ ਦਿਖਾ ਰਹੇ ਹਨ। ਉਨ੍ਹਾਂ ਨੇ ਮੌਜੂਦਾ ਜਨਸਮੂਹ ਨਾਲ ਇਸ ਪਵਿੱਤਰ ਸਥਾਨ ਤੋਂ ਇਹ ਸੰਕਲਪ ਲੈਣ ਦੀ ਅਪੀਲ ਕੀਤੀ ਕਿ ਅਸੀਂ ਅਹਿੰਸਾ ਨੂੰ ਆਪਣੇ ਜੀਵਨ ਦਾ ਮੂਲਮੰਤਰ ਬਨਾਵਾਗੇ। ਸਮਾਜ ਵਿੱਚ ਸ਼ਾਂਤੀ ਅਤੇ ਭਾਈਚੇ ਨੂੰ ਪ੍ਰੋਤਸਾਹਨ ਦੇਵਾਂਗੇ। ਵਿਸ਼ਵ ਸ਼ਾਂਤੀ ਦੂਤ ਅਚਾਰਿਆ ਡਾ. ਲੋਕੇਸ਼ ਮੁਨੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਵਿਸ਼ਵ ਸ਼ਾਂਤੀ ਕੇਂਦਰ ਸੰਚਾਲਿਤ ਅਦਾਰੇ ਵੱਲੋਂ ਖੁਸ਼ਹਾਲ ਭਾਰਤ ਲਈ ਆਪਣਾ ਸਰਗਰਮ ਯੋਗਦਾਨ ਦਿੰਦੇ ਹੋਏ ਜਿਮੇਵਾਰੀ ਨਿਭਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਸ਼ਾਂਤੀ ਦਾ ਸੰਦੇਸ਼ ਦਿੰਦੇ ਹੋਏ ਸਮਾਜ ਨੂੰ ਨਵੀਂ ਦਿਸ਼ਾ ਦੇਣ ਵਿੱਚ ਸਜਗ ਹਨ। ਉਨ੍ਹਾਂ ਨੇ ਕਿਹਾ ਕਿ ਜਨ ਜੀਵਨ ਸ਼ੈਲੀ ਅਧਿਆਮਿਕਤਾ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਹੀਦ ਅਤੇ ਜਵਾਨਾ ਦੀ ਸ਼ਹਾਦਤ ਤੇ ਸ਼ਰਧਾਂਜਲੀ ਦਿੰਦੇ ਹੋਏ ਉਨ੍ਹਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਸਹਿਯੋਗ ਰਕਮ ਅਦਾਰੇ ਵੱਲੋਂ ਦੇਣ ਦਾ ਐਲਾਨ ਕੀਤਾ।

# ਸਿਹਤ ਵਿਭਾਗ ਨੇ ਸਰਕਾਰੀ ਸਕੂਲ 'ਚ ਡੇਂਗੂ ਦਿਵਸ ਮਨਾਇਆ

**ਬਲਾਚੌਰ (ਜਸਵਿੰਦਰ ਬੈਂਸ)**— ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਯੋਗ ਰਹਿਨੁਮਾਈ ਹੇਠ ਸਿਹਤ ਬਲਾਕ ਬਲਾਚੌਰ ਦੀ ਡੇਂਗੂ ਵਿਰੋਧੀ ਟੀਮ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਦੀ ਵਿਖੇ ਨੈਸ਼ਨਲ ਡੇਂਗੂ ਦਿਵਸ ਮਨਾਇਆ ਗਿਆ। ਇਸ ਮੌਕੇ ਸਿਹਤ ਇੰਸਪੈਕਟਰ ਦਿਲਬਾਗ ਸਿੰਘ ਨੇ ਵਿਦਿਆਰਥੀਆਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਸਮਝਾਇਆ। ਉਨ੍ਹਾਂ ਆਮ ਲੋਕਾਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਬਾਰੇ ਵੀ ਦੱਸਿਆ। ਉਨ੍ਹਾਂ ਆਮ ਲੋਕਾਂ ਨੂੰ ਹਫਤੇ ਵਿੱਚ ਇਕ ਵਾਰ ਜ਼ਰੂਰ ਗਮਲਿਆਂ, ਕੂਲਰਾਂ, ਫ਼ਰਿੱਜ ਦੀਆਂ ਟਰੇਆਂ, ਪੁਰਾਣੇ ਟਾਇਰਾਂ ਅਤੇ ਛੱਤਾਂ 'ਤੇ ਪਏ ਕਬਾੜ ਸਮਾਨ ਵਿੱਚ ਖੜ੍ਹੇ ਪਾਣੀ ਨੂੰ ਸਾਫ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।ਸੀਐਚਓ ਨੇਹਾ ਨੇ ਦੱਸਿਆ ਕਿ ਸਿਹਤ ਵਿਭਾਗ ਪੰਜਾਬ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਲਾਰਵਾ ਖਤਮ ਕਰਨ ਲਈ ਘਰ-ਘਰ ਸਰਵੇ ਤੇ ਜਾਗਰੂਕਤਾ ਮੁਹਿੰਮ ਜ਼ੋਰਾਂ 'ਤੇ ਹੈ। ਉਨ੍ਹਾਂ ਨੇ ਦੱਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ, ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤੱਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਢੱਕਣ ਲਈ ਪੂਰੇ ਕੱਪੜੇ ਪਾ ਕੇ ਰੱਖਣੇ ਚਾਹੀਦੇ ਹਨ, ਰਾਤ ਨੂੰ ਸੋਣ ਸਮੇਂ ਮੱਛਰਦਾਨੀ ਤੇ ਮੱਛਰ ਭਜਾਉਣ ਵਾਲੀਆਂ ਕਰੀਮਾ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਡੇਂਗੂ ਬੁਖਾਰ ਦਾ ਟੈਸਟ ਅਤੇ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਅਮਨਦੀਪ ਕੌਰ ਲੈਕਚਰਾਰ, ਰੋਹਿਤ ਕੁਮਾਰ, ਨਰਿੰਦਰ ਕੁਮਾਰ, ਗੁਰਪ੍ਰੀਤ ਸਿੰਘ ਪੀਟੀਆਈ, ਬਲਵਿੰਦਰ ਸਿੰਘ ਤੇ ਮਨਦੀਪ ਕੌਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।




## ਆਰੀਆ ਮਾਡਲ ਹਾਈ ਸਕੂਲ ਦਾ ਨਤੀਜਾ ਰਿਹਾ 100 ਫ਼ੀਸਦੀ

**ਜਲੰਧਰ (ਰਾਜੇਸ਼ ਥਾਪਾ)** ਆਰ.ਬੀ. ਆਰੀਆ ਮਾਡਲ ਹਾਈ ਸਕੂਲ ਬਸਤੀ ਦਾਨਿਸ਼ਮੰਦਾਂ ਦਾ 10ਵੀਂ ਜਮਾਤ ਦਾ ਨਤੀਜਾ 100 ਫ਼ੀਸਦੀ ਰਿਹਾ । ਪੂਜਾ ਕੁਮਾਰੀ ਨੇ 93.07% ਲੈ ਕੇ ਪਹਿਲਾ, ਅਰਜੁਨ ਨੇ 92.2% ਨਾਲ ਦੂਸਰਾ, ਹਰਮਨਦੀਪ ਸਿੰਘ ਨੇ 92.1% ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਖੁਸ਼ੀ, ਬਾਣੀ, ਕਮਾਇਆ, ਸੋਨੀਆ, ਨੇਹਾ, ਸ਼੍ਰੇਆ, ਅਰਸ਼ਦੀਪ ਨੇ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਪੁਜ਼ੀਸ਼ਨ ਹਾਸਲ ਕੀਤੀ। ਇਸ ਖੁਸ਼ੀ ਦੇ ਮੌਕੇ 'ਤੇ ਸਕੂਲ ਦੇ ਪ੍ਰਬੰਧਨ ਪੁਰਸ਼ੋਤਮ ਗੁਪਤਾ ਨੇ ਸਰਬਜੀਤ ਕੁੰਦੀ, ਰਮਨ ਗੁਪਤਾ, ਕੰਟਰੋਲਰ ਨੀਟਾ ਅਤੇ ਸਮੂਹ ਸਟਾਫ਼ ਮੈਂਬਰਾਂ ਦੀ ਸ਼ਲਾਘਾ ਕੀਤੀ ਅਤੇ ਬੱਚਿਆਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਵਧਾਈ ਦੇ ਪਾਤਰ ਦੱਸਿਆ।



19 May Page-10.qxd 5/18/2025 10:32 PM Page 1



## ਗਲੋਬਲ ਡਿਸਕਵਰੀ ਸਕੂਲ ਵਿਖੇ ਨਤੀਜਿਆਂ ਦਾ ਜਸ਼ਨ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ, ਰਾਮਪੁਰਾ ਫੂਲ ਦੇ ਪ੍ਰਬੰਧਨ, ਪ੍ਰਿੰਸੀਪਲ, ਵਾਈਸ-ਪ੍ਰਿੰਸੀਪਲ, ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨੇ ਸਕੂਲ ਦੇ ਵਿਹੜੇ ਵਿੱਚ ਸੀ.ਬੀ.ਐਸ.ਈ. 2024-25 ਬੋਰਡ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਜਸ਼ਨ ਮਨਾਇਆ। 10ਵੀਂ ਤੇ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਵਿੱਚੋਂ ਜਪਰੀਨ ਕੌਰ ਸਿੱਧੂ ਨੇ 96.6%, ਰੁਪਾਸੀ ਨੇ 96.4%, ਯੁਵਰਾਜ ਸਰਮਾ ਨੇ 95.4%, ਮਹਿਕਪ੍ਰੀਤ ਕੌਰ ਨੇ 94.6%, ਰਾਧਿਕਾ ਨੇ 94%, ਅਰਸਪ੍ਰੀਤ ਕੌਰ ਤੇ ਸ਼ੁਭਦੀਪ ਕੌਰ ਨੇ 93% ਅੰਕ, ਵੰਸ਼ ਗੋਇਲ ਤੇ ਰਵਨੀਤ ਕੌਰ ਨੇ 92.8, ਨਵਦੀਪ ਕੌਰ ਤੇ ਨਵਰੀਤ ਕੌਰ ਮਾਨ ਨੇ 92.2%, ਨਿਰੰਜਨਦੀਪ ਸਿੰਘ ਨੇ 91.4, ਅਨੰਨਿਆ ਨੇ 91.2, ਹਰਗੁਣਜੀਤ ਸਿੰਘ ਸਿੱਧੂ ਨੇ 90.4, ਹਰਜੋਤ ਕੌਰ ਘਾਰੂ ਨੇ 90%, ਜਸਨਜੋਤ ਕੌਰ ਨੇ 90% ਅੰਕ ਪ੍ਰਾਪਤ ਕੀਤੇ। ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ, ਵਾਇਸ-ਚੇਅਰਮੈਨ ਅਮਿਤ ਸਰਾਫ ਨੇ ਬੱਚਿਆਂ ਦਾ ਹੌਸਲਾ ਵਧਾਇਆ ਤੇ ਉਨ੍ਹਾਂ ਨੂੰ ਮਿਠਾਈਆਂ ਖੁਆ ਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਉਨ੍ਹਾਂ ਸਕੂਲ ਪਹੁੰਚੇ ਸਾਰੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਮਿਠਾਈਆਂ ਵੰਡੀਆਂ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ ਨੇ ਬੱਚਿਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ। ਆਪਣੇ ਵਿਚਾਰਾਂ ਵਿੱਚ, ਉਨ੍ਹਾਂ ਨੇ ਬੱਚਿਆਂ ਨੂੰ ਭਵਿੱਖ ਵਿੱਚ ਵੀ ਸਫਲਤਾ ਵੱਲ ਵਧਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਫੇਰੂਰਾਈਂ ਦੀ ਰਾਜਵੀਰ ਕੌਰ ਨੇ ਪੰਜਾਬ 'ਚੋਂ ਪੰਜਵਾਂ ਸਥਾਨ ਹਾਸਲ ਕੀਤਾ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਪਿੰਡ ਫੇਰੂਰਾਈਂ ਦੀ ਰਾਜਵੀਰ ਕੌਰ ਨੇ ਕਹਾਵਤ ਨੂੰ ਸੱਚ ਕਰ ਦਿਖਾਇਆ ਕਿ 'ਬੇਹਿੰਮਤੇ ਨੇ ਸ਼ਿਕਵੇ ਕਰਨ ਮੁਕੱਦਰਾਂ ਦੇ ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨੇ ਪੱਥਰਾਂ ਦੇ', ਅੱਜ ਇਹ ਪ੍ਰਾਪਤੀ 12ਵੀਂ (ਕਾਮਰਸ) ਕਲਾਸ ਦੀ ਵਿਦਿਆਰਥਣ ਰਾਜਵੀਰ ਕੌਰ ਪੁੱਤਰੀ ਜੱਗਾ ਸਿੰਘ ਫੇਰੂਰਾਈਂ ਨੇ ਮੈਰੀਟੋਰੀਅਸ ਸਕੂਲ ਲੁਧਿਆਣੇ ਤੋਂ ਕਾਮਰਸ ਗਰੁੱਪ ਵਿੱਚੋਂ ਬਾਰਵੀਂ ਜਮਾਤ ਵਿੱਚੋਂ 500 ਅੰਕਾਂ ਵਿੱਚੋਂ 492 ਅੰਕ (98.40 ਪ੍ਰਤੀਸ਼ਤ) ਪ੍ਰਾਪਤ ਕਰਕੇ ਬਾਰਵੀਂ ਜਮਾਤ ਦੀ ਪੰਜਾਬ ਦੀ ਮੈਰਿਟ ਸੂਚੀ ਵਿੱਚ ਕਾਮਰਸ ਗਰੁੱਪ ਵਿੱਚੋਂ ਸਾਂਝੇ ਤੌਰ 'ਤੇ 5ਵੇਂ ਨੰਬਰ 'ਤੇ ਆਪਣਾ ਨਾਮ ਦਰਜ ਕਰਵਾ ਕੇ ਆਪਣੇ ਸਕੂਲ ਤੇ ਪਿੰਡ ਦਾ ਨਾਮ ਚਮਕਾਇਆ ਹੈ।ਵਿਦਿਆਰਥਣ ਦੀ ਇਸ ਪ੍ਰਾਪਤੀ ਲਈ ਉਸ ਦੇ ਮਾਤਾ-ਪਿਤਾ ਨੂੰ ਪੁਰਾਣੇ ਸਕੂਲ ਦੇ ਸਟਾਫ ਪ੍ਰਿੰਸੀਪਲ ਮੋਹਨ ਸ਼ਰਮਾ ਤੇ ਪਿੰਡ ਵਾਸੀਆਂ ਵੱਲੋਂ ਵਿਦਿਆਰਥਣ ਦੀ ਪ੍ਰਾਪਤੀ ਤੇ ਮੁਬਾਰਕਾਂ ਦਿੱਤੀਆਂ ਤੇ ਰਾਜਵੀਰ ਕੌਰ ਫੇਰੂਰਾਈਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

## ਸਰਸਵਤੀ ਮਾਡਲ ਸਕੂਲ ਦੇ ਵਿਦਿਆਰਥੀਆਂ ਦਾ 12ਵੀਂ ਦੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਦੋਰਾਹਾ ਦੀ ਪ੍ਰਸਿੱਧ ਸਿੱਖਿਆ ਸੰਸਥਾ ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ ਬੱਚਿਆਂ ਵੱਲੋਂ ਹਰ ਸਾਲ ਵਾਂਗ ਸ਼ਾਨਦਾਰ ਨੰਬਰ ਹਾਸਲ ਕਰਕੇ ਇਸ ਸੰਸਥਾ ਦਾ ਨਾਂ ਇਲਾਕੇ ਵਿੱਚ ਹੋਰ ਰੌਸ਼ਨ ਕੀਤਾ।ਬਾਰਵੀਂ ਕਾਮਰਸ ਦੇ ਵਿਦਿਆਰਥੀ ਅਨੂਪ ਸਿੰਘ ਸਪੁੱਤਰ ਸ੍ਰ. ਹਰਜਿੰਦਰ ਸਿੰਘ, ਤੁਸ਼ਾਰ ਸ਼ਰਮਾ ਸਪੁੱਤਰ ਰੁਸ਼ਪਿੰਦਰ ਪਾਲ, ਹਰਸਾਹਿਬ ਸਿੰਘ ਸਪੁੱਤਰ ਸੰਤੋਖ ਸਿੰਘ ਕ੍ਰਮਵਾਰ 94%, 89.2%, 86.8% ਨੰਬਰ ਲੈ ਕੇ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ।ਇਸੇ ਤਰ੍ਹਾਂ ਆਰਟਸ ਗਰੁੱਪ ਵਿੱਚੋਂ ਆਰਤੀ ਸਪੁੱਤਰੀ ਰੰਗ ਲਾਲ ਯਾਦਵ, ਮੰਨਤ ਸਪੁੱਤਰੀ ਜਗਜੀਤ ਸਿੰਘ, ਖੁਸ਼ਬੂ ਨਾਹਰ ਸਪੁੱਤਰੀ ਨੀਰਜ ਕੁਮਾਰ ਕ੍ਰਮਵਾਰ 93%, 89%, 87.4% ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ।ਸਕੂਲ ਦੇ ਸਾਰੇ ਹੀ ਬੱਚੇ ਪਹਿਲੇ ਦਰਜੇ ਵਿੱਚ ਪਾਸ ਹੋਏ।ਸਕੂਲ ਪ੍ਰਿੰਸੀਪਲ ਪ੍ਰੀਤੀਸ਼ ਗੁਸਾਂਈਂ ਤੇ ਡਾਇਰੈਕਟਰ ਸ਼੍ਰੀਮਤੀ ਆਸ਼ਾ ਗੁਸਾਂਈਂ ਨੇ ਬੱਚਿਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ ਤੇ ਨਾਲ ਹੀ ਨਾਲ ਇਸ ਸਫਲਤਾ ਦਾ ਸਿਹਰਾ ਸਟਾਫ ਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਦਿੱਤਾ ਅਤੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ ਸਕੂਲ ਦੇ ਮੁੱਖ ਅਹੁਦੇਦਾਰ ਪ੍ਰੈਜ਼ੀਡੈਂਟ ਡੀ. ਐੱਸ. ਗੁਸਾਈਂ, ਡਾਇਰੈਕਟਰ ਐੱਮ. ਐੱਲ. ਗੋਇਲ, ਸਕੱਤਰ ਪ੍ਰੋਫੈਸਰ ਐੱਮ. ਐੱਸ. ਭੰਡਾਰੀ ਤੇ ਮੈਡਮ ਗੁਰਚਰਨ ਕੌਰ ਹਾਜ਼ਰ ਸਨ।

## ਪੈਰਾਡਾਈਜ਼ ਅਕੈਡਮੀ ਦਾ ਨਤੀਜਾ 100 ਫੀਸਦੀ ਰਿਹਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੈਰਾਡਾਈਜ਼ ਅਕੈਡਮੀ ਵਜੀਦਕੇ ਖੁਰਦ ਨੇ ਵਿੱਦਿਅਕ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਨੇ ਖ਼ੁਸ਼ੀ ਪ੍ਰਗਟ ਕੀਤੀ ਕਿ ਸਕੂਲ ਦੇ ਦਸਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਰਟਸ ਅਤੇ ਕਮਾਰਸ ਵਿੱਚ ਬਹੁਤ ਵਧੀਆ ਨੰਬਰ ਪ੍ਰਾਪਤ ਕੀਤੇ। ਆਰਟਸ ਵਿੱਚ ਗੁਰਮੀਤ ਕੌਰ ਨੇ ਪਹਿਲਾ ਤੇ ਹਰਸ਼ਪ੍ਰੀਤ ਕੌਰ ਨੇ ਦੂਜਾ, ਹਰਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਕਮਾਰਸ 'ਚ ਅਮਨਪ੍ਰੀਤ ਸਿੰਘ ਨੇ ਪਹਿਲਾ, ਹਰਮਨਜੋਤ ਕੌਰ ਨੇ ਦੂਜਾ ਤੇ ਜੈਸਮੀਨ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ 100% ਰਿਹਾ। ਗੁਰਲੀਨ ਕੌਰ ਨੇ ਪਹਿਲਾ, ਪੁਨੀਤ ਕੌਰ ਨੇ ਦੂਜਾ, ਸਿਮਰਤਵੀਰ ਨੇ ਤੀਸਰਾ ਸਥਾਨ ਬਹੁਤ ਹੀ ਵਧੀਆ ਨੰਬਰ ਲੈ ਕੇ ਪ੍ਰਾਪਤ ਕੀਤਾ। ਸਕੂਲ ਦੀ ਮੈਨਜਮੈਂਟ ਕਮੇਟੀ ਰਣਜੀਤ ਸਿੰਘ ਟੱਲੇਵਾਲ (ਰਿਟਾਇਰ ਮੁੱਖ ਅਧਿਆਪਕ) ਚੇਅਰਮੈਨ ਸੁਰਿੰਦਰ ਬਾਵਾ, ਡਾ. ਅਲੋਕ ਸਿੰਗਲਾ, ਸੰਜੀਵ ਸਿੰਗਲਾ, ਵਿਸ਼ਾਲ ਕੁਮਾਰ, ਬਲਜਿੰਦਰ ਕੁਮਾਰ, ਮੁਨੀਸ਼ ਕੁਮਾਰ ਵੱਲੋਂ ਪ੍ਰਿੰਸੀਪਲ, ਸਟਾਫ ਨੇ ਮਾਪਿਆਂ ਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

## ਸਰਕਾਰੀ ਹਾਈ ਸਕੂਲ ਚੱਕ ਮੌਜਦੀਨ ਦੀ ਵਿਦਿਆਰਥਣ ਨੇ ਮੈਰਿਟ 'ਚ ਸਥਾਨ ਕੀਤਾ ਹਾਸਲ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਜਾਰੀ ਕੀਤੇ ਦਸਵੀਂ ਕਲਾਸ ਦੇ ਨਤੀਜੇ ਵਿੱਚ ਸਰਕਾਰੀ ਹਾਈ ਸਕੂਲ ਚੱਕ ਮੌਜਦੀਨ ਦੀ ਵਿਦਿਆਰਥਣ ਰਸ਼ਵਿੰਦਰ ਕੌਰ ਪੁੱਤਰੀ ਪਰਮਜੀਤ ਸਿੰਘ (ਅਧਿਆਪਕ) ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਅਤੇ ਬੋਰਡ ਦੁਆਰਾ ਜਾਰੀ ਕੀਤੀ ਗਈ ਮੈਰਿਟ ਸੂਚੀ ਵਿੱਚ 13ਵਾਂ ਸਥਾਨ ਹਾਸਲ ਕੀਤਾ ਹੈ। ਸਕੂਲ ਦੇ ਹੈਡਮਾਸਟਰ ਸੁਨੀਲ ਕੁਮਾਰ ਨੇ ਦੱਸਿਆ ਕਿ ਇਸ ਵਿਦਿਆਰਥਣ ਨੇ 650 ਵਿੱਚੋਂ 637 ਅੰਕ ਪ੍ਰਾਪਤ ਕੀਤੇ ਹਨ ਜੋ ਕਿ 98 ਫ਼ੀਸਦੀ ਬਣਦੇ ਹਨ। ਇਸ ਵਿਦਿਆਰਥਣ ਨੇ ਬਲਾਕ ਜਲਾਲਾਬਾਦ-1, ਜਲਾਲਾਬਾਦ-2 ਅਤੇ ਗੁਰੂਹਰਸਹਾਏ-3 ਦੇ ਸਕੂਲਾਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਵਿਦਿਆਰਥਣ ਰਸ਼ਵਿੰਦਰ ਕੌਰ ਦੀ ਇਸ ਕਾਮਯਾਬੀ ਕਾਰਨ ਸਕੂਲ ਅਤੇ ਪਿੰਡ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਸ ਹੋਣਹਾਰ ਵਿਦਿਆਰਥਣ ਅਤੇ ਇਸ ਦੇ ਪਿਤਾ ਪਰਮਜੀਤ ਸਿੰਘ ਨੂੰ ਸਕੂਲ ਸਟਾਫ਼ ਦੁਆਰਾ ਸਨਮਾਨਤ ਕੀਤਾ ਗਿਆ ਚੰਗੇਰੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਗੁਰਮਤਿ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਸਨਮਾਨਤ



**ਬੋਹਾ (ਨਿਰੰਜਣ ਬੋਹਾ)**-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੇ ਸਹਿਯੋਗ ਨਾਲ ਕਰਵਾਈ ਗਈ ਧਾਰਮਿਕ ਗਿਆਨ ਪ੍ਰੀਖਿਆ ਪਾਸ ਕਰਨ ਵਾਲੇ ਵਿਦਾਰਥੀਆਂ ਨੂੰ ਸਨਮਾਨਤ ਕਰਨ ਲਈ ਇਕ ਸਮਾਰੋਹ ਅਕਾਲ ਸਕੂਲ ਬੋਹਾ ਵਿਖੇ ਕਰਵਾਇਆ ਗਿਆ। ਮਾਤਾ ਗੁਜਰੀ ਜੀ ਭਲਾਈ ਕਲੱਬ ਦੇ ਪ੍ਰਧਾਨ ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਵਿਚ ਸਬ ਡਵੀਜ਼ਨ ਬੁਢਲਾਡਾ ਦੇ 2000 ਤੋਂ ਉਪਰ ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਸਿਖ ਮਿਸਨਰੀ ਕਾਲਜ ਵੱਲੋਂ ਇਹ ਪ੍ਰੀਖਿਆ ਕਰਾਉਣ ਦਾ ਮਕਸਦ ਸਿੱਖ ਮੱਤ ਦੀਆਂ ਉਚੀਆਂ ਸੁੱਚੀਆਂ ਧਾਰਮਿਕ ਤੇ ਸਮਾਜਿਕ ਸਿੱਖਿਆਵਾਂ ਦਾ ਪ੍ਰਚਾਰ ਕਰਕੇ ਦੇਸ਼ ਦੀ ਨਵੀਂ ਪੀੜ੍ਹੀ ਨੂੰ ਗੁਰਮਤਿ ਜੀਵਨ ਜਾਚ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਗੁਰਮਤਿ ਇੱਕ ਅਜਿਹੀ ਸਮਾਜਿਕ ਸਾਇੰਸ ਹੈ, ਜਿਸ ਨਾਲ ਜੁੜ ਕੇ ਜੀਵਨ ਵਿਚ ਮਾਨਵਤਾ ਪੱਖੀ ਵੱਡੇ ਬਦਲਾਉ ਆਉਂਦੇ ਹਨ। ਇਸ ਮੌਕੇ ਅਕਾਲ ਸਕੂਲ ਦੇ ਚੇਅਰਮੈਨ ਚਿਰੰਜੀਵ ਸਿੰਘ ਨੇ ਕਿਹਾ ਕਿ ਇਸ ਪ੍ਰੀਖਿਆ ਵਿਚ ਸਕੂਲ ਦੇ 70 ਬੱਚਿਆਂ ਨੇ ਭਾਗ ਲਿਆ, ਜਿਸ ਵਿੱਚੋਂ 36 ਵਿਦਿਆਰਥੀ ਪਾਸ ਮੈਰਿਟ ਵਿਚ ਆ ਕੇ ਸਿੱਖ ਮਿਸ਼ਨਰੀ ਕਾਲਜ ਵੱਲੋਂ ਦਿੱਤੇ ਜਾਣ ਵਾਲੇ ਇਨਾਮ ਪ੍ਰਾਪਤ ਕਰਨ ਦੇ ਹੱਕਦਾਰ ਬਣੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਨੈਤਿਕ ਤੌਰ 'ਤੇ ਮਜ਼ਬੂਤ ਬਣਾਉਣ ਵਾਲੀ ਇਹ ਪ੍ਰੀਖਿਆ ਕਰਵਾਏ ਜਾਣ 'ਤੇ ਸਿੱਖ ਮਿਸ਼ਨਰੀ ਕਾਲਜ ਤੇ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦਾ ਧੰਨਵਾਦ ਕੀਤਾ। ਇਸ ਸਮੇਂ ਸਕੂਲ ਦਾ ਸਟਾਫ ਤੇ ਵਿਦਿਆਰਥੀ ਵੀ ਹਾਜ਼ਰ ਸਨ।

## ਮੇਅਰ ਤੇ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਵਿਆਜ ਮੁਆਫ਼ੀ ਸਕੀਮ ਦਾ ਲਾਭ ਲੈਣ ਦੀ ਕੀਤੀ ਅਪੀਲ

**ਪਟਿਆਲਾ (ਬਿੰਦ/ਜਟਾਣਾ)**-ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਨੇ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਾਪਰਟੀ ਟੈਕਸ ਵਿੱਚ ਦਿੱਤੀ ਗਈ ਵਿਆਜ ਮੁਆਫ਼ੀ ਸਕੀਮ ਦਾ ਲਾਭ ਲੈਣ। ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਮਿਤੀ 15 ਮਈ 2025 ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ ਜਾਰੀ ਵਿਆਜ ਮਾਫ਼ੀ (ਵਨ ਟਾਈਮ ਸੈਟਲਮੈਂਟ) ਪਾਲਿਸੀ/ਸਕੀਮ ਦਾ ਹਵਾਲਾ ਦਿੰਦਿਆਂ ਕੁੰਦਨ ਗੋਗੀਆ ਨੇ ਕਿਹਾ ਕਿ ਇਸ ਨੋਟੀਫਿਕੇਸ਼ਨ ਤਹਿਤ ਪ੍ਰਾਪਰਟੀ ਟੈਕਸ/ਹਾਊਸ ਟੈਕਸ ਦੇ ਬਕਾਇਆਜਾਤ 31 ਜੁਲਾਈ 2025 ਤੱਕ ਇੱਕਮੁਸ਼ਤ ਭਰਨ ਉਤੇ ਵਿਆਜ ਅਤੇ ਪਨੈਲਟੀ ਤੋਂ ਪੂਰਨ ਤੌਰ 'ਤੇ ਛੋਟ ਦਿੱਤੀ ਗਈ ਹੈ।

ਉਨ੍ਹਾਂ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੌਕੇ ਦਾ ਲਾਭ ਲੈਣ ਅਤੇ ਆਪਣੇ ਪ੍ਰਾਪਰਟੀ ਟੈਕਸ/ਹਾਊਸ ਟੈਕਸ ਦੇ ਬਕਾਇਆਜਾਤ ਤੁਰੰਤ ਨਗਰ ਨਿਗਮ, ਪਟਿਆਲਾ ਵਿਖੇ ਇੱਕਮੁਸ਼ਤ ਜਮ੍ਹਾਂ ਕਰਵਾ ਕੇ ਸਰਕਾਰ ਵੱਲੋਂ ਦਿੱਤੀ ਗਈ ਵਿਆਜ ਮਾਫ਼ੀ ਸਕੀਮ ਦਾ ਭਰਪੂਰ ਫਾਇਦਾ ਉਠਾਉਣ।

# ਨਸ਼ਿਆਂ ਦਾ ਖ਼ਾਤਮਾ ਕਰਕੇ ਪੰਜਾਬ ਨੂੰ ਮੁੜ ਤੋਂ ਰੰਗਲਾ ਬਣਾਇਆ ਜਾਵੇਗਾ : ਵਿਧਾਇਕ ਗੋਲਡੀ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਗਵਾਈ ਹੇਠ ਰਾਜ ਵਿਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਹੋਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਜਿਥੇ ਰਾਜ ਵਿਚ ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ ਕਰਕੇ ਨਸ਼ਿਆਂ ਦੀ ਸਪਲਾਈ ਨੂੰ ਠੱਲ੍ਹ ਪਾਈ ਗਈ, ਉਥੇ ਹੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਲਈ ਲੋਕਾਂ ਨੂੰ ਵੱਡੀ ਪੱਧਰ ਤੇ ਸਮਾਜਿਕ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਜਾਗਰੂਕ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸੇ ਲੜੀ ਤਹਿਤ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਪਿੰਡ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਨਸ਼ਾ ਮੁਕਤੀ ਯਾਤਰਾ ਹਲਕਾ ਜਲਾਲਾਬਾਦ ਦੇ ਪਿੰਡ ਟਾਹਲੀ ਵਾਲਾ ਬੋਦਲਾ ਵਿਖੇ ਪਹੁੰਚੀ। ਇਸ ਮੁਹਿੰਮ ਵਿਚ ਸਿਹਤ ਵਿਭਾਗ, ਪੁਲਸ ਵਿਭਾਗ, ਪੰਚਾਇਤ ਵਿਭਾਗ ਅਤੇ ਸਹਿਕਾਰਤਾ ਵਿਭਾਗ ਦੇ ਸਹਿਯੋਗ ਨਾਲ ਹਲਕਾ ਜਲਾਲਾਬਾਦ ਦੇ ਪਿੰਡ ਟਾਹਲੀ ਵਾਲਾ ਵਿਖੇ ਗਰਾਮ ਸਭਾਵਾਂ, ਪਿੰਡ ਵਾਸੀਆਂ, ਪਿੰਡ ਰੱਖਿਆ ਕਮੇਟੀਆਂ, ਯੂਥ ਕਲੱਬਾਂ ਦੇ ਵੱਡੇ ਇਕੱਠ ਕਰਕੇ ਜਾਗਰੂਕਤਾ ਸਮਾਗਮ ਕੀਤੇ ਜਾ ਰਹੇ ਹਨ। ਜਿਸ ਵਿਚ ਹਲਕਾ ਵਿਧਾਇਕ ਜਲਾਲਾਬਾਦ ਜਗਦੀਪ ਕੰਬੋਜ ਗੋਲਡੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪ੍ਰਣ ਲਿਆ ਹੈ ਕਿ ਨਸ਼ੇ ਅਤੇ ਨਸ਼ਾ ਤਸਕਰਾਂ ਦੇ ਖ਼ਾਤਮੇ ਲਈ ਇਸ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਦੇ ਗਲੀ, ਮੁਹੱਲਿਆਂ ਵਿਚ ਜਾਗਰੂਕ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਸੱਦਾ ਦਿੱਤਾ ਗਿਆ। ਵਿਧਾਕਿ ਗੋਲਡੀ ਨੇ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰ ਰਹੀ ਹੈ, ਪਰ ਇਸ ਵਿੱਚ ਲੋਕਾਂ ਦਾ ਸਹਿਯੋਗ ਵੀ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਨਜ਼ਦੀਕ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਜੇਕਰ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸ ਦਾ ਮੁਫ਼ਤ ਨਸ਼ਾ ਛੁਡਾਇਆ ਜਾਵੇਗਾ ਅਤੇ ਇਲਾਜ ਕਰਵਾਇਆ ਜਾਵੇਗਾ। ਇਸ ਮੌਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵਿਧਾਇਕ ਗੋਲਡੀ ਵੱਲੋਂ ਸਹੁੰ ਵੀ ਚੁਕਾਈ ਗਈ।

## ਇਸਲਾਮੀਆ ਕੰਬੋਜ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸੌ ਫੀਸਦ ਰਿਹਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਜ਼ਿਲ੍ਹਾ ਮਾਲੇਰਕੋਟਲਾ ਦੀ ਨਾਮਵਰ ਵਿੱਦਿਅਕ ਸੰਸਥਾ ਇਸਲਾਮੀਆ ਕੰਬੋਜ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਸਾਲ 2024-25 ਦਾ ਬਾਰਵੀਂ ਜਮਾਤ ਦਾ ਆਰਟਸ ਤੇ ਕਮਰਸ ਸਟਰੀਮ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 100 ਫੀਸਦ ਰਿਹਾ। ਸਕੂਲ ਪ੍ਰਿੰਸੀਪਲ ਮੁਹੰਮਦ ਅਸਰਾਰ ਨਿਜਾਮੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਰਟਸ ਸਟਰੀਮ 'ਚ ਕੁੱਲ 108 ਵਿਦਿਆਰਥੀ ਬੋਰਡ ਪ੍ਰੀਖਿਆ ਵਿੱਚ ਬੈਠੇ ਜੋ ਸਾਰੇ ਹੀ ਚੰਗੇ ਨੰਬਰਾਂ ਨਾਲ ਪਾਸ ਹੋਏ ਤੇ ਨਤੀਜਾ 100 ਫੀਸਦੀ ਰਿਹਾ। ਇਨ੍ਹਾਂ ਵਿਦਿਆਰਥੀਆਂ ਵਿੱਚੋਂ ਅਰਹਮ ਨੇ 89.2 ਫੀਸਦ, ਮੁਹੰਮਦ ਸੁਹੇਬ ਨੇ 86.4 ਫੀਸਦ, ਮੁਸਕਾਨ ਨੇ 86.2 ਫੀਸਦ ਤੇ ਅਰੀਬਾ ਨੇ 86.2 ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਕਾਮਰਸ ਗਰੁੱਪ ਵਿੱਚ ਕੁੱਲ 12 ਵਿਦਿਆਰਥੀ ਬੋਰਡ ਪ੍ਰੀਖਿਆ ਵਿੱਚ ਬੈਠੇ ਤੇ ਸਾਰੇ ਹੀ ਚੰਗੇ ਨੰਬਰਾਂ ਨਾਲ ਪਾਸ ਹੋਏ ਨਤੀਜਾ 100 ਫੀਸਦੀ ਰਿਹਾ, ਇਨ੍ਹਾਂ ਵਿਦਿਆਰਥੀਆਂ ਵਿੱਚੋਂ ਮੁਬੀਨ ਇਫਲਾਹ ਨੇ 91.8 ਫੀਸਦ, ਅਲੀਜਾ ਪ੍ਰਵੀਨ ਨੇ 84 ਫੀਸਦ, ਮੁਹੰਮਦ ਸਾਹਿਲ ਨੇ 82.8 ਫੀਸਦ ਤੇ ਸੁਮਿਤ ਪਾਂਡੇ ਨੇ 82.8 ਫੀਸਦ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਮੁਹੰਮਦ ਸਲੀਮ, ਵਾਈਸ ਪ੍ਰਧਾਨ ਹਾਜੀ ਮੁਹੰਮਦ ਯਾਮੀਨ, ਮੈਨੇਜਰ ਮੁਨਸ਼ੀ ਮੁਹੰਮਦ ਰਮਜ਼ਾਨ, ਸਕੱਤਰ ਹਾਜੀ ਵਲੀ ਮੁਹੰਮਦ, ਕੈਸ਼ੀਅਰ ਹਾਜੀ ਮੁਹੰਮਦ ਸ਼ਮਸ਼ਾਦ ਤੇ ਮੌਜੂਦ ਮੈਂਬਰਾਨ ਸਾਹਿਬਾਨ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਦੀ ਸ਼ਲਾਘਾ ਕਰਦੇ ਹੋਏ ਪਾਸ ਹੋਏ ਸਮੂਹ ਵਿਦਿਆਰਥੀਆਂ ਤੇ ਸਕੂਲ ਦੇ ਮਿਹਨਤੀ ਸਟਾਫ ਨੂੰ ਵਧਾਈ ਦਿੱਤੀ।

ਸਕੂਲ ਪ੍ਰਬੰਧਕ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਛੇਤੀ ਹੀ ਸਕੂਲ 'ਚ ਇਨਾਮ ਵੰਡ ਸਮਾਗਮ ਕਰਵਾ ਕੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਮਿਹਨਤੀ ਸਟਾਫ ਦਾ ਬਣਦਾ ਮਾਣ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਕੂਲ ਪ੍ਰਿੰਸੀਪਲ ਅਸਰਾਰ ਨਿਜਾਮੀ ਦੀ ਕਾਰਜ ਪ੍ਰਣਾਲੀ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ।

## ਆਦਰਸ਼ ਮਾਡਲ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ



**ਬੁਢਲਾਡਾ (ਅਸ਼ੋਕ ਲਾਕੜਾ)**-ਇਸ ਵਰ੍ਹੇ ਵੀ ਸਾਰੇ ਇਲਾਕੇ ਦੀ ਸ਼ਾਨ ਆਦਰਸ਼ ਮਾਡਲ ਪਬਲਿਕ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਅਲਾਨੇ ਗਏ ਦਸਵੀ ਜਮਾਤ ਦੇ ਨਤੀਜੇ ਆਦਰਸ਼ ਮਾਡਲ ਸਕੂਲ ਬੁਢਲਾਡਾ ਦੇ ਵਿਦਿਆਰਥੀ ਅੰਦਾਜਪ੍ਰੀਤ ਸਿੰਘ ਨੇ 91.7 ਪ੍ਰਤੀਸ਼ਤ ਅੰਕ ਨਾਲ ਪਹਿਲਾ ਸਥਾਨ, ਹੁਸਨਪ੍ਰੀਤ ਸਿੰਘ ਨੇ 90 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਅਤੇ ਵਿਦਿਆਰਥਣ ਕੁਸਤੂਰੀ ਨੇ 89 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਬਾਕੀ ਵਿਦਿਆਰਥੀ ਵੀ ਵਧੀਆ ਅੰਕ ਨਾਲ ਪਾਸ ਹੋਏ ਹਨ। ਸਕੂਲ ਮੁਖੀ ਸੁਰੇਸ਼ ਮਨਚੰਦਾ ਨੇ ਸਾਰੇ ਵਿਦਿਆਰਥੀਆਂ, ਮਾਪਿਆਂ ਤੇ ਸਮੂਹ ਸਕੂਲ ਸਟਾਫ ਨੂੰ ਵਧਾਈਆਂ ਦਿੱਤੀਆਂ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਸਾਡਾ ਸਕੂਲ ਦਾ ਨਤੀਜਾ ਸ਼ਤ-ਪ੍ਰਤੀਸ਼ਤ ਰਿਹਾ ਹੈ।

# ਸੀ ਐੱਚ ਟੀ ਬਣੇ ਅਸ਼ੋਕ ਸਰਾਰੀ ਨੇ ਮੰਡੀ ਰੋੜਾਂਵਾਲੀ ਵਿਖੇ ਸੰਭਾਲਿਆ ਅਹੁਦਾ

### ਚੰਗੇ ਅਧਿਆਪਕਾਂ ਦੀ ਮਿਹਨਤ ਸਦਕਾ ਹੀ ਪੰਜਾਬ ਸਿੱਖਿਆ ਦੇ ਖੇਤਰ 'ਚ ਬੁਲੰਦੀਆਂ ਨੂੰ ਛੂਹ ਰਿਹੈ : ਨਰਿੰਦਰ ਸਿੰਘ



**ਜਲਾਲਾਬਾਦ (ਪਰਮਜੀਤ ਢਾਬਾਂ)**-ਮੰਡੀ ਰੋੜਾਂਵਾਲੀ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਨਵੇਂ ਪਦ-ਉੱਨਤ ਹੋਏ ਸੀ ਐੱਚ ਟੀ ਅਸ਼ੋਕ ਸਰਾਰੀ ਨੇ ਬੀਪੀਈਓ ਜਲਾਲਾਬਾਦ ਨਰਿੰਦਰ ਸਿੰਘ, ਬਲਾਕ ਦੇ ਅੱਧੀ ਦਰਜਨ ਦੇ ਕਰੀਬ ਸੀ ਐੱਚ ਟੀ ਤੇ ਦਰਜਨ ਤੋਂ ਵੱਧ ਐੱਚ. ਟੀ. ਅਧਿਆਪਕਾਂ ਤੇ ਹੋਰ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿੱਚ ਬਤੌਰ ਸੀ ਐੱਚ ਟੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਬਤੌਰ ਬਲਾਕ ਸਿੱਖਿਆ ਅਫ਼ਸਰ ਜੁਆਇਨ ਕਰਵਾਉਣ ਲਈ ਆਏ ਨਰਿੰਦਰ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ 'ਚ ਚੰਗੇ ਅਧਿਆਪਕਾਂ ਦੀ ਮਿਹਨਤ ਸਦਕਾ ਹੀ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਬੁਲੰਦੀਆਂ ਨੂੰ ਛੂਹ ਰਿਹਾ ਹੈ।ਅਧਿਆਪਕਾਂ ਤੇ ਹੋਰ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਜਿੱਥੇ ਨਵੇਂ ਪਦ ਉੱਨਤ ਹੋਏ ਅਸ਼ੋਕ ਸਰਾਰੀ ਨੂੰ ਵਧਾਈ ਦਿੱਤੀ, ਉੱਥੇ ਹੀ ਇਸ ਸਕੂਲ ਦੇ ਕੁਝ ਦਿਨ ਪਹਿਲਾਂ ਸੰਖੇਪ ਬਿਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ ਸਵਰਗੀ ਸੀ ਐੱਚ ਟੀ ਸੁਖਮੰਦਰ ਸਿੰਘ ਦੇ ਕੰਮਾਂ ਨੂੰ ਯਾਦ ਵੀ ਕੀਤਾ। ਇਸ ਮੌਕੇ ਅਧਿਆਪਕ ਸਤਵਿੰਦਰ ਪਾਲ ਸਿੰਘ ਸੰਧੂ ਨੇ ਸਭ ਤੋਂ ਪਹਿਲਾਂ ਨਵੇਂ ਪਦ ਉੱਨਤ ਹੋਏ ਸੀਐੱਚਟੀ ਅਸ਼ੋਕ ਸਰਾਰੀ ਤੇ ਸਮੁੱਚੇ ਅਧਿਆਪਕਾਂ ਨੂੰ ਸਕੂਲ ਪਹੁੰਚਣ 'ਤੇ ਜੀ ਆਇਆ ਕਿਹਾ।ਇਸ ਮੌਕੇ ਅਸ਼ੋਕ ਸਰਾਰੀ ਨੇ ਆਪਣੇ ਅਧਿਆਪਕ ਸਾਥੀਆਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਹ ਆਪਣੇ ਕਿੱਤੇ ਨੂੰ ਇਮਾਨਦਾਰੀ, ਲਗਨ ਤੇ ਜਜ਼ਬੇ ਨਾਲ ਜਿਸ ਤਰ੍ਹਾਂ ਸ਼ੁਰੂ ਤੋਂ ਹੀ ਨਿਭਾਅ ਰਹੇ ਹਨ, ਉਸੇ ਤਰ੍ਹਾਂ ਹੁਣ ਵੀ ਆਪਣੀ ਜ਼ਿੰਮੇਵਾਰੀ ਨੂੰ ਵਧੀਆ ਢੰਗ ਨਾਲ ਨਿਭਾਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਵਨਾ ਦੇ ਪਿਤਾ ਖਜ਼ਾਨ ਸਿੰਘ, ਅਧਿਆਪਕ ਆਗੂ ਜਗਨੰਦਨ ਸਿੰਘ, ਪਰਮਜੀਤ ਸੋਰੇਵਾਲਾ, ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਦਲੀਪ ਸੈਣੀ, ਸਤਨਾਮ ਮਹਾਲਮ, ਤਿਲਕ ਕੰਬੋਜ, ਭਗਵਾਨ ਸਿੰਘ, ਸ਼ਾਮ ਸਿੰਘ, ਗੁਰਦਿੱਤ, ਸੁਖਵਿੰਦਰ ਸਿੰਘ, ਬਲਕਾਰ ਸਿੰਘ, ਡਾਕਟਰ ਸਤਨਾਮ ਸਿੰਘ, ਮਾਸਟਰ ਹਰਨੇਕ ਸਿੰਘ ਸਾਬਕਾ ਸਰਪੰਚ ਉਝਾਂ ਵਾਲੀ, ਬੰਤਾ ਸਿੰਘ, ਸਵਰਨ ਸਿੰਘ, ਸਤੀਸ਼ ਕੁਮਾਰ, ਗੁਰਮੀਤ ਸਿੰਘ, ਵਿਨੇ ਕੁਮਾਰ, ਡਾਕਟਰ ਰਜਿੰਦਰ ਪਾਲ ਸਿੰਘ ਇੱਕਵਨ, ਇੰਦਰਜੀਤ ਸਿੰਘ, ਕੁਲਵਿੰਦਰ ਕੌਰ, ਭੁਪਿੰਦਰ ਕੌਰ, ਮੁਖਤਿਆਰ ਕੌਰ, ਅਮਨਦੀਪ ਫਾਜ਼ਿਲਕਾ, ਮੇਜਰ ਸਿੰਘ, ਗੁਰਮੀਤ ਸਿੰਘ, ਮੰਗਾ ਸਿੰਘ, ਬਲਵੀਰ ਸਿੰਘ, ਜੁਗਰਾਜ ਸਿੰਘ, ਗੁਰਦੀਪ ਸਿੰਘ ਕਾਠਗੜ੍ਹ, ਛਿੰਦਰ ਸਿੰਘ ਲਾਧੂਕਾ, ਸ਼ਗਨ ਸਿੰਘ ਟਾਹਲੀਵਾਲਾ, ਬਚਨ ਸਿੰਘ ਬਾਹਮਣੀ ਵਾਲਾ, ਸੁਖਵਿੰਦਰ ਸਿੰਘ, ਰਕੇਸ਼ ਕੁਮਾਰ, ਅਮਨਦੀਪ ਸਿੰਘ ਸੋਢੀ ਆਦਿ ਹਾਜ਼ਰ ਸਨ।

## ਕਿੰਡਰਗਾਰਟਨ 'ਚ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ



**ਨਾਭਾ (ਵਰਿੰਦਰ ਵਰਮਾ)**-ਨਾਭਾ ਸਥਿਤ ਦ ਕਿੰਡਰਗਾਰਟਨ ਵਿੱਚ ਵਿਦਿਆਰਥੀਆਂ ਦੀਆਂ ਅੱਖਾਂ ਦੀ ਸਿਹਤ ਦਾ ਧਿਆਨ ਰੱਖਣ ਲਈ ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਅਤੇ ਸਕੂਲ ਡਾਇਰੈਕਟਰ ਅੰਸ਼ੂ ਬਾਂਸਲ ਦੀ ਨਿਗਰਾਨੀ ਹੇਠ ਅੱਖਾਂ ਦਾ ਜਾਂਚ ਕੈਂਪ ਲਗਾਇਆ ਗਿਆ।ਇਹ ਕੈਂਪ ਬੱਚਿਆਂ ਵਿੱਚ ਨਜ਼ਰ ਦੀਆਂ ਸਮੱਸਿਆਵਾਂ ਦਾ ਪਤਾ ਲਗਾਉਣ ਅਤੇ ਸਮੇਂ ਸਿਰ ਉਨ੍ਹਾਂ ਦਾ ਇਲਾਜ ਕਰਨ ਵਿੱਚ ਮਦਦ ਕਰਨ ਲਈ ਆਯੋਜਿਤ ਕੀਤਾ ਗਿਆ ਸੀ।ਇਸ ਵਿੱਚ ਨਾਭਾ ਸ਼ਹਿਰ ਦੇ ਸਰਕਾਰੀ ਹਸਪਤਾਲ ਦੇ ਅੱਖਾਂ ਦੇ ਸਰਜਨ ਡਾ. ਮਨਦੀਪ ਸਿੰਘ ਰਾਏ ਅਤੇ ਓਪਥਾਲਮਿਕ ਡਾ. ਮਨਮੁਖ ਸਿੰਘ ਨੇ ਆਪਣੀ ਪੂਰੀ ਟੀਮ ਨਾਲ ਮਿਲ ਕੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਕੀਤੀ। ਚੈੱਕਅੱਪ ਦੌਰਾਨ ਡਾਕਟਰ ਸਾਹਿਬ ਨੇ ਵਿਦਿਆਰਥੀਆਂ ਨੂੰ ਅੱਖਾਂ ਦੀ ਚੰਗੀ ਸਿਹਤ ਲਈ ਸਿਹਤਮੰਦ ਖੁਰਾਕ ਅਤੇ ਲੋੜੀਂਦੀ ਨੀਂਦ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਡਾਇਰੈਕਟਰ ਅੰਸ਼ੂ ਬਾਂਸਲ ਨੇ ਡਾ. ਮਨਦੀਪ ਰਾਏ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਕੈਂਪ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਜਲਦੀ ਹੱਲ ਕਰਨ ਅਤੇ ਗੰਭੀਰ ਸਮੱਸਿਆਵਾਂ ਤੋਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਅੱਖਾਂ ਪਰਮਾਤਮਾ ਵੱਲੋਂ ਦਿੱਤਾ ਗਿਆ ਇੱਕ ਅਨਮੋਲ ਤੋਹਫ਼ਾ ਹਨ। ਇਸ ਲਈ ਉਨ੍ਹਾਂ ਦੀ ਰੱਖਿਆ ਕਰਨਾ ਬਹੁਤ ਜ਼ਰੂਰੀ ਹੈ।

## ਦੇਵ ਸਮਾਜ ਇੰਟਰਮੀਡੀਅਟ ਕਾਲਜ ਦੀਆਂ ਵਿਦਿਆਰਥਣਾਂ ਨੇ ਬੋਰਡ ਪ੍ਰੀਖਿਆ 'ਚ ਮਾਰੀਆਂ ਮੱਲਾਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਦੇਵ ਸਮਾਜ ਇੰਟਰਮੀਡੀਅਟ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸਿਰਮੌਰ ਕਾਲਜ ਹੈ। ਪ੍ਰਿੰਸੀਪਲ ਡਾ. ਸੰਗੀਤਾ ਦੀ ਅਗਵਾਈ ਹੇਠ ਕਾਲਜ ਨਿਰੰਤਰ ਤਰੱਕੀ ਦੇ ਰਾਹ 'ਤੇ ਅਗਰਸਰ ਹੈ। ਹਾਲ ਹੀ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐੱਸਈਬੀ) ਨੇ 14 ਮਈ 2025 ਨੂੰ 12ਵੀਂ ਜਮਾਤ 2025 ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਦੇਵ ਸਮਾਜ ਇੰਟਰਮੀਡੀਏਟ ਕਾਲਜ ਫ਼ਾਰ ਵੂਮੈਨ, ਫਿਰੋਜ਼ਪੁਰ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਦੇਵ ਸਮਾਜ ਇੰਟਰਮੀਡੀਅਟ ਕਾਲਜ ਫਾਰ ਵੂਮੈਨ, ਫ਼ਿਰੋਜ਼ਪੁਰ ਦੇ ਸਮੂਹ ਅਧਿਆਪਕਾਂ ਨੇ ਖ਼ੁਸ਼ੀ ਸਾਂਝੀ ਕਰਦਿਆ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੈਸ਼ਨ 2024-25 ਦੇ ਨਤੀਜਿਆ ਵਿੱਚ ਕਾਲਜ ਵਿਦਿਆਰਥਣ ਏਕਤਾ ਨੇ 94 ਪ੍ਰਤੀਸ਼ਤ ਅੰਕ (ਨਾਨ-ਮੈਡੀਕਲ ਸਟਰੀਮ) ਵਿੱਚ ਤੇ ਅਸ਼ਮੀਤ ਕੌਰ ਨੇ 90 ਪ੍ਰਤੀਸ਼ਤ ਅੰਕ (ਮੈਡੀਕਲ ਸਟਰੀਮ). ਵਿਦਿਆਰਥਣ ਅਸੀਮ (ਆਰਟਸ) ਨੇ 88 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਲਜ ਚੇਅਰਪਰਸਨ ਡਾ. ਅਗਨੀਜ਼ ਢਿੱਲੋਂ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆ ਉਨ੍ਹਾਂ ਦੇ ਉੱਚ-ਭਵਿੱਖ ਦੀ ਕਾਮਨਾ ਕੀਤੀ। ਇਸ ਖ਼ੁਸ਼ੀ ਦੇ ਮੌਕੇ 'ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ 12ਵੀਂ ਜਮਾਤ ਦੇ ਸਮੂਹ ਸਟਾਫ਼ ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਵਿਦਿਆਰਥਣਾਂ ਨੇ ਆਪਣੀ ਮਿਹਨਤ ਸਦਕਾ ਮਾਪਿਆ, ਅਧਿਆਪਕਾਂ ਤੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੂਸਰੇ ਵਿਦਿਆਰਥੀਆਂ ਨੂੰ ਹੋਰ ਜ਼ਿਆਦਾ ਮਿਹਨਤ ਕਰਕੇ ਉੱਚੀਆਂ ਪੁਜ਼ੀਸ਼ਨਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

## ਫ਼ਤਿਹ ਕਾਲਜੀਏਟ ਸਕੂਲ ਨੇ ਬਾਰ੍ਹਵੀਂ ਦੇ ਨਤੀਜਿਆਂ 'ਚ ਫਿਰ ਝੰਡੇ ਗੱਡੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਕਾਲਜੀਏਟ ਸਕੂਲ ਰਾਮਪੁਰਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਇੱਕ ਵਾਰ ਫਿਰ ਆਪਣੀ ਵਿੱਦਿਅਕ ਉੱਤਮਤਾ ਦਾ ਝੰਡਾ ਗੱਡਿਆ ਹੈ। ਸਾਇੰਸ ਤੇ ਕਾਮਰਸ, ਆਰਟਸ ਸਟਰੀਮ ਵਿੱਚ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ, ਅਧਿਆਪਕਾਂ ਤੇ ਮਾਪਿਆਂ ਦਾ ਮਾਣ ਵਧਾਇਆ। ਇਸ ਸਫਲਤਾ ਨੇ ਸਕੂਲ ਦੀ ਵਚਨਬੱਧਤਾ ਤੇ ਸਮਰਪਣ ਨੂੰ ਸਮੁੱਚੇ ਖੇਤਰ ਵਿੱਚ ਚਰਚਾ ਦਾ ਵਿਸ਼ਾ ਬਣਾ ਦਿੱਤਾ। ਸਾਇੰਸ ਵਿਭਾਗ ਮੁਖੀ ਪ੍ਰੋ. ਕਰਮਜੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਨਤੀਜੇ 100 ਪ੍ਰਤੀਸ਼ਤ ਰਹੇ। ਮਹਿਕਦੀਪ ਕੌਰ ਨੇ 465 ਅੰਕ (93%) ਹਾਸਲ ਕਰਕੇ ਪਹਿਲਾ, ਪਹਿਲਪ੍ਰੀਤ ਕੌਰ ਨੇ 456 ਅੰਕ (91.2%) ਨਾਲ ਦੂਜਾ, ਸੁਖਪ੍ਰੀਤ ਕੌਰ ਨੇ 454 ਅੰਕ (90.8%) ਨਾਲ ਤੀਜਾ ਤੇ ਕਰਮਵੀਰ ਕੌਰ ਨੇ 451 ਅੰਕ (90.2%) ਨਾਲ ਚੌਥਾ ਸਥਾਨ ਹਾਸਲ ਕੀਤਾ। ਕਾਮਰਸ ਵਿਭਾਗ ਮੁਖੀ ਪ੍ਰੋ. ਅਨੀਤਾ ਗਰਗ ਨੇ ਦੱਸਿਆ ਕਿ ਵਿਦਿਆਰਥੀਆਂ ਨੇ 100 ਪ੍ਰਤੀਸ਼ਤ ਨਤੀਜੇ ਦਿੰਦਿਆਂ ਉਮਦਾ ਪ੍ਰਦਰਸ਼ਨ ਕੀਤਾ। ਨਵਜੋਤ ਕੌਰ ਨੇ 438 ਅੰਕ (87.6%) ਨਾਲ ਪਹਿਲਾ, ਨਵਦੀਪ ਕੌਰ ਨੇ 436 ਅੰਕ (87.2%) ਨਾਲ ਦੂਜਾ ਤੇ ਮਨਪ੍ਰੀਤ ਕੌਰ ਨੇ 412 ਅੰਕ (82.4%) ਨਾਲ ਤੀਜਾ ਸਥਾਨ ਹਾਸਲ ਕੀਤਾ। ਆਰਟਸ ਵਿਭਾਗ ਮੁਖੀ ਪ੍ਰੋ ਰੋਬਿਨ ਮੰਗਲਾ ਨੇ ਦੱਸਿਆ ਕਿ ਖੁਸ਼ਪ੍ਰੀਤ ਕੌਰ ਨੇ 437 ਅੰਕ (87.5%) ਲੈ ਕੇ ਪਹਿਲਾ, ਜਸਪ੍ਰੀਤ ਕੌਰ ਨੇ (435) 87% ਦੂਸਰਾ ਤੇ ਕਿਰਨਦੀਪ ਕੌਰ ਨੇ (432/500) 86.4% ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਮੁਖੀ ਪ੍ਰੋ. ਹਰਪ੍ਰੀਤ ਸਰਮਾ ਨੇ ਇਸ ਸ਼ਾਨਦਾਰ ਨਤੀਜੇ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਨਤੀਜੇ ਸਾਡੇ ਵਿਦਿਆਰਥੀਆਂ ਦੀ ਅਟੁੱਟ ਮਿਹਨਤ, ਅਧਿਆਪਕਾਂ ਦੀ ਸਮਰਪਤ ਸੇਵਾ ਤੇ ਮਾਪਿਆਂ ਦੇ ਅਥਾਹ ਸਹਿਯੋਗ ਦਾ ਸੁਮੇਲ ਹਨ। ਮੈਂ ਸਾਰੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਇਸ ਸ਼ਾਨਦਾਰ ਸਫਲਤਾ ਲਈ ਦਿਲੋਂ ਮੁਬਾਰਕਬਾਦ ਦਿੰਦਾ ਹਾਂ। ਇਸ ਤੋਂ ਇਲਾਵਾ ਸੰਸਥਾ ਦੇ ਚੇਅਰਮੈਨ ਸ੍ਰ. ਐੱਸ. ਐੱਸ. ਚੱਠਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਨੇ ਵੀ ਵਿਦਿਆਰਥੀਆਂ, ਸਕੂਲ ਸਟਾਫ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਐੱਮ ਡੀ ਮਨਜੀਤ ਕੌਰ ਚੱਠਾ, ਪ੍ਰਿੰਸੀਪਲ ਬਘੇਲ ਸਿੰਘ, ਪ੍ਰੋ. ਰਜਿੰਦਰ ਕੁਮਾਰ, ਪ੍ਰੋ. ਸੰਦੀਪ ਕੌਰ, ਪ੍ਰੋ. ਕੁਮਾਰੀ ਸੈਲਜਾ, ਪ੍ਰੋ. ਸੋਨਵਿੰਦਰ ਸਿੰਘ, ਪ੍ਰੋ, ਅਨੀਤਾ, ਪ੍ਰੋ. ਖੁਸ਼ਦੀਪ ਸੰਧੂ, ਪ੍ਰੋ. ਮਨਦੀਪ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਬੰਦਨਾ ਸ਼ਰਮਾ, ਪ੍ਰੋ. ਜਸਪ੍ਰੀਤ ਸਿੰਘ, ਪ੍ਰੋ. ਰੀਵਾ ਜੈਨ, ਪ੍ਰੋ. ਦੀਪੀਕਾ, ਪ੍ਰੋ. ਅਗਮਜੋਤ, ਪ੍ਰੋ. ਸੋਨੀਆ ਸਮੇਤ ਸਮੂਹ ਸਟਾਫ ਨੇ ਵਿਦਿਆਰਥੀਆਂ, ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

## ਡਾ. ਮਨਮੋਹਨ ਸਿੰਘ ਦੀ ਫੋਟੋ ਅਜਾਇਬ ਘਰ 'ਚ ਲਗਾਉਣਾ ਐੱਸ ਜੀ ਪੀ ਸੀ ਦਾ ਪ੍ਰਸੰਸਾਯੋਗ ਕਦਮ : ਬੰਗੜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇੱਕ ਸ਼ਲਾਘਾਯੋਗ ਕਦਮ ਹੈ ਤੇ ਡਾਕਟਰ ਮਨਮੋਹਨ ਸਿੰਘ ਦੀਆਂ ਦੇਸ਼ ਪ੍ਰਤੀ ਕੀਤੀਆਂ ਸੇਵਾਵਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਬਲਜੀਤ ਕੌਰ ਬੰਗੜ ਜ਼ਿਲ੍ਹਾ ਮੀਤ ਪ੍ਰਧਾਨ ਕਾਂਗਰਸ ਕਮੇਟੀ ਫਿਰੋਜ਼ਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਇਕ ਆਮ ਪਰਿਵਾਰ ਵਿੱਚੋਂ ਉਠ ਕੇ ਆਪਣੀ ਮਿਹਨਤ ਤੇ ਲਿਆਕਤ ਸਦਕਾ ਦੇਸ਼ ਦੇ ਸਰਵੋਤਮ ਸਥਾਨ 'ਤੇ ਪਹੁੰਚੇ। ਉਨ੍ਹਾਂ ਦਾ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣਨ ਨਾਲ ਜਿਸ ਸਮੁੱਚੀ ਸਿੱਖ ਕੌਮ ਤੇ ਪੰਜਾਬੀਆਂ ਦਾ ਸਿਰ ਫਖਰ ਨਾਲ ਉੱਚਾ ਹੋਇਆ। ਡਾ. ਮਨਮੋਹਨ ਸਿੰਘ ਨੇ ਦਸਤਾਰ ਦੀ ਪਛਾਣ ਨੂੰ ਪੂਰੀ ਦੁਨੀਆਂ ਵਿੱਚ ਉਭਾਰਿਆ। ਉਨ੍ਹਾਂ ਆਖਿਆ ਕਿ ਡਾਕਟਰ ਮਨਮੋਹਨ ਸਿੰਘ ਭਾਰਤ ਦੇ 13ਵੇਂ ਪ੍ਰਧਾਨ ਮੰਤਰੀ ਸਨ, ਜਿਨ੍ਹਾਂ ਨੇ 2004 ਤੋਂ 2014 ਤੱਕ ਦੋ ਵਾਰ ਸੇਵਾ ਨਿਭਾਈ। ਇੱਕ ਉੱਘੇ ਅਰਥਸ਼ਾਸਤਰੀ ਵਜੋਂ ਜਾਣੇ ਜਾਂਦੇ ਹਨ, ਉਨ੍ਹਾਂ ਨੇ 1991 ਵਿੱਚ ਭਾਰਤ ਦੇ ਵਿੱਤ ਮੰਤਰੀ ਵਜੋਂ ਆਰਥਿਕ ਸੁਧਾਰਾਂ ਵਿੱਚ ਅਹਿਮ ਭੂਮਿਕਾ ਨਿਭਾਈ।

## ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ ਦਾ ਬੀ ਐੱਡ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਜਲਾਲਾਬਾਦ (ਜੀਤ ਕੁਮਾਰ)**-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਪਿੰਡ ਫਲੀਆਂਵਾਲਾ ਵਿਖੇ ਸਥਿਤ ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ ਜਲਾਲਾਬਾਦ ਦਾ ਬੀ.ਐਡ ਸੈਸ਼ਨ 2024-2026 ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਕਾਲਜ ਦੇ ਪ੍ਰਿੰਸੀਪਲ ਡਾ.ਨੀਤਿਕਾ ਨੇ ਦਸਿਆ ਕਿ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਕਾਲਜ ਦੇ ਵਿਦਿਆਰਥੀਆਂ ਦਾ ਨਤੀਜਾ ਕ੍ਰਮਵਾਰ ਵਿਦਿਆਰਥਣ ਜੋਤੀ ਨੇ 84.2 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਅੰਜੂ ਬਾਲਾ ਨੇ 83.1 ਫੀਸਦੀ ਅੰਕ ਹਾਸਲ ਕਰਕੇ ਦੂਜਾ ਅਤੇ ਅੰਕਿਤਾ ਤੇ ਮੋਕਸ਼ੀ ਨੇ 81.5 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਕਾਲਜ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਕਾਲਜ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਅਸ਼ੋਕ ਕੁਮਾਰ ਅਨੇਜਾ, ਪ੍ਰਧਾਨ ਸੰਦੀਪ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੁੰਬਰ, ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ ਅਤੇ ਪ੍ਰਿੰਸੀਪਲ ਡਾ. ਨੀਤਿਕਾ ਨੇ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ ਨੂੰ ਵਧਾਈ ਦਿੰਦੇ ਹੋਏ ਬੱਚਿਆ ਨੂੰ ਭਵਿੱਖ ਵਿੱਚ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਡੀ ਏ ਵੀ ਵੈਸ਼ ਸੀਨੀਅਰ ਸੈਕੰਡਰੀ ਸਕੂਲ ਦੀ ਅਦਿਤੀ ਭਾਰਦੁਆਜ ਨੇ ਪ੍ਰਾਪਤ ਕੀਤਾ 15ਵਾਂ ਸਥਾਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਡੀ ਏ ਵੀ ਵੈਸ਼ ਸੀਨੀਅਰ ਸੈਕੰਡਰੀ ਸਕੂਲ ਗਿੱਦੜਬਾਹਾ ਦਾ ਦਸਵੀਂ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਦੀ ਵਿਦਿਆਰਥਣ ਅਦਿਤੀ ਭਾਰਦੁਆਜ ਸਪੁੱਤਰੀ ਆਰਤੀ ਸ਼ਰਮਾ ਨੇ ਪੰਜਾਬ ਵਿਚੋਂ 15ਵਾਂ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੀਨੂੰ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਘੋਸ਼ਿਤ 10ਵੀਂ ਕਲਾਸ ਦੇ ਨਤੀਜਿਆਂ ਵਿਚ ਸਕੂਲ ਦੀ ਵਿਦਿਆਰਥਣ ਅਦਿਤੀ ਭਾਰਦੁਆਜ ਨੇ 650 ਅੰਕਾਂ ਵਿਚੋਂ 635 ਅੰਕ ਹਾਸਲ ਕਰਕੇ ਪੰਜਾਬ ਵਿਚੋਂ 15ਵਾਂ, ਜ਼ਿਲ੍ਹੇ ਵਿਚੋਂ ਤੀਸਰਾ ਅਤੇ ਸਕੂਲ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਸਕੂਲ ਦੀ ਦੀਵਿਆ ਨੇ 650 ਅੰਕਾਂ ਵਿਚੋਂ 624 ਅੰਕ ਹਾਸਲ ਕਰਕੇ ਦੂਜਾ , ਗੌਰਵ ਨੇ 650 ਅੰਕਾਂ ਵਿਚੋਂ 618 ਅੰਕ ਹਾਸਲ ਕਰਕੇ ਤੀਜਾ ਜਦੋਂਕਿ ਲੱਛਮੀ ਨੇ 650 ਅੰਕਾਂ ਵਿਚੋਂ 591 ਅੰਕ ਹਾਸਲ ਕਰਕੇ ਚੌਥਾ ਸਥਾਨ ਹਾਸਲ ਕੀਤਾ। ਸਕੂਲ ਵਿਖੇ ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਪ੍ਰਬੰਧਨ ਵੱਲੋਂ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਪ੍ਰਿੰ. ਮੀਨੂੰ ਸ਼ਰਮਾ ਨੇ ਜਿੱਥੇ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਉੱਥੇ ਹੀ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਵੀ ਕੀਤੀ।

## ਮੁਕਤੀਸਰ ਇੰਸਟੀਟਿਊਟ ਆਫ਼ ਹਾਇਰ ਐਜੂਕੇਸ਼ਨ ਦਾ ਬੀ ਐੱਡ ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਬੀ.ਐੱਡ. ਸੈਸ਼ਨ 2024-26 ਸਮੈਸਟਰ ਪਹਿਲੇ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਮੁਕਤੀਸਰ ਇੰਸਟੀਟਿਊਟ ਆਫ਼ ਹਾਇਰ ਐਜੂਕੇਸ਼ਨ, ਜਲਾਲਾਬਾਦ ਰੋਡ ਸ੍ਰੀ ਮੁਕਤਸਰ ਸਾਹਿਬ ਦੀਆਂ ਵਿਦਿਆਰਥਣਾਂ ਪਾਰੂਲਪ੍ਰੀਤ ਗਿੱਲ ਨੇ 390/450 (86.66%) ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਅਰਸ਼ਦੀਪ ਕੌਰ 366/450 (81.33%) ਪ੍ਰਤੀਸ਼ਤ ਦੂਜਾ, ਸਤਵੀਰ ਕੌਰ 364/450 (81.%) ਪ੍ਰਤੀਸ਼ਤ ਅੰਕ ਤੀਜਾ ਸਥਾਨ ਅਤੇ ਅਮਨਦੀਪ ਕੌਰ 363/450 (80.66%) ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਰਾਜ ਕੁਮਾਰ ਨਾਗਪਾਲ ਅਤੇ ਪ੍ਰਿੰਸੀਪਲ ਡਾ. ਨਵਦੀਪ ਕੌਰ ਗਿੱਲ ਨੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ ।

## ਡੀ ਵੀ ਐੱਮ ਪਬਲਿਕ ਸਕੂਲ ਉਦੇਕਰਨ ਦਾ 12ਵੀਂ ਦਾ ਨਤੀਜਾ ਸ਼ਾਨਦਾਰ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸੀ.ਬੀ.ਐੱਸ.ਸੀ ਬੋਰਡ ਦਿੱਲੀ ਵੱਲੋਂ ਐਲਾਨੇ ਗਏ 12ਵੀਂ ਦੇ ਨਤੀਜੇ 'ਚ ਸਥਾਨਕ ਸਕੂਲ ਡੀ.ਵੀ.ਐੱਮ. ਪਬਲਿਕ ਸਕੂਲ ਉਦੇਕਰਨ ਸ੍ਰੀ ਮੁਕਤਸਰ ਸਾਹਿਬ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਪ੍ਰਿੰਸੀਪਲ ਡਾ. ਰਾਜ ਕੁਮਾਰੀ ਨੇ ਦੱਸਿਆ ਕਿ ਸਕੂਲ ਦੇ 65 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਮੈਡੀਕਲ ਵਿਚੋਂ ਅਦਿਤਿਆ ਕੁਮਾਰ ਨੇ ਪਹਿਲਾ, ਸਿਧਾਂਤ ਚੁੱਘ ਨੇ ਦੂਸਰਾ ਅਤੇ ਗੁਰਜੋਤਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਵਿੱਚੋਂ ਬੀਰਜੋਤ ਕੌਰ ਨੇ ਪਹਿਲਾ, ਨੇਹਾ ਨੇ ਦੂਸਰਾ ਅਤੇ ਹਰਮਨਜੋਤ ਸਿੰਘ ਮਾਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਵਿੱਚੋਂ ਅਨੁਪ੍ਰੀਤ ਕੌਰ ਨੇ ਪਹਿਲਾ, ਸ਼ਰਨਜੀਤ ਕੌਰ ਨੇ ਦੂਸਰਾ ਅਤੇ ਅਮਰਿੰਦਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚੋਂ ਰਿਸ਼ਤਿਕਾ ਨੇ ਪਹਿਲਾ, ਰਮਨਦੀਪ ਕੌਰ ਨੇ ਦੂਸਰਾ ਅਤੇ ਹਰਪ੍ਰੀਤ ਕੌਰ ਬੇਦੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਾਰੇ ਹੀ ਵਿਦਿਆਰਥੀਆਂ ਦਾ ਨਤੀਜਾ ਸ਼ਲਾਘਾਯੋਗ ਰਿਹਾ। ਇਸ ਸਮੇਂ ਸਕੂਲ ਚੇਅਰਮੈਨ ਡਾ. ਮਦਨ ਮੋਹਨ, ਪ੍ਰਿੰਸੀਪਲ ਡਾ. ਰਾਜ ਕੁਮਾਰੀ ਤੇ ਸਮੂਹ ਸਟਾਫ ਮੈਂਬਰਾਂ ਨੇ ਬੱਚਿਆਂ ਨੂੰ ਵਧਾਈ ਦਿੱਤੀ।

## ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਦੀ ਬਾਰ੍ਹਵੀਂ ਦੀ ਜਸਨੂਰ ਨੂੰ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਹਾਸਲ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਦਸਮੇਸ਼ ਇੰਟਰਨੈਸ਼ਨਲ ਸਕੂਲ (ਸੀ. ਬੀ. ਐਸ. ਈ) ਸਰਦੂਲਗੜ੍ਹ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ 100% ਰਿਹਾ । ਸਕੂਲ ਦੇ ਚੇਅਰਮੈਨ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਸਨੂਰ ਕੌਰ ਨੇ ਆਰਟਸ ਗਰੁੱਪ ਵਿਚੋਂ 98 ਫ਼ੀਸਦੀ ਅੰਕ ਹਾਸਲ ਕਰਕੇ ਜਿਲ੍ਹੇ ਵਿਚੋਂ ਪਹਿਲੇ ਸਥਾਨ 'ਤੇ ਰਹਿੰਦਿਆਂ ਸਰਦੂਲਗੜ੍ਹ ਏਰੀਏ ਦਾ ਨਾਂਅ ਚਮਕਾਇਆ। ਅਨਮੋਲ ਅਰੋੜਾ ਨੇ 95 ਫ਼ੀਸਦੀ ਅੰਕਾਂ ਨਾਲ ਦੂਸਰਾ, ਈਵਨਦੀਪ ਕੌਰ ਨੇ 93.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਹਰਮਨਦੀਪ ਕੌਰ ਨੇ 91.2 ਫ਼ੀਸਦੀ, ਹਰਸ਼ ਜੈਨ ਨੇ 90 ਫ਼ੀਸਦੀ, ਮਨਵੀਰ ਕੌਰ ਨੇ 88.6 ਫ਼ੀਸਦੀ, ਮਨਵੀਰ ਸਿੰਘ ਨੇ 88.4 ਫ਼ੀਸਦੀ ਅਤੇ ਅਰਮਾਨ ਸਿੰਘ ਨੇ 86.6 ਫ਼ੀਸਦੀ ਅੰਕ ਹਾਸਲ ਕਰਕੇ ਆਰਟਸ ਗਰੁੱਪ ਵਿਚ ਆਪਣਾ ਨਾਂਅ ਰੌਸ਼ਨ ਕੀਤਾ। ਕਾਮਰਸ ਗਰੁੱਪ ਦੀ ਜਸ਼ਨਦੀਪ ਕੌਰ ਨੇ 96 ਫ਼ੀਸਦੀ ਅੰਕਾਂ ਨਾਲ ਪਹਿਲਾ, ਨੀਤਿਕਾ ਰਾਣੀ 90.4 ਫ਼ੀਸਦੀ ਅੰਕਾਂ ਨਾਲ ਦੂਸਰਾ ਅਤੇ ਜੰਨਤ 88.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਯਸ਼ਨੂਰ ਕੌਰ ਨੇ 87.6 ਫ਼ੀਸਦੀ, ਕਰਮਨਦੀਪ ਸਿੰਘ ਨੇ 87 ਫ਼ੀਸਦੀ ਅਤੇ ਕਰਨਦੀਪ ਸਿੰਘ ਨੇ 84.8 ਫ਼ੀਸਦੀ ਅੰਕ ਹਾਸਲ ਕੀਤੇ। ਮੈਡੀਕਲ ਗਰੁੱਪ ਵਿਚੋਂ ਚਮਨਪ੍ਰੀਤ ਕੌਰ, ਮੇਹੁਲ ਸ਼ਰਮਾ ਨੇ 93 ਫ਼ੀਸਦੀ ਅਤੇ ਸੁਫਨਪ੍ਰੀਤ ਕੌਰ ਨੇ 93 ਫ਼ੀਸਦੀ ਅੰਕਾਂ ਨਾਲ ਪਹਿਲਾ, ਦੀਆ ਮਿੱਤਲ ਨੇ 91.2 ਫ਼ੀਸਦੀ ਅੰਕਾਂ ਨਾਲ ਦੂਸਰਾ ਅਤੇ ਸਰਵੋਤਮ ਸਿੰਘ ਬਰਾੜ ਨੇ 90.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਕਾਵਿਆ ਨੇ 89.8 ਫ਼ੀਸਦੀ, ਮੁਕਲ ਉੱਪਲ 87.6 ਫ਼ੀਸਦੀ, ਦਿਕਸ਼ਾ ਅਤੇ ਗਰਵਿਤ ਮਹਿਤਾ ਨੇ 84.8 ਫ਼ੀਸਦੀ ਅੰਕ ਹਾਸਲ ਕੀਤੇ । ਨਾਨ ਮੈਡੀਕਲ ਗਰੁੱਪ ਵਿਚੋਂ ਮਹਿਕਪ੍ਰੀਤ ਕੌਰ ਨੇ 91 ਫ਼ੀਸਦੀ ਅੰਕਾਂ ਨਾਲ ਪਹਿਲਾ, ਕਿਰਨਜੀਤ ਕੌਰ ਨੇ 90 ਫ਼ੀਸਦੀ ਅੰਕਾਂ ਨਾਲ ਦੂਸਰਾ, ਲਵਪ੍ਰੀਤ ਕੌਰ ਨੇ 88.2 ਫ਼ੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਲਵਦੀਪ ਕੌਰ ਨੇ 88 ਫ਼ੀਸਦੀ, ਨੇਹਾ ਰਾਣੀ 85.6 ਫ਼ੀਸਦੀ ਅੰਕ ਹਾਸਲ ਕੀਤੇ । ਮੈਨੇਜਿੰਗ ਡਾਇਰੈਕਟਰ ਦਿਲਮੋਹਿਤ ਸਿੰਘ ਸੰਧੂ ਅਤੇ ਵਾਇਸ ਪ੍ਰਿੰਸੀਪਲ ਰਾਜਵੀਰ ਕੌਰ ਮੱਲ੍ਹੀ ਨੇ ਦੱਸਿਆ ਕਿ ਸਟਾਫ ਦੀ ਮਿਹਨਤ ਸਦਕੇ 14 ਵਿਦਿਆਰਥੀਆਂ ਨੇ 90% ਅਤੇ 44 ਵਿਦਿਆਰਥੀਆਂ ਨੇ 80% ਤੋਂ ਉਪਰ ਅੰਕ ਹਾਸਲ ਕਰਕੇ ਆਪਣੇ ਸਟਾਫ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।

## ਤਾਰਾ ਦੇਵੀ ਜਿੰਦਲ ਆਰੀਆ ਵਿੱਦਿਆ ਮੰਦਰ ਦੀ ਵਿਦਿਆਰਥਣ ਮੈਰਿਟ 'ਚ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੁਆਰਾ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜੇ ਵਿੱਚੋਂ ਤਾਰਾ ਦੇਵੀ ਜਿੰਦਲ ਆਰੀਆ ਵਿੱਦਿਆ ਮੰਦਰ ਜਗਰਾਓਂ ਦੀਆਂ ਵਿਦਿਆਰਥਣਾਂ ਮਨਿੰਦਰ ਕੌਰ, ਰੁਪਿੰਦਰ ਕੌਰ ਨੇ 631/650 97.08 ਪ੍ਰਤੀਸ਼ਤ ਅੰਕ ਲੈ ਕੇ ਜਗਰਾਓਂ ਤਹਿਸੀਲ ਵਿੱਚੋਂ ਮੈਰਿਟ ਵਿੱਚ ਆ ਕੇ ਮਾਤਾ -ਪਿਤਾ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਸਕੂਲ ਪ੍ਰਿੰਸੀਪਲ ਮਨੂਪ੍ਰਿਆ ਨੇ ਸਕੂਲ 'ਚ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ।

19-May--25-page-11-Majha-C.qxd 5/18/2025 10:31 PM Page 1



# ਮੋਟਰਸਾਈਕਲ ਸਵਾਰਾਂ ਵੱਲੋਂ ਕਾਰ ਚਾਲਕਾਂ 'ਤੇ ਗੋਲੀਬਾਰੀ, 2 ਦੋਸ਼ੀ ਗ੍ਰਿਫ਼ਤਾਰ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ-ਜਲੰਧਰ ਰਾਸ਼ਟਰੀ ਰਾਜਮਾਰਗ ਤੇ ਦੋ ਵਿਅਕਤੀ ਇੱਕ ਕਾਰ ਵਿੱਚ ਸਫ਼ਰ ਕਰ ਰਹੇ ਸਨ। ਮੋਟਰਸਾਈਕਲ ਸਵਾਰ ਦੋ ਵਿਅਕਤੀ ਪਿੱਛੇ ਤੋਂ ਆਏ ਅਤੇ ਕਾਰ 'ਤੇ ਗੋਲੀਆਂ ਚਲਾ ਦਿੱਤੀਆਂ।ਇਸ ਘਟਨਾ ਵਿੱਚ ਕਾਰ ਵਿੱਚ ਸਵਾਰ ਦੋ ਸਵਾਰਾਂ ਵਿੱਚੋਂ ਇੱਕ ਦੇ ਮੱਥੇ ਵਿੱਚ ਗੋਲੀ ਲੱਗੀ ਹੈ ਅਤੇ ਉਹ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਹੈ ਜਿੱਥੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਜਦੋਂ ਇਸ ਸਬੰਧ ਵਿੱਚ ਚਸ਼ਮਦੀਦਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ, ਉਹ ਆਪਣੀ ਦੁਕਾਨ ਖੋਲ੍ਹ ਰਹੇ ਸਨ ਅਤੇ ਮੋਟਰਸਾਈਕਲ ਸਵਾਰ ਦੋ ਨਕਾਬਪੋਸ਼ ਵਿਅਕਤੀਆਂ ਨੇ ਕਾਰ ਤੇ ਗੋਲੀਆਂ ਚਲਾਈਆਂ ਅਤੇ ਭੱਜ ਗਏ।ਉਨ੍ਹਾਂ ਦੱਸਿਆ ਕਿ ਪੀੜਤਾਂ ਨੂੰ ਆਟੋ ਰਾਹੀਂ ਹਸਪਤਾਲ ਪਹੁੰਚਾਇਆ।ਜਦੋਂ ਇਸ ਸਬੰਧੀ ਐੱਸਪੀ ਜਸਵਿੰਦਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਪੁਲਸ ਇਸ ਵੇਲੇ ਘਟਨਾ ਦੀ ਜਾਂਚ ਕਰ ਰਹੀ ਹੈ ਅਤੇ ਜਿਵੇਂ ਹੀ ਕੋਈ ਜਾਣਕਾਰੀ ਸਾਹਮਣੇ ਆਵੇਗੀ, ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਨੂੰ ਗੋਲੀ ਮਾਰੀ ਗਈ ਹੈ ਉਹ ਵਿੱਤ ਦਾ ਕੰਮ ਕਰਦਾ ਹੈ ਅਤੇ ਗੋਲੀਬਾਰੀ ਦੇ ਕਾਰਨਾਂ ਦੀ ਅਜੇ ਵੀ ਜਾਂਚ ਕੀਤੀ ਜਾ ਰਹੀ ਹੈ।ਐੱਸਐੱਸਪੀ ਦਲਜਿੰਦਰ ਸਿੰਘ ਢਿੱਲੋਂ ਨੇ ਵਿਸ਼ੇਸ਼ ਤੌਰ ਤੇ ਬੁਲਾਈ ਗਈ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪੁਲਸ ਨੇ ਇਸ ਗੋਲੀਬਾਰੀ ਦੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਦੋਸ਼ੀਆਂ ਦੀ ਪਛਾਣ ਕਰ ਲਈ ਗਈ ਹੈ।ਪੁਲਸ ਨੇ ਮੁਲਜ਼ਮ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜੋ ਪਿਛਲੇ ਤਿੰਨ ਦਿਨਾਂ ਤੋਂ ਪੀੜਤਾ ਦਾ ਪਤਾ ਲਗਾ ਰਹੇ ਸਨ।ਮੁਲਜ਼ਮਾਂ ਨੂੰ ਫੜਨ ਲਈ 10 ਤੋਂ ਵੱਧ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ।ਇਸ ਘਟਨਾ ਵਿੱਚ 5 ਲੋਕਾਂ ਦੇ ਸ਼ਾਮਲ ਹੋਣ ਦਾ ਸ਼ੱਕ ਹੈ।

# ਐੱਸਬੀਆਈ ਕਾਰਡ ਵੱਲੋਂ ਅਪੋਲੋ ਹੈਲਥਕੋ ਨਾਲ ਭਾਈਚਾਰਕ ਸਾਂਝਦਾਰੀ

ਅੰਮ੍ਰਿਤਸਰ : ਐੱਸਬੀਆਈ ਕਾਰਡ ਅਤੇ ਅਪੋਲੋ ਹੈਲਥਕੋ ਨੇ ਆਪਣੀ ਰਣਨੀਤਕ ਭਾਈਚਾਰਕਤਾ ਨੂੰ ਵਿਸਤਾਰ ਦਿੰਦੇ ਹੋਏ ਅੱਜ ਇੱਕ ਵਿਲੱਖਣ, ਸਿਹਤ ਅਤੇ ਵੈੱਲਨੈੱਸ ਕੇਂਦਰਿਤ ਕੋ-ਬ੍ਰਾਂਡਡ ਕ੍ਰੈਡਿਟ ਕਾਰਡ-ਅਪੋਲੋ ਐੱਸਬੀਆਈ ਕਾਰਡ ਸਲੈਕਟ ਕਾਰਡ ਲਾਂਚ ਕੀਤਾ ਹੈ।ਇਹ ਇਕ ਵਿਲੱਖਣ ਪ੍ਰੀਮੀਅਮ ਕ੍ਰੈਡਿਟ ਕਾਰਡ ਹੈ ਜੋ ਅੱਜ ਦੇ ਸਿਹਤ-ਸਚੇਤ ਗਾਹਕਾਂ ਦੀ ਬਦਲ ਰਹੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਸੋਚ-ਵਿਚਾਰ ਨਾਲ ਤਿਆਰ ਕੀਤਾ ਗਿਆ ਹੈ।

ਇਹ ਕਾਰਡ ਸਿਹਤ ਸੰਬੰਧੀ ਬੱਚਤ ਅਤੇ ਆਰਥਿਕ ਇਨਾਮਾਂ ਦਾ ਆਕਰਸ਼ਕ ਮਿਸ਼ਰਣ ਪ੍ਰਦਾਨ ਕਰਦਾ ਹੈ।ਗਾਹਕ ਇਹ ਕਾਰਡ ਆਸਾਨੀ ਨਾਲ ਐਪ ਦੁਆਰਾ ਡਿਜੀਟਲ ਤਰੀਕੇ ਨਾਲ ਲਾਗੂ ਕਰ ਸਕਦੇ ਹਨ। ਮਿਸ ਸਲੀਲਾ ਪਾਂਡੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਐੱਸਬੀਆਈ ਕਾਰਡ ਨੇ ਕਿਹਾ ਕਿ ਐੱਸਬੀਆਈ ਕਾਰਡ ਵਿੱਚ ਅਸੀਂ ਅੱਜ ਦੇ ਜਾਗਰੂਕ ਉਪਭੋਗਤਾਵਾਂ ਦੀ ਬਦਲ ਰਹੀ ਖਰਚ ਕਰਨ ਦੀ ਸੋਚ ਅਤੇ ਉਮੀਦਾਂ ਨੂੰ ਸਮਝਦੇ ਹਾਂ, ਜੋ ਚੰਗੀ ਸਿਹਤ ਅਤੇ ਵੈੱਲਨੈੱਸ ਉੱਤੇ ਕੇਂਦਰਤ ਹਨ।

# ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਨਾਲ ਨੌਜਵਾਨ ਦੀ ਮੌਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਧਾਰੀਵਾਲ-ਬਟਾਲਾ ਰੋਡ ਉਪਰ ਪੈਂਦੇ ਬਿਧੀਪੁਰ ਬਾਈਪਾਸ ਨੇੜੇ ਸਵੇਰੇ ਸਵੱਖਤੇ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆਉਣ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਇਕ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਸ਼ਨਾਖਤ ਰਾਜਵਿੰਦਰ ਸਿੰਘ ਉਰਫ਼ ਰਾਜੂ (25 ਸਾਲ) ਪੁੱਤਰ ਦੀਵਾਨ ਸਿੰਘ ਵਾਸੀ ਪਿੰਡ ਬਿਧੀਪੁਰ ਵਜੋਂ ਹੋਈ। ਸੂਚਨਾ ਮਿਲਣ 'ਤੇ ਸਬੰਧਿਤ ਪੁਲਸ ਥਾਣਾ ਸੇਖਵਾਂ ਦੇ ਚੌਕੀ ਇੰਚਾਰਜ ਏਐਸਆਈ ਹੈਨਰੀ ਮਸੀਹ ਨੇ ਪੁਲਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਮ੍ਰਿਤਕ ਦੇ ਪਿਤਾ ਦੀਵਾਨ ਸਿੰਘ ਵਾਸੀ ਬਿਧੀਪੁਰ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਹੈ।

ਮੇਰਾ ਲੜਕਾ ਰਾਜਵਿੰਦਰ ਸਿੰਘ ਉਰਫ ਰਾਜੂ (25 ਸਾਲ) ਰੋਜ਼ਾਨਾ ਦੀ ਤਰ੍ਹਾਂ ਸਵੇਰੇ ਸਵੱਖਤੇ ਕਰੀਬ 4 ਵਜੇ ਘਰੋਂ ਜੰਗਲ ਪਾਣੀ ਕਰਨ ਲਈ ਬਾਹਰ ਨਿਕਲਿਆ ਅਤੇ ਮੈਂ ਵੀ ਨਾਲ ਹੀ ਆਪਣੇ ਬੇਟੇ ਦੇ ਮਗਰ ਮਗਰ ਜੰਗਲ ਪਾਣੀ ਕਰਨ ਲਈ ਤੁਰ ਪਿਆ। ਜਦੋਂ ਅਸੀਂ ਆਪਣੇ ਘਰ ਤੋਂ ਬਿਧੀਪੁਰ ਬਾਈਪਾਸ ਕੋਲ ਨੂੰ ਕੁਝ ਹੀ ਦੂਰ ਪੁੱਜੇ ਤਾਂ ਧਾਰੀਵਾਲ ਵਾਲੇ ਪਾਸੇ ਤੋਂ ਇਕ ਗੱਡੀ ਬੜੀ ਤੇਜ਼ ਰਫ਼ਤਾਰ ਨਾਲ ਮੇਰੇ ਬਿਲਕੁਲ ਨੇੜਿਓਂ ਦੀ ਲੰਘੀ ਜਿਸ ਨੇ ਰਾਜਵਿੰਦਰ ਸਿੰਘ ਨੂੰ ਸਾਈਡ ਮਾਰ ਕੇ ਜ਼ਖ਼ਮੀ ਕਰ ਦਿੱਤਾ ਤੇ ਗੱਡੀ ਦਾ ਡਰਾਈਵਰ ਆਪਣੀ ਗੱਡੀ ਭਜਾ ਕੇ ਲੈ ਗਿਆ। ਜਦੋਂ ਮੈਂ ਆਪਣੇ ਲੜਕੇ ਰਾਜਵਿੰਦਰ ਸਿੰਘ ਕੋਲ ਜਾ ਕੇ ਦੇਖਿਆ ਤਾਂ ਉਸਦੇ ਕਾਫੀ ਸੱਟਾਂ ਲੱਗੀਆਂ ਹੋਈਆਂ ਸਨ ਅਤੇ ਉਸ ਦੀ ਮੌਤ ਹੋ ਚੁੱਕੀ ਸੀ। ਪੁਲਸ ਥਾਣਾ ਸੇਖਵਾਂ ਦੇ ਮੁਖੀ ਸਬ ਇੰਸਪੈਕਟਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਏਐਸਆਈ ਹੈਨਰੀ ਮਸੀਹ ਨੇ ਮ੍ਰਿਤਕ ਦੇ ਪਿਤਾ ਦੀਵਾਨ ਸਿੰਘ ਦੇ ਬਿਆਨਾਂ ਅਨੁਸਾਰ ਅਣਪਛਾਤੇ ਵਾਹਨ ਚਾਲਕ ਵਿਰੁੱਧ ਧਾਰਾ 281, 106 ਬੀਐੱਨਐੱਸ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਲਾਸ਼ ਸਿਵਲ ਹਸਪਤਾਲ ਬਟਾਲਾ ਤੋਂ ਪੋਸਟਮਾਰਟਮ ਕਰਵਾ ਕੇ ਵਾਰਸ਼ਾਂ ਨੂੰ ਸੌਂਪ ਦਿੱਤੀ ਹੈ।

# ਵੱਖ-ਵੱਖ ਸਕੂਲਾਂ ਦੇ ਨਤੀਜੇ ਰਹੇ ਸ਼ਾਨਦਾਰ

## 10ਵੀਂ ਕਲਾਸ ਦੇ ਟਾਪਰ ਵਿਦਿਆਰਥੀ ਸਨਮਾਨਿਤ



ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ 10ਵੀਂ ਕਲਾਸ ਦੀ ਬੋਰਡ ਪ੍ਰੀਖਿਆ ਵਿੱਚ 100% ਨਤੀਜਾ ਪ੍ਰਾਪਤ ਕੀਤਾ ਹੈ। ਸਕੂਲ ਦੇ ਪ੍ਰਿੰਸੀਪਲ ਸੁਕਰਾ ਰਾਣੀ ਨੇ ਦੱਸਿਆ ਕਿ 30 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਉਨ੍ਹਾਂ ਦੀ ਮਿਹਨਤ ਅਤੇ ਸ਼ਾਨਦਾਰ ਪ੍ਰਦਰਸ਼ਨ ਨੂੰ ਦਰਸਾਉਂਦਾ ਹੈ।ਦੇਵਾਂਸ਼ 96%, ਹਰਜ਼ਿਤਾ 95%, ਵੇਂਜਲ 95%, ਹਰਸ਼ਵੀਰ ਸਿੰਘ ਪਠਾਨੀਆ 95%, ਨਿਮਿੱਤ 95%, ਰਿਸ਼ਭ ਕੁੰਡੂ 95%, ਸਰਵਗਿਆ ਮਹਾਜਨ 95%, ਧਰੁਵ ਪਾਲ ਲਖਨ 94%, ਰਮਨਦੀਪ 93%, ਸੁਹਾਨੀ ਕਪੂਰ 93%, ਗਮਰਾ 92%, ਹਿਮਾਨੀ ਠਾਕੁਰ 92%, ਰਿਤਿਕਾ ਰਾਣੀ 92%, ਮਾਧਵ ਸਿੰਘ 92%, ਲਕਸ਼ਿਆ 92%, ਲਾਵਣਿਆ ਮਹਾਜਨ 91%, ਏਨਾਇਤਾ 91%, ਅਕਸਾ ਮਲਿਕ 91%, ਪੁਲਕਿਤ ਸਿੰਘ ਸ਼ੇਖਾਵਤ 91%, ਸੰਦੀਪ ਮੰਡਲ 91%, ਮੁਸਕਾਨ ਅਲੀ ਵਾਨੀ 91%, ਪਾਰਥ ਵਰਮਾ 90%, ਯੁਵਰਾਜ ਸਿੰਘ ਪਠਾਨੀਆ 90%, ਪਟੇਲ ਸ੍ਰਿਸ਼ਟੀ ਧਰਮਿੰਦਰ ਕੁਮਾਰ 90%, ਵੰਸ਼ਿਤ ਸਪੋਲੀਆ 90%, ਸੁਸ਼ੈਨ ਮਾਗੋਤਰਾ 90%, ਆਰੀਆ ਮਹਾਜਨ 90%, ਜ਼ੈਨਾ 90%, ਹਰਸ਼ਵਰਧਨ ਸਿੰਘ ਸਲਾਰੀਆ 90% ਨੰਬਰ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਦੁਆਰਾ ਸਨਮਾਨਿਤ ਕੀਤਾ ਗਿਆ।

# ਨਸ਼ਾ ਤਸਕਰਾਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਅੱਗੇ ਗੋਡੇ ਟੇਕਣੇ ਹੀ ਪੈਣਗੇ: ਧਾਲੀਵਾਲ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਭਾਰਤ ਪਾਕਿ ਸਰਹੱਦ ਦੇ ਨੇੜੇ ਪਿੰਡ ਬਲੜਵਾਲ, ਅਬਾਦੀ ਹਰਨਾਮ ਸਿੰਘ ਤੇ ਪਿੰਡ ਦੀਨੇਵਾਲੀ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਤਹਿਤ ਕਰਵਾਈਆਂ ਗਈਆਂ ਪ੍ਰਭਾਵਸ਼ਾਲੀ ਜਾਗਰੂਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਅੱਗੇ ਨਸ਼ਾ ਤਸਕਰਾਂ ਨੂੰ ਗੋਡੇ ਟੇਕਣੇ ਹੀ ਪੈਣਗੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਾਬਕਾ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ 'ਚ ਧਕੇਲਣ ਲਈ ਕੋਈ ਕਸਰ ਨਹੀਂ ਛੱਡੀ ਅਤੇ ਪੰਜਾਬ ਦੀ ਕੌਮੀ ਪੱਧਰ ਤੇ ਹੁੰਦੀ ਬਦਨਾਮੀ ਦੇ ਮੱਦੇਨਜ਼ਰ ਬਾਲੀਵੁੱਡ ਤੇ ਪੰਜਾਬੀ ਸਿਨੇਮਾ ਨੇ ਇਸ ਮੁੱਦੇ ਨੂੰ ਵਪਾਰਕ ਨੁਕਤੇ ਨਾਲ ਭੁਨਾਉਣ ਲਈ ਉਡਦਾ ਪੰਜਾਬ ਜਿਹੀਆਂ ਪੰਜਾਬੀਆਂ ਦੇ ਨਸ਼ਿਆਂ 'ਚ ਗ੍ਰਸਤ ਹੋਣ ਦੀਆਂ ਫਿਲਮਾਂ ਬਣਾਈਆਂ, ਪਰ ਹੁਣ ਉਡਦਾ ਪੰਜਾਬ ਨਹੀਂ ਸਗੋਂ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਬਦਲਦਾ ਪੰਜਾਬ-ਰੰਗਲਾ ਪੰਜਾਬ ਦੀ ਸਿਰਜਣਾ ਹੋ ਰਹੀ ਹੈ।ਹੁਣ ਨੌਜੁਆਨ ਪੀੜ੍ਹੀ ਚਿੱਟਾ (ਨਸ਼ਾ) ਵੇਚਦੇ, ਚਿੱਟੇ ਦੇ ਟੀਕੇ ਲਗਾਉਂਦੇ ਜਾਂ ਹੋਰ ਸਿੰਥੈਟਿਕ ਨਸ਼ੇ ਕਰਦੇ ਨਹੀਂ, ਸਗੋਂ ਖੇਡਾਂ ਦੇ ਮੈਦਾਨ 'ਚ ਆਪਣੇ ਸਿਹਤਮੰਦ ਜੁੱਸੇ ਦਾ ਪ੍ਰਗਟਾਵਾ ਕਰਦੇ, ਨੌਕਰੀਆਂ ਸਣੇ ਸਵੈ ਰੁਜ਼ਗਾਰ 'ਚ ਮੱਲਾਂ ਮਾਰਦੇ ਹੋਏ ਆਪਣੇ ਹੱਥੀਂ ਰੰਗਲੇ ਪੰਜਾਬ ਦੀ ਸਿਰਜਣਾ ਕਰਦੇ ਹੋਏ ਦਿਸਣਗੇ।

ਇਨ੍ਹਾਂ ਨਸ਼ਾ ਰੈਲੀਆਂ ਦੌਰਾਨ ਧਾਲੀਵਾਲ ਵੱਲੋਂ ਅਫਸਰਾਂ ਸਮੇਤ, ਡਿਫੈਂਸ ਕਮੇਟੀਆਂ, ਪੰਚਾਇਤਾਂ, ਨੰਬਰਦਾਰਾਂ ਤੇ ਹੋਰ ਮੋਹਤਬਰਾਂ ਨੂੰ ਨਸ਼ਿਆਂ ਵਿਰੁੱਧ ਹਲਫ ਦਿਵਾਇਆ ਗਿਆ।

ਇਸ ਮੌਕੇ ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਅਰੋੜਾ, ਡੀਐੱਸਪੀ ਗੁਰਵਿੰਦਰ ਸਿੰਘ, ਬੀਡੀਪੀਓ ਅਜਨਾਲਾ ਸਿਤਾਰਾ ਸਿੰਘ ਵਿਰਕ, ਐੱਸਐੱਚਓ ਅਜਨਾਲਾ ਮੁਖਤਿਆਰ ਸਿੰਘ ਤੇ ਵੱਖ-ਵੱਖ ਵਿਭਾਗਾਂ ਦੇ ਅਫਸਰ, ਪੰਚ/ ਸਰਪੰਚ ਵੱਡੀ ਗਿਣਤੀ 'ਚ ਮੌਜੂਦ ਸਨ।

# ਸ਼ਿਆਓਮੀ ਕਿਊਐੱਲਈਡੀਐੱਫ ਐਕਸ ਪ੍ਰੋ ਤੇ 4ਕੇ ਐੱਫਐਕਸ ਸੀਰੀਜ਼ ਲਾਂਚ

ਪਟਿਆਲਾ:ਇੱਕ ਗਲੋਬਲ ਟੈਕਨਾਲੋਜੀ ਲੀਡਰ, ਸ਼ਿਆਓਮੀ ਇੰਡੀਆ ਸ਼ਿਆਓਮੀ ਕਿਊਐੱਲਈਡੀ ਟੀਵੀ ਐੱਫ ਐਕਸ ਪ੍ਰੋ ਅਤੇ ਸ਼ਿਆਓਮੀ 4ਕੇ ਟੀਵੀ ਐੱਫ. ਐਕਸ ਸੀਰੀਜ਼ ਨੂੰ ਬਿਲਟ-ਇਨ ਫਾਇਰ ਟੀਵੀ ਦੇ ਨਾਲ ਲਾਂਚ ਕਰਕੇ ਘਰੇਲੂ ਮਨੋਰੰਜਨ ਦੇ ਅਨੁਭਵ ਨੂੰ ਲਗਾਤਾਰ ਬਿਹਤਰ ਬਣਾ ਰਿਹਾ ਹੈ।ਇਸ ਲਾਂਚ 'ਤੇ ਟਿੱਪਣੀ ਕਰਦੇ ਹੋਏ ਸ਼ਿਆਓਮੀ ਇੰਡੀਆ ਦੇ ਮੁੱਖ ਮਾਰਕੀਟਿੰਗ ਅਫਸਰ ਅਨੁਜ ਸ਼ਰਮਾ ਨੇ ਕਿਹਾ ਕਿ ਸ਼ਿਆਓਮੀ ਇੰਡੀਆ ਵਿਖੇ ਅਸੀਂ ਸਮਝਦੇ ਹਾਂ ਕਿ ਇੱਕ ਨਿਵੇਕਲੇ ਘਰੇਲੂ ਮਨੋਰੰਜਨ ਅਨੁਭਵ ਲਈ ਵਧੀਆ ਵਿਜ਼ੂਅਲ ਅਤੇ ਸਾਊਂਡ ਬਹੁਤ ਮਹੱਤਵਪੂਰਨ ਹਨ।ਸ਼ਿਆਓਮੀ ਕਿਊਐੱਲਈਡੀ ਟੀਵੀ ਐੱਫ. ਐਕਸ ਪ੍ਰੋ ਇਸ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹੋਏ ਸ਼ਾਨਦਾਰ ਵਿਜ਼ੂਅਲ, ਇਮਰਸਿਵ ਆਡੀਓ ਅਤੇ ਫਾਇਰ ਟੀਵੀ ਬਿਲਟ-ਇਨ, ਅਲੈਕਸਾ ਵਾਇਸ ਅਸਿਸਟੈਂਟ ਅਤੇ ਪਿਕਚਰ-ਇਨ-ਪਿਕਚਰ ਮੋਡ ਵਰਗੀਆਂ ਅਤਿ-ਆਧੁਨਿਕ ਵਿਸ਼ੇਸ਼ਤਾਵਾਂ ਪੇਸ਼ ਕਰਦਾ ਹੈ ਤਾਂ ਜੋ ਹਰ ਪਲ ਨੂੰ ਬਿਹਤਰ ਬਣਾਉਣ ਵਾਲਾ ਮਨੋਰੰਜਨ ਦਾ ਇੱਕ ਸ਼ਾਨਦਾਰ, ਦਿਲਚਸਪ ਈਕੋਸਿਸਟਮ ਪ੍ਰਦਾਨ ਕੀਤਾ ਜਾ ਸਕੇ।

# ਕਟਾਰੂਚੱਕ ਵੱਲੋਂ ਡੇਰਾ ਬਾਬਾ ਬਸੰਤਪੁਰੀ ਵਿਖੇ ਐੱਸ. ਟੀ. ਪੀ. ਦੇ ਨਿਰਮਾਣ ਕਾਰਜਾਂ ਦਾ ਆਰੰਭ



ਪਠਾਨਕੋਟ (ਦਵਿੰਦਰ ਸਿੰਘ)-ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਉਪਰਾਲਿਆਂ ਸਦਕਾ ਅੱਜ ਡੇਰਾ ਬਾਬਾ ਬਸੰਤਪੁਰੀ ਵਿਖੇ 4.29 ਕਰੋੜ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਨਿਰਮਾਣ ਕਾਰਜ ਦਾ ਅਰੰਭ ਕੀਤਾ ਗਿਆ ਹੈ ਜਿਸ ਨਾਲ ਕਰੀਬ 4-5 ਪਿੰਡਾਂ ਦੇ ਲੋਕਾਂ ਨੂੰ ਲਾਭ ਹੋਵੇਗਾ।ਇਹ ਪਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਡੇਰਾ ਬਾਬਾ ਬਸੰਤਪੁਰੀ ਵਿਖੇ ਐੱਸ. ਟੀ. ਪੀ. ਦੇ ਉਦਘਾਟਨ ਮਗਰੋਂ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਹਣ ਲਾਲ ਬਲਾਕ ਪ੍ਰਧਾਨ, ਬਰਜਿੰਦਰ ਕੌਰ ਬਲਾਕ ਪ੍ਰਧਾਨ, ਸੋਨੂੰ ਮਹਾਜਨ ਮੈਂਬਰ ਪੰਚਾਇਤ, ਦਰਸ਼ਨ ਸਿੰਘ ਮੈਂਬਰ ਪੰਚਾਇਤ, ਸੁਖਵਿੰਦਰ ਕੌਰ ਮੈਂਬਰ ਪੰਚਾਇਤ, ਪਵਨ ਕੁਮਾਰ ਮੈਂਬਰ ਪੰਚਾਇਤ, ਪੂਜਾ ਦੇਵੀ ਮੈਂਬਰ ਪੰਚਾਇਤ, ਤ੍ਰਿਪਤਾ ਦੇਵੀ ਮੈਂਬਰ ਪੰਚਾਇਤ, ਕਰਨਜੀਤ ਸਰਪੰਚ ਡੇਰਾ ਬਾਬਾ ਬਸੰਤਪੁਰੀ, ਮੋਜੀ ਸਰਨਾ, ਐਕਸੀਅਨ ਦਿਵਤੇਸ ਵਿਰਦੀ, ਐੱਸਡੀਓ ਲੋਕੇਸ ਵਰਮਾ, ਜੇ. ਈ. ਧੀਰਜ, ਜੇ. ਈ. ਜਗਦੀਸ਼ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ। ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਪੰਜ ਵਾਰਡ ਵਿਸ਼ੇਸ਼ ਤੌਰ 'ਤੇ ਸਰਨਾ ਦੇ ਵਾਰਡ 43,44,47 ਦੇ ਲੋਕਾਂ ਨੂੰ ਇਸ ਐੱਸ. ਟੀ. ਪੀ. ਦਾ ਲਾਭ ਹੋਵੇਗਾ ਕਿਉਂਕਿ ਇਨ੍ਹਾਂ ਵਾਰਡਾਂ ਅੰਦਰ ਸੀਵਰੇਜ ਤਾਂ ਪਹਿਲਾਂ ਹੀ ਪਾ ਦਿੱਤਾ ਗਿਆ ਸੀ ਪਰ ਸੀਵਰੇਜ ਟ੍ਰੀਟਮੈਂਟ ਪਲਾਂਟ ਨਾ ਲੱਗਾ ਹੋਣ ਕਰਕੇ ਪ੍ਰੇਸ਼ਾਨੀ ਆ ਰਹੀ ਸੀ ਅਤੇ ਹੁਣ ਐੱਸ. ਟੀ. ਪੀ. ਦੇ ਨਿਰਮਾਣ ਤੋਂ ਬਾਅਦ ਉਪਰੋਕਤ ਵਾਰਡਾਂ ਦੇ ਲੋਕਾਂ ਨੂੰ ਸਿੱਧੇ ਤੌਰ 'ਤੇ ਇਸ ਦਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਕਰੀਬ 12 ਹਜਾਰ ਪਰਿਵਾਰਾਂ ਨੂੰ ਇਸ ਐਸ. ਟੀ. ਪੀ. ਦਾ ਲਾਭ ਹੋਵੇਗਾ।

# ਨਵ ਚੇਤਨ ਸਕੂਲ ਖਾਗ ਦਾ 10ਵੀਂ ਜਮਾਤ ਦਾ ਨਤੀਜਾ ਸ਼ਾਨਦਾਰ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੀਬੀਐੱਸਈ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਨਵ ਚੇਤਨ ਸਕੂਲ ਖਾਰਾ ਦਾ ਦਸਵੀਂ ਜਮਾਤ ਦੀ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਵਾਈਸ ਚੇਅਰਮੈਨ ਮਨਮੋਹਨ ਸਿੰਘ, ਮੈਨੇਜਰ ਵਰਿੰਦਰਦੀਪ ਸਿੰਘ ਬੇਦੀ, ਸੈਕਟਰੀ ਪ੍ਰਤਾਪ ਸਿੰਘ ਕਾਹਲੋਂ ਅਤੇ ਪ੍ਰਿੰ. ਰਛਪਾਲ ਕੌਰ ਕਾਹਲੋਂ ਨੇ ਦੱਸਿਆ ਕਿ ਦਸਵੀਂ ਜਮਾਤ ਵਿੱਚੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਅਤੀਆ-ਤੁਲ-ਵਕੀਲ ਨੇ 93.5% (655 /700) ਨੰਬਰ ਲੈ ਕੇ ਪਹਿਲਾ ਸਥਾਨ, ਸਮਰੀਨ ਕਮਰ ਨੇ 93.4% ( 654/700) ਨੰਬਰ ਲੈ ਕੇ ਦੂਸਰਾ ਸਥਾਨ, ਖੁਸ਼ਦੀਪ ਕੌਰ ਨੇ 93.1% (652/700) ਨੰਬਰ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਜਦਕਿ ਮਹਿਕਦੀਪ ਸਿੰਘ ਨੇ 92.2% ਅਵਨੀਤ ਕੌਰ ਨੇ 91% ਕਿਰਨਦੀਪ ਕੌਰ ਨੇ 90% ਸਲਾਹੁਦੀਨ ਚੌਧਰੀ ਨੇ 90% ਅੰਕ ਹਾਸਲ ਕਰਕੇ ਆਪਣੀ ਅਣਥੱਕ ਮਿਹਨਤ ਦਾ ਸਬੂਤ ਦੇ ਕੇ ਆਪਣੀ ਸੰਸਥਾ ਤੇ ਮਾਤਾ ਪਿਤਾ ਦੇ ਮਾਣ ਨੂੰ ਹੋਰ ਵਧਾਇਆ ਹੈ। ਸਕੂਲ ਪ੍ਰਿੰ. ਰਛਪਾਲ ਕੌਰ ਕਾਹਲੋਂ ਨੇ ਦੱਸਿਆ ਸਕੂਲ ਦੇ 20 ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ ਪ੍ਰਾਪਤ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਜੋ ਸਮੇਂ ਦੀ ਕਦਰ ਕਰਦਾ ਹੈ ਅਤੇ ਧੀਰਜ ਤੇ ਲਗਨ ਨਾਲ ਮਿਹਨਤ ਕਰਦਾ ਹੈ, ਉਹੀ ਸਮੇਂ ਦੀ ਰਫਤਾਰ ਨਾਲ ਆਪਣੇ ਕਦਮ ਮਿਲਾਉਂਦਾ ਹੈ ਤੇ ਆਉਣ ਵਾਲੇ ਸਮੇਂ ਦਾ ਕਾਮਯਾਬ ਇਨਸਾਨ ਬਣਦਾ ਹੈ। ਸਕੂਲ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਨੇ ਇਸ ਸ਼ਾਨਦਾਰ ਨਤੀਜੇ 'ਤੇ ਸਮੂਹ ਸਕੂਲ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਸੈਕਰਡ ਟੱਚ ਪਬਲਿਕ ਸਕੂਲ ਨੂੰ ਦਸਵੀਂ ਦੇ ਵਧੀਆ ਨਤੀਜਿਆਂ ਦਾ ਮਾਣ ਹਾਸਲ




ਅੰਮ੍ਰਿਤਸਰ (ਅਰੋੜਾ): ਸੈਕਰਡ ਟੱਚ ਪਬਲਿਕ ਸਕੂਲ ਨਜ਼ਦੀਕ ਪੁਰਾਣੀ ਚੁੰਗੀ, ਜੀ.ਟੀ. ਰੋਡ, ਛੇਹਰਟਾ, ਅੰਮ੍ਰਿਤਸਰ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨਿਆ ਮੈਟ੍ਰਿਕ ਦਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ। ਤਨਮੀਤ ਕੌਰ ਨੇ 95.8 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਸੁਜਲਪ੍ਰੀਤ ਕੌਰ ਅਤੇ ਏਕਾਂਤਿਕਾ ਨੇ 95.3 ਪ੍ਰਤੀਸ਼ਤ ਅੰਕ ਲੈ ਦੂਸਰਾ ਸਥਾਨ ਅਤੇ ਨਵਨੀਤ ਕੌਰ ਨੇ 94.9 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਪ੍ਰਿੰਸੀਪਲ ਸਲਿਲ ਸਾਗਰ ਅਤੇ ਸਕੱਤਰ ਅਜੇ ਅਰੋੜਾ ਨੇ ਚੰਗੇ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੇ ਲਈ ਸ਼ੁਭਕਾਮਨਾਵਾਂ ਦਿੱਤੀਆਂ।ਸਕੂਲ ਦੇ 19 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ।ਸਕੂਲ ਦੇ ਪ੍ਰਿੰਸੀਪਲ ਸਲਿਲ ਸਾਗਰ, ਚੇਅਰਮੈਨ ਐਡਵੋਕੇਟ ਗਿਆਨ ਸਾਗਰ, ਵਾਈਸ ਪ੍ਰਿੰਸੀਪਲ ਪ੍ਰਤਿਸ਼ਠਾ ਅਰੋੜਾ ਨੇ ਸਾਰੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ।

# ਵਿਧਾਇਕ ਰੰਧਾਵਾ ਨੇ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਤੋਂ ਸਹਿਯੋਗ ਮੰਗਿਆ

## * ਨਿੱਕੋਸਰਾ ਕਲਾਂ, ਤਲਵੰਡੀ ਰਾਮਾ ਤੇ ਪੱਬਾਂਰਾਲੀ ਕਲਾਂ 'ਚ ਜਾਗਰੂਕਤਾ ਸਭਾਵਾਂ ਨੂੰ ਕੀਤਾ ਸੰਬੋਧਨ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਨਿੱਕੋਸਰਾ ਕਲਾਂ, ਤਲਵੰਡੀ ਰਾਮਾ ਤੇ ਪੱਬਾਂਰਾਲੀ ਕਲਾਂ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਕੀਤੀਆਂ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕੀਤਾ।ਸ. ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਵੇਗੀ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਹਰ ਪਿੰਡ, ਕਸਬੇ ਤੇ ਸ਼ਹਿਰ ਵਿੱਚ ਪਹੁੰਚ ਕੀਤੀ ਜਾ ਰਹੀ ਹੈ ਤਾਂ ਕਿ ਸਾਰੇ ਵਰਗਾਂ ਦਾ ਸਹਿਯੋਗ ਲੈ ਕੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕੀਤਾ ਜਾ ਸਕੇ।ਇਸ ਮੌਕੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਹਾਜ਼ਰੀਨ ਨੂੰ ਨਸ਼ਿਆਂ ਦਾ ਖਾਤਮਾ ਕਰਨ ਲਈ ਸਹੁੰ ਵੀ ਚੁਕਾਈ।ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕਿਸੇ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ, ਰਾਜ ਸਰਕਾਰ ਵੱਲੋਂ ਉਨ੍ਹਾਂ ਦਾ ਮੁਫਤ ਇਲਾਜ ਕਰਵਾਇਆ ਜਾ ਰਿਹਾ ਹੈ ਅਤੇ ਉਹ ਅਜਿਹੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਹੋ ਕੇ ਆਪਣਾ ਇਲਾਜ ਜ਼ਰੂਰ ਕਰਵਾਉਣ।ਇਸ ਮੌਕੇ ਡੀ. ਐੱਸ. ਪੀ. ਡੇਰਾ ਬਾਬਾ ਨਾਨਕ ਸ. ਜੋਗਾ ਸਿੰਘ, ਬੀ. ਡੀ. ਪੀ. ਓ. ਅਮਨਦੀਪ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਿੰਡਾਂ ਦੇ ਮੋਹਤਬਰ ਹਾਜ਼ਰ ਸਨ।

# ਜਥੇਬੰਦਕ ਮਜ਼ਬੂਤੀ, ਵਿਸ਼ਾਲ ਏਕਤਾ ਤੇ ਤਿੱਖੇ ਘੋਲਾਂ ਨਾਲ ਹੀ ਲੋਕ ਮਸਲੇ ਹੱਲ ਹੋ ਸਕਦੇ ਨੇ : ਅਜਨਾਲਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜਮਹੂਰੀ ਕਿਸਾਨ ਸਭਾ ਜਿਲਾ ਗੁਰਦਾਸਪੁਰ ਦੀ ਇੱਕ ਉਚੇਚੀ ਮੀਟਿੰਗ ਸ਼ਹੀਦ ਬਲਜੀਤ ਸਿੰਘ ਭਵਨ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ ਨੇ ਕੀਤੀ ਜਦ ਕਿ ਸੂਬਾ ਪ੍ਰਧਾਨ ਸਤਨਾਮ ਸਿੰਘ ਅਜਨਾਲਾ ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ ਤੇ ਸ਼ਾਮਿਲ ਹੋਏ । ਮੀਟਿੰਗ ਨੂੰ ਸੰਬੋਧਨ ਕਰਦਿਆਂ ਸਤਨਾਮ ਸਿੰਘ ਅਜਨਾਲਾ ਹੋਰਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਲੋਕਾਂ ਦੇ ਮਸਲੇ ਲਗਾਤਾਰ ਵਧਦੇ ਜਾ ਰਹੇ ਹਨ।ਗਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਬੇਕਾਬੂ ਹੋ ਗਈ ਹੈ।ਹੱਕ ਮੰਗਦੇ ਲੋਕਾਂ ਨੂੰ ਬੁਰੀ ਤਰਾਂ ਪਰੇਸ਼ਾਨ ਕੀਤਾ ਜਾਂਦਾ ਹੈ।ਉਹ ਮਸਲੇ ਜੋ ਇੱਕ ਮਸਾਲੀ ਸਾਂਝੇ ਯਤਨਾਂ ਨਾਲ ਸੰਯੁਕਤ ਕਿਸਾਨ ਮੋਰਚਾ ਬਣਾ ਕੇ ਹੱਲ ਕੀਤੇ ਸਨ ਉਸ ਮੋਰਚੇ ਨੂੰ ਕੇਂਦਰ ਸਰਕਾਰ ਤੋੜਨਾ ਚਾਹੁੰਦੀ ਹੈ। ਉਨ੍ਹਾਂ ਨੇ ਪਹਿਲਗਾਮ ਘਟਨਾ ਦਾ ਜ਼ਿਕਰ ਕਰਦਿਆਂ ਹੈਰਾਨੀ ਪ੍ਰਗਟ ਕਿ 22 ਅਪ੍ਰੈਲ ਨੂੰ ਉਥੇ ਸੁਰੱਖਿਆ ਬਲ ਕਿਉਂ ਮੌਜੂਦ ਨਹੀਂ ਸੀ। ਉਨ੍ਹਾਂ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਅਤੇ 20 ਮਈ ਨੂੰ ਮਜ਼ਦੂਰਾਂ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸਾਂਝੇ ਪ੍ਰਦਰਸ਼ਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿੰਨਾ ਚਿਰ ਤੱਕ ਜਥੇਬੰਦੀਆਂ ਮਜ਼ਬੂਤ ਨਹੀਂ ਹੁੰਦੀਆਂ ਅਤੇ ਵਿਸ਼ਾਲ ਏਕਤਾ ਕਰਕੇ ਤਿੱਖੇ ਸੰਘਰਸ਼ ਨਹੀਂ ਕਰਨਗੀਆਂ ਉਨਾ ਚਿਰ ਲੋਕਾਂ ਦੇ ਮਸਲੇ ਹੱਲ ਨਹੀਂ ਹੋ ਸਕਦੇ।ਮੀਟਿੰਗ ਨੂੰ ਹਰਜੀਤ ਸਿੰਘ ਕਾਹਲੋਂ, ਰਘਬੀਰ ਸਿੰਘ ਪਖੀਵਾਂ, ਮੱਖਣ ਸਿੰਘ ਕੁਹਾੜ, ਜਗੀਰ ਸਿੰਘ ਸਲਾਚ, ਅਜੀਤ ਸਿੰਘ ਹੁੰਦਲ, ਅਵਤਾਰ ਸਿੰਘ ਠੱਠਾ, ਬਲਜੀਤ ਸਿੰਘ ਕਲਾਨੌਰ, ਰਘਬੀਰ ਸਿੰਘ ਚਾਹਲ, ਕਪੂਰ ਸਿੰਘ ਘੁੰਮਣ ਗੁਰਮੀਤ ਸਿੰਘ ਥਾਣੇਵਾਲ ਬਲਬੀਰ ਸਿੰਘ ਮਾੜੇ ਆਦਿ ਨੇ ਵੀ ਸੰਬੋਧਨ ਕੀਤਾ।

# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਤੇ ਸੌ ਫੀਸਦੀ ਰਿਹਾ। ਇਸ ਸਬੰਧੀ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਦੱਸਿਆ ਕਿ ਇਸ ਸਾਲ ਸਕੂਲ ਦੇ ਕੁੱਲ 84 ਵਿਦਿਆਰਥੀਆਂ ਨੇ ਦਸਵੀਂ ਜਮਾਤ ਦੀ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਜਪਨੀਤ ਸਿੰਘ ਨੇ 96.4% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ, ਪਾਇਲ ਨੇ 93.8% ਅੰਕਾਂ ਨਾਲ ਦੂਜਾ ਸਥਾਨ ਅਤੇ ਸੋਨਮਪ੍ਰੀਤ ਕੌਰ ਨੇ 90.1%, ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ, ਜਦਕਿ ਸੁਨੇਹਾ ਨੇ 89.5%, ਸੁਖਜੀਤ ਸਿੰਘ ਨੇ 88.9% ਅਤੇ ਤਨਵੀਰ ਕੌਰ ਨੇ 88.6% ਅੰਕ ਹਾਸਿਲ ਕਰਕੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ ਹੈ। ਇਨ੍ਹਾਂ ਵਿੱਚੋਂ ਤਿੰਨ ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ, 13 ਵਿਦਿਆਰਥੀਆਂ 80% ਤੋਂ ਉੱਪਰ, 39 ਵਿਦਿਆਰਥੀ 70% ਤੋਂ ਉੱਪਰ ਅਤੇ 29 ਵਿਦਿਆਰਥੀਆਂ 60% ਤੋਂ ਉੱਪਰ ਨੰਬਰ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸ਼ਾਨਦਾਰ ਨਤੀਜੇ 'ਤੇ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ, ਪ੍ਰਧਾਨ ਗੁਰਦੇਵ ਸਿੰਘ ਸੋਹਲ (ਐਡਵੋਕੇਟ) ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ ਅਤੇ ਕੁਲਦੀਪ ਸਿੰਘ ਸੋਹਲ ਨੇ ਸਕੂਲ ਦੇ ਮਿਹਨਤੀ ਸਟਾਫ ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਧਾਲੀਵਾਲ ਨੇ ਸ਼ਰਾਬ ਹਾਦਸੇ ਦੇ ਪੀੜਤਾਂ ਨੂੰ ਦਿੱਤੇ ਮੁਆਵਜ਼ਾ ਰਾਸ਼ੀ ਦੇ ਚੈੱਕ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਇਥੋਂ ਪੰਜ ਕਿਲੋਮੀਟਰ ਦੀ ਵਿਥ ਤੇ ਪਿੰਡ ਭੰਗਵਾਂ ਵਿਖੇ ਪਹੁੰਚ ਕੇ ਸ਼ਰਾਬ ਹਾਦਸੇ ਦੇ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੀ ਮੁਆਵਜ਼ਾ ਰਾਸ਼ੀ ਦੇ ਬਾਕੀ ਰਹਿੰਦਿਆਂ ਨੂੰ ਚੈਕ ਦਿੱਤੇ।ਉਨ੍ਹਾਂ ਅੱਜ ਇਸ ਪਿੰਡ ਦੇ ਪੀੜਤ ਚਾਰ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਚੈੱਕ ਦਿੱਤੇ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਇਸ ਹਾਦਸੇ ਨਾਲ ਕਈ ਘਰਾਂ ਦੇ ਕਮਾਊ ਜੀਅ ਘਰੋਂ ਤੁਰ ਗਏ ਹਨ, ਸਰਕਾਰ ਨੇ ਆਪਣਾ ਫਰਜ਼ ਸਮਝਦੇ ਹੋਏ ਇਹਨਾਂ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਆਰਥਿਕ ਸਹਾਇਤਾ ਮੁਆਵਜ਼ੇ ਵਜੋਂ ਦਿੱਤੀ ਹੈ।ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਨੇ ਇਹ ਵੀ ਐਲਾਨ ਕੀਤਾ ਹੈ ਕਿ ਇਨ੍ਹਾਂ ਮ੍ਰਿਤਕਾਂ ਦੇ ਸਸਕਾਰ ਅਤੇ ਭੋਗ ਉੱਤੇ ਆਉਣ ਵਾਲਾ ਸਾਰਾ ਖਰਚ ਵੀ ਅਸੀਂ ਕਰਾਂਗੇ।ਇਸ ਤੋਂ ਇਲਾਵਾ ਜੋ ਬੱਚੇ ਪੜ੍ਹਨ ਦੇ ਯੋਗ ਹਨ ਉਨ੍ਹਾਂ ਨੂੰ ਪੜ੍ਹਾਇਆ ਵੀ ਜਾਵੇਗਾ।ਉਨ੍ਹਾਂ ਨੇ ਹਾਜ਼ਰ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਜਿਨਾਂ ਪਰਿਵਾਰਾਂ ਦੇ ਕੋਲ ਕੱਚੇ ਘਰ ਹਨ ਜਾਂ ਰਹਿਣ ਲਈ ਛੱਤ ਨਹੀਂ ਹੈ, ਉਹਨਾਂ ਦੇ ਕੇਸ ਵੀ ਦਿੱਤੇ ਜਾਣ ਤਾਂ ਜੋ ਉਹਨਾਂ ਨੂੰ ਪੱਕਾ ਘਰ ਬਣਾ ਕੇ ਦਿੱਤਾ ਜਾ ਸਕੇ। ਧਾਲੀਵਾਲ ਨੇ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਹਨਾਂ ਲੋੜਵੰਦ ਪਰਿਵਾਰਾਂ ਦੀ ਬਾਂਹ ਫੜਨ ਤਾਂ ਜੋ ਇਹ ਆਪਣਾ ਔਖਾ ਸਮਾਂ ਕੱਟ ਸਕਣ। ਉਹਨਾਂ ਕਿਹਾ ਕਿ ਹਾਦਸੇ ਦੇ ਦੋਸ਼ੀਆਂ ਨੂੰ ਫੜ ਲਿਆ ਗਿਆ ਹੈ ਅਤੇ ਪੁਲਸ ਆਪਣਾ ਕੰਮ ਕਰ ਰਹੀ ਹੈ।ਸਰਕਾਰ ਇਨ੍ਹਾਂ ਮੌਤਾਂ ਤੇ ਸੌਦਾਗਰਾਂ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਉਣ ਲਈ ਚਾਰਜੋਈ ਕਰੇਗੀ ਤਾਂ ਜੋ ਭਵਿੱਖ ਵਿੱਚ ਇਹੋ ਜਿਹੀਆਂ ਅਣਹੋਣੀਆਂ ਘਟਨਾਵਾਂ ਨਾ ਵਾਪਰਨ। ਇਸ ਮੌਕੇ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਅਤੇ ਪਾਰਟੀ ਦੇ ਹੋਰ ਮੋਹਤਬਰ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ।

# 10.2 ਕਿਲੋਗ੍ਰਾਮ ਹੈਰੋਇਨ ਸਮੇਤ 3 ਕਾਬੂ



ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੌਰਾਨ ਸਰਹੱਦ ਪਾਰੋਂ ਨਸ਼ਾ ਤਸਕਰੀ ਨੂੰ ਕਰਾਰਾ ਝਟਕਾ ਦਿੰਦਿਆਂ ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਅੰਤਰਰਾਸ਼ਟਰੀ ਨਾਰਕੋ ਤਸਕਰੀ ਗਿਰੋਹ ਦੇ ਤਿੰਨ ਕਾਰਕੁਨਾਂ ਨੂੰ 10.2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਇਸ ਗਿਰੋਹ ਦਾ ਪਰਦਾਫਾਸ਼ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਪਛਾਣ ਆਕਾਸ਼ਦੀਪ ਸਿੰਘ (22) ਅਤੇ ਆਕਾਸ਼ ਉਰਫ਼ ਮੋਟਾ (19) ਦੋਵੇਂ ਵਾਸੀ ਚੀਮਾ ਕਲਾਂ, ਤਰਨਤਾਰਨ ਅਤੇ ਸੰਦੀਪ ਸਿੰਘ (30) ਵਾਸੀ ਕੋਟਲੀ ਵਸਾਵਾ ਸਿੰਘ, ਤਰਨਤਾਰਨ ਵਜੋਂ ਹੋਈ ਹੈ।ਹੈਰੋਇਨ ਦੀ ਬਰਾਮਦਗੀ ਤੋਂ ਇਲਾਵਾ ਪੁਲਸ ਟੀਮਾਂ ਨੇ ਉਨ੍ਹਾਂ ਦੇ ਦੋ ਮੋਟਰਸਾਈਕਲ ਜਿਨ੍ਹਾਂ ਦੀ ਵਰਤੋਂ ਹੈਰੋਇਨ ਦੀ ਡਿਲੀਵਰੀ ਕਰਨ ਲਈ ਕੀਤੀ ਜਾ ਰਹੀ ਸੀ, ਵੀ ਜ਼ਬਤ ਕਰ ਲਏ ਹਨ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਕਾਸ਼ਦੀਪ ਸਿੰਘ ਅਤੇ ਸੰਦੀਪ ਸਿੰਘ ਪਿਛਲੇ 6 ਸਾਲਾਂ ਤੋਂ ਪਾਕਿਸਤਾਨੀ ਤਸਕਰਾਂ ਦੇ ਸੰਪਰਕ ਵਿੱਚ ਸਨ।ਉਨ੍ਹਾਂ ਕਿਹਾ ਕਿ ਇਹ ਪਾਕਿਸਤਾਨੀ ਤਸਕਰ ਸਰਹੱਦ ਪਾਰੋਂ ਹੈਰੋਇਨ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ ਅਤੇ ਇਸ ਖੇਪ ਨੂੰ ਅੱਗੇ ਵੰਡਣ ਲਈ ਵੱਖ-ਵੱਖ ਥਾਵਾਂ ਤੇ ਡਲਿਵਰ ਕੀਤਾ ਜਾਂਦਾ ਸੀ।ਇਸ ਸਬੰਧੀ ਐੱਫਆਈਆਰ ਨੰਬਰ 127 ਮਿਤੀ 16-05-2025 ਨੂੰ ਐੱਨਡੀਪੀਐੱਸ ਐਕਟ ਦੀਆਂ ਧਾਰਾਵਾਂ 21-ਸੀ, 23 ਅਤੇ 29 ਤਹਿਤ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ ਵਿਖੇ ਦਰਜ ਕੀਤੀ ਗਈ ਹੈ।

# ਜਨਮ ਲੈਣ ਤੋਂ ਬਾਅਦ ਮਨੁੱਖ ਮਾਇਆ ਦਾ ਗੁਲਾਮ ਬਣ ਕੇ ਪ੍ਰਮਾਤਮਾ ਨੂੰ ਵਿਸਰ ਜਾਂਦਾ : ਸਵਾਮੀ ਸੰਗਿਆਮਾਨੰਦ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਸਬੇ ਦੇ ਨਜ਼ਦੀਕ ਪੈਂਦੇ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਸ਼ਹਿਜ਼ਾਦਾ ਆਸ਼ਰਮ ਵੱਲੋਂ ਇੱਕ ਸਤਿਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਸਵਾਮੀ ਸੰਗਿਆਮਾਨੰਦ ਨੇ ਸਤਿਸੰਗ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਮਨੁੱਖ ਮਾਇਆ ਦਾ ਗੁਲਾਮ ਬਣ ਕੇ ਪਰਮਾਤਮਾ ਨੂੰ ਭੁੱਲ ਗਿਆ ਹੈ।ਇਸ ਲਈ ਮਨੁੱਖੀ ਜੀਵਨ ਦਾ ਉਦੇਸ਼ ਪਰਮਾਤਮਾ ਦੀ ਪੂਜਾ ਕਰਨਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਸੀਂ ਪਰਮਾਤਮਾ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ, ਸਾਡੇ ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਜਦੋਂ ਵੀ ਸੱਚੀ ਭਾਵਨਾ ਵਾਲੇ ਵਿਅਕਤੀ ਵਿੱਚ ਪਰਮਾਤਮਾ ਦੀ ਭਗਤੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੁੰਦੀ ਹੈ,ਤਾਂ ਸਤਿਗੁਰੂ ਉਸਦੇ ਜੀਵਨ ਵਿੱਚ ਆਉਂਦੇ ਹਨ ਅਤੇ ਉਸ ਵਿਅਕਤੀ ਨੂੰ ਪਰਮਾਤਮਾ ਦੀ ਭਗਤੀ ਪ੍ਰਦਾਨ ਕਰਦੇ ਹਨ, ਜਦੋਂ ਉਹ ਵਿਅਕਤੀ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਕੇ ਸੇਵਾ ਅਤੇ ਭਗਤੀ ਕਰਦਾ ਹੈ, ਤਾਂ ਇਸ ਸਰੀਰ ਨੂੰ ਛੱਡਣ ਤੋਂ ਬਾਅਦ, ਉਹ ਪਰਮਾਤਮਾ ਦਾ ਨਿਵਾਸ ਪ੍ਰਾਪਤ ਕਰਦਾ ਹੈ। ਉਸ ਸਮੇਂ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਪਰਮਾਤਮਾ ਦੁਆਰਾ ਬਣਾਈ ਗਈ ਧਰਤੀ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਕੁਦਰਤ ਦੀ ਰੱਖਿਆ ਕਰਨੀ ਚਾਹੀਦੀ ਹੈ, ਜਿਵੇਂ ਕਿ ਸਾਨੂੰ ਰੁੱਖਾਂ, ਪੌਦਿਆਂ, ਜਾਨਵਰਾਂ ਅਤੇ ਪੰਛੀਆਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ, ਜੇ ਪਾਣੀ ਹੈ ਤਾਂ ਕੱਲ੍ਹ ਹੈ, ਅੱਜ ਦੇ ਸਮੇਂ ਵਿੱਚ, ਪਾਣੀ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ, ਪਰ ਅੱਜ ਦਾ ਮਨੁੱਖ ਇਸਨੂੰ ਬਰਬਾਦ ਕਰਨ ਵਿੱਚ ਲੱਗਾ ਹੋਇਆ ਹੈ, ਜੇਕਰ ਇਹੀ ਸਥਿਤੀ ਰਹੀ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਪ੍ਰਾਪਤ ਕਰਨ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ, ਇਸ ਲਈ ਸਾਨੂੰ ਜਾਗਰੂਕ ਹੋਣਾ ਪਵੇਗਾ ਤਾਂ ਜੋ ਇਸ ਧਰਤੀ ਦੇ ਪਾਣੀ ਨੂੰ ਬਚਾਇਆ ਜਾ ਸਕੇ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਇਸ ਸਾਲ ਵੀ 100 ਫੀਸਦੀ ਰਿਹਾ।ਪ੍ਰਿੰ. ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਅਰਸ਼ਪ੍ਰੀਤ ਕੌਰ ਨੇ 97%, ਹਰਮਨਪ੍ਰੀਤ ਕੌਰ ਨੇ 95%, ਪੁਨੀਤ ਕੌਰ ਨੇ 92%, ਸਿਮਰਨਦੀਪ ਕੌਰ ਨੇ 91%, ਰਵਨੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ 90 %, ਆਕਾਸ਼ਦੀਪ ਕੌਰ ਨੇ 89% ਅੰਕ ਪ੍ਰਾਪਤ ਕੀਤੇ ਹਨ ਜਦਕਿ ਸਕੂਲ ਦੇ ਬਾਕੀ ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ, ਮਾਪਿਆਂ, ਅਧਿਆਪਕਾਂ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਡਾਇਰੈਕਟਰ ਡਾਕਟਰ ਮਹਿੰਦਰ ਪਾਲ ਸਿੰਘ ਕਲੇਰ ਅਤੇ ਪ੍ਰਧਾਨ ਰਣਜੀਤ ਕੌਰ ਨੇ ਸਕੂਲ ਦੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਸਮੇਤ ਅਧਿਆਪਕਾ ਨੂੰ ਦਿੱਲੀ ਮੁਬਾਰਕ ਦਿੱਤੀ ਹੈ।ਇਸ ਮੌਕੇ ਸਕੂਲ ਅਧਿਆਪਕ ਅਜਮੇਰ ਸਿੰਘ ਮੈਡਮ ਸੁਖਮੀਤ ਕੌਰ ਚਾਹਲ, ਸੁਖਵੰਤ ਕੌਰ ਕੁਲਦੀਪ ਕੌਰ, ਪਰਮਿੰਦਰ ਕੌਰ, ਲਵਲੀਨ, ਸਵੀਟੀ, ਮਨਪ੍ਰੀਤ ਕੌਰ, ਮੈਡਮ ਪਰਮਿੰਦਰ ਕੌਰ, ਮਨਪ੍ਰੀਤ ਕੌਰ, ਕੁਲਵਿੰਦਰ ਕੌਰ, ਰਮਨਦੀਪ, ਸ਼ਿਲਪੀ, ਰੇਨੂ ਬਾਲਾ ਅਤੇ ਰੇਖਾ ਰਾਣੀ ਆਦਿ ਹਾਜ਼ਰ ਸਨ।

# ਭਗਵਾਨਪੁਰ ਕਲਾਂ ਦੀ ਗਲੀ 'ਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ




ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਹਲਕਾ ਵਿਧਾਇਕ ਸਰਵਨ ਸਿੰਘ ਸਿੰਘ ਧੁੰਨ ਦੀ ਅਗਵਾਈ ਹੇਠ ਪਿੰਡ ਭਗਵਾਨਪੁਰ ਕਲਾਂ ਵਿੱਚ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਪਿੰਡ ਦੀ ਮੁੱਖ ਗਲੀ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।ਵਿਕਾਸ ਪੱਖੋਂ ਪਿੰਡ ਦੀ ਨੁਹਾਰ ਬਦਲੀ ਜਾਵੇਗੀ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਨੂੰ ਹਰ ਪੱਖ ਤੋਂ ਮਜ਼ਬੂਤ ਬਣਾਇਆ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਗਵਾਨਪੁਰ ਕਲਾਂ ਤੋਂ ਸਰਪੰਚ ਗੁਰਲਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦਾ ਸਰਵਪੱਖੀ ਵਿਕਾਸ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਸਰਪੰਚ ਗੁਰਲਾਲ ਸਿੰਘ ਨੇ ਪਿੰਡ 'ਚ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਹਲਕਾ ਵਿਧਾਇਕ ਦਾ ਧੰਨਵਾਦ ਕੀਤਾ ਤੇ ਪਿੰਡ ਵਾਸੀਆਂ ਨੂੰ ਪੰਚਾਇਤ ਦਾ ਸਾਥ ਦੇਣ ਦੀ ਅਪੀਲ ਕੀਤੀ।ਇਸ ਮੌਕੇ ਗੁਰਦੀਪ ਸਿੰਘ ਤੇ ਗੁਲਜ਼ਾਰ ਸਿੰਘ ਅਟਾਰੀ ਵਾਲਿਆਂ ਵੱਲੋਂ ਪੰਚਾਇਤ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਮੈਂਬਰ ਪੰਚਾਇਤ ਗੁਰਨਾਮ ਸਿੰਘ ਅਟਾਰੀ ਵਾਲੇ,ਬਾਵਾ ਸਿੰਘ ਅਟਾਰੀ ਵਾਲੇ, ਦੀਵਾਨ ਸਿੰਘ, ਗੁਰਚਰਨ ਸਿੰਘ,ਹਰਪਾਲ ਸਿੰਘ ਫੌਜੀ, ਹਰਪਾਲ ਸਿੰਘ ਹੌਲਦਾਰ, ਤਰਸੇਮ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ, ਗੁਰਦਰਸ਼ਨ ਸਿੰਘ, ਸੰਦੀਪ ਸਿੰਘ ਬੁਰਜ, ਸਤਨਾਮ ਸਿੰਘ, ਹਰਜਿੰਦਰ ਸਿੰਘ ਮਿਸਤਰੀ, ਅਜੀਤ ਸਿੰਘ ਨੰਬਰਦਾਰ, ਜਥੇਦਾਰ ਜੰਗ ਸਿੰਘ, ਹਰਪਾਲ ਸਿੰਘ ਅਟਾਰੀ ਵਾਲੇ ਆਦਿ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਮੂਸੇ ਦਾ 10ਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ




ਭਿੱਖੀਵਿੰਡ ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਹਾਈ ਸਕੂਲ ਮੂਸੇ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੁਸ਼ਨਾਇਆ ਹੈ। ਵਰਨਣਯੋਗ ਹੈ ਕਿ ਸੰਦੀਪ ਕੌਰ ਨੇ 94 ਫ਼ੀਸਦੀ ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ, ਅਰਸ਼ਪ੍ਰੀਤ ਕੌਰ ਨੇ 92 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਤੇ ਮੁਸਕਾਨਪ੍ਰੀਤ ਕੌਰ ਨੇ 89 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਕੂਲ ਮੁਖੀ ਗੁਲਬਾਗ ਸਿੰਘ ਨੇ ਦੱਸਿਆ ਉਨ੍ਹਾਂ ਦੇ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸੌ ਫ਼ੀਸਦੀ ਰਿਹਾ ਹੈ।ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਚੰਗੇ ਅੰਕਾਂ ਨਾਲ ਪਾਸ ਹੋਣ ਤੇ ਵਧਾਈ ਦਿੰਦਿਆਂ ਹੋਰ ਮਿਹਨਤ ਕਰਕੇ ਉੱਚੇ ਮੁਕਾਮ ਹਾਸਲ ਕਰਨ ਲਈ ਪ੍ਰੇਰਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸਸ) ਸਤਨਾਮ ਸਿੰਘ ਬਾਠ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਪਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਪਾਸ ਹੋਣ 'ਤੇ ਮੁਬਾਰਕਬਾਦ ਦਿੰਦਿਆਂ ਸਖ਼ਤ ਮਿਹਨਤ ਕਰਕੇ ਉੱਚੀਆਂ ਮੰਜ਼ਿਲਾਂ ਸਰ ਕਰਨ ਦਾ ਸੁਨੇਹਾ ਦਿੱਤਾ।ਇਸ ਮੌਕੇ ਨਰਿੰਦਰ ਕੁਮਾਰ,ਗੁਰਪ੍ਰੀਤ ਕੌਰ, ਨਰਿੰਦਰ ਸਿੰਘ, ਉਪਦੀਪ ਸਿੰਘ, ਰਤਨ ਸਿੰਘ, ਅਮਨਜੋਤ ਕੌਰ, ਲਵਪ੍ਰੀਤ ਕੌਰ, ਮੰਗਲ ਸਿੰਘ, ਗੁਰਬੀਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਅੰਤਰਰਾਸ਼ਟਰੀ ਨਰਸਿੰਗ ਦਿਵਸ ਮੌਕੇ ਡਿਜ਼ਾਸਟਰ ਮੈਨੇਜਮੈਂਟ 'ਤੇ ਸੈਮੀਨਾਰ ਕਰਵਾਇਆ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਚਿਊਟ ਪੰਧੇਰ ਵਲੋਂ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ (ਰਜਿ.) ਦੇ ਸਹਿਯੋਗ ਨਾਲ ਕਲੀਨੀਕਲ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਨਰਸਾਂ ਨੂੰ ਸਨਮਾਨਿਤ ਕੀਤਾ ਗਿਆ।ਡਿਜ਼ਾਸਟਰ ਮੈਨੇਜਮੈਂਟ ਤੇ ਵਿਰਸਾ ਵਿਹਾਰ ਵਿਖੇ ਕਰਵਾਏ ਗਏ ਸੈਮੀਨਾਰ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਉਪਰੰਤ ਮੁੱਖ ਮਹਿਮਾਨ ਤੇ ਹਾਜ਼ਰ ਮਹਿਮਾਨਾਂ ਵਲੋਂ ਜੋਤੀ ਜਗਾ ਕੇ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵਲੋ ਔਖੇ ਸਮੇ ਵਿੱਚ ਕਿਵੇਂ ਆਪਣਾ ਤੇ ਸਮਾਜ ਦਾ ਬਚਾਅ ਕਰਨਾ ਹੈ ਆਫਤ ਪ੍ਰਬੰਧਨ ਦੀ ਜਾਣ-ਪਛਾਣ ਤੇ ਹਰਮਨਪ੍ਰੀਤ ਕੌਰ (ਐਸੋਸੀਏਟ ਪ੍ਰੋਫੈਸਰ), ਸਮਾਜਿਕ ਪਹਿਲੂ ਤੇ ਨੇਹਾ (ਸਹਾਇਕ ਪ੍ਰੋਫੈਸਰ), ਆਫਤ ਪ੍ਰਬੰਧਨ ਦੇ ਚੱਕਰ ਤੇ ਕਵਿਤਾ ਰਾਬਰਟ (ਐਸੋਸੀਏਟ ਪ੍ਰੋਫੈਸਰ), ਮਾਨਵਤਾਵਾਦੀ ਸਹਾਇਤਾ ਅਤੇ ਆਫਤ ਪ੍ਰਤੀਕਿਰਿਆ ਤੇ ਅਵਨੀਤ ਕੌਰ (ਐਸੋਸੀਏਟ ਪ੍ਰੋਫੈਸਰ), ਭਾਰਤ ਵਿੱਚ ਆਫਤ ਪ੍ਰਬੰਧਨ ਤੇ ਸ਼੍ਰੀਮਤੀ ਸਿਮਰਨਦੀਪ ਰੰਧਾਵਾ, ਮੁੱਢਲੀ ਸਹਾਇਤਾ ਤੇ ਸ਼੍ਰੀਮਤੀ ਈਸਾ ਸ਼ਰਮਾ ਅਤੇ ਹਰਮਨ ਕੌਰ, ਸ਼ਹਿਰੀ ਆਫ਼ਤ ਘਟਾਉਣਾ ਤੇਂ ਸ਼੍ਰੀਮਤੀ ਮਨਪ੍ਰੀਤ ਕੌਰ, ਯੁੱਧ ਆਫ਼ਤ ਦਾ ਪ੍ਰਭਾਵ ਅਤੇ ਪ੍ਰਬੰਧਨ ਤੇ ਧਰਮਦੀਪ ਕੌਰ ਨੇ ਸੈਮੀਨਾਰ ਵਿੱਚ ਵਿਸਥਾਰਪੂਰਵਕ ਜਾਣਕਾਰੀ ਹਾਜ਼ਰ ਲੋਕਾਂ ਨੂੰ ਦਿੱਤੀ।ਇਸ ਮੌਕੇ ਵੱਖ-ਵੱਖ ਹਸਪਤਾਲਾਂ ਅੰਦਰ ਕੰਮ ਕਰ ਰਹੀਆਂ ਨਰਸਾਂ ਵਿੱਚੋ ਕਲੀਨੀਕਲ ਖੇਤਰ ਵਿੱਚ ਵਧੀਆ ਕੰਮ ਕਰਨ ਵਾਲੀਆਂ ਨਰਸਾਂ ਨੂੰ ਬੈਸਟ ਨਰਸਿਜ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਿਵਲ ਸਰਜਨ ਅੰਮ੍ਰਿਤਸਰ ਡਾ: ਕਿਰਨਦੀਪ ਕੌਰ ਨੇ ਨਰਸਿਜ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਸਾਡੇ ਲਈ ਬੜੇ ਮਾਨ ਵਾਲੀ ਗੱਲ ਹੈ ਕਿ ਨਰਸਿਜ਼ ਦਿਵਸ ਮੌਕੇ ਕਿਸੇ ਨੇ ਨਰਸਾਂ ਨੂੰ ਸਨਮਾਨਿਤ ਕੀਤਾ ਹੈ।ਇਸ ਮੌਕੇ ਸਟੇਜ ਦੇ ਫਰਜ਼ ਗਗਨਦੀਪ ਕੌਰ ਅਤੇ ਹਰਮਨ ਕੌਰ ਨੇ ਬਾਖੂਬੀ ਨਿਭਾਏ।

# ਬੁਰਜ ਸਾਹਿਬ ਸਕੂਲ ਧਾਰੀਵਾਲ ਦਾ 12ਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਐੱਸ. ਜੀ. ਏ. ਡੀ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬੁਰਜ ਸਾਹਿਬ ਧਾਰੀਵਾਲ ਦਾ 12ਵੀਂ ਜਮਾਤ (ਪੰਜਾਬ ਸਕੂਲ ਸਿੱਖਿਆ ਬੋਰਡ) ਦਾ ਨਤੀਜਾ 100% ਰਿਹਾ। ਸਕੂਲ ਦੇ ਪ੍ਰਿੰਸੀਪਲ ਅਨੂਪ ਸਿੰਘ ਨੇ ਦੱਸਿਆ ਸਾਇੰਸ ਗਰੁੱਪ ਦੇ ਵਿੱਚੋਂ ਸਕੂਲ ਦੇ ਵਿਦਿਆਰਥੀਆਂ ਨੇ ਆਯੂਸ਼ ਮਹਾਜਨ ਨੇ 500 ਅੰਕਾਂ ਵਿੱਚ 451 ਅੰਕ, ਹਰਸਿਮਰਤ ਕੌਰ ਨੇ 450 ਅੰਕ, ਭੂਮਿਕਾ ਨੇ 449 ਅੰਕ, ਭਵਨੂਰ ਕੌਰ ਨੇ 449 ਅੰਕ ਪ੍ਰਾਪਤ ਕਰਕੇ ਕਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ਰਹੇ, ਜਦਕਿ ਐਨੀ ਨੇ 444 ਅੰਕ, ਅਰਸ਼ਪ੍ਰੀਤ ਕੌਰ ਨੇ 442 ਅੰਕ, ਆਸ਼ਿਸ਼ ਕੁਮਾਰ ਨੇ 440 ਅੰਕ, ਪ੍ਰਭਜੋਤ ਕੌਰ ਨੇ 434 ਅੰਕ, ਪਾਰਥ ਕਾਲੀਆ ਨੇ 428 ਅੰਕ ਪ੍ਰਾਪਤ ਕੀਤੇ। ਆਰਟਸ ਗਰੁੱਪ ਵਿੱਚੋਂ ਸਾਹਿਲ ਨੇ 415 ਅੰਕ, ਮਮਤਾ ਨੇ 373 ਅੰਕ, ਸ਼ੁਭਮ ਕੁਮਾਰ ਨੇ 369 ਅੰਕ, ਦਲਜੀਤ ਕੌਰ ਨੇ 366 ਅੰਕ, ਪ੍ਰਭਜੋਤ ਕੌਰ ਨੇ 361 ਅੰਕ ਪ੍ਰਾਪਤ ਕੀਤੇ। ਪ੍ਰਿੰਸੀਪਲ ਅਨੂਪ ਸਿੰਘ ਨੇ ਇਸ ਸ਼ਾਨਦਾਰ ਨਤੀਜੇ ਦਾ ਸਿਹਰਾ ਮਿਹਨਤੀ ਸਟਾਫ਼ ਨੂੰ ਦਿੰਦੇ ਹੋਏ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

ਭੋਗ 'ਤੇ ਵਿਸ਼ੇਸ਼

# ਸੱਭਿਆਚਾਰਕ ਬੋਲੀਆਂ ਵਰਗੀ ਸੁੱਘੜ-ਸੁਆਣੀ ਹਰਜੀਤ ਕੌਰ ਭੱਟੀ

ਜਿਉਂਦੇ ਮਨੁੱਖ ਨੂੰ ਮਿਲਣ ਦੀ ਤਾਂਘ ਤੁਹਾਡੇ ਮਨ 'ਤੇ ਓਨਾ ਅਸਰ ਨਹੀਂ ਕਰਦੀ, ਜਿੰਨਾ ਸਦੀਵੀ ਤੁਰ ਗਿਆਂ ਦੀ ਯਾਦ ਤੜਪਾਉਂਦੀ ਹੈ। ਜਿਸ ਮਿਹਨਤੀ, ਸੰਜਮੀ ਤੇ ਸਿਆਣੀ ਔਰਤ ਨੂੰ ਤੁਸੀਂ ਆਪਣੇ ਬਚਪਨ ਤੇ ਚੜ੍ਹਦੀ ਜਵਾਨੀ ਦੇ ਮੁੱਢਲੇ ਸਾਲਾਂ 'ਤੇ ਮਿਲਦਿਆਂ, ਜਾਣਦਿਆਂ, ਰੋਜ਼ਮਰ੍ਹਾ ਦੇ ਜੀਵਨ ਨਿਰਬਾਹ ਵਿਚ ਲਗਾਤਾਰ ਰੁੱਝੇ ਹੋਏ ਦੇਖਿਆ ਹੋਵੇ, ਉਸ ਦੇ ਸਦੀਵੀ ਵਿਛੋੜੇ ਪਿੱਛੋਂ ਅਨੇਕਾਂ ਵਾਕਿਆਤ ਦਿਲ-ਦਿਮਾਗ ਵਿਚ ਚੱਲਦੇ ਵੱਖ-ਵੱਖ ਸਮਿਆਂ ਨੂੰ ਯਾਦ ਕਰਾਉਂਦੇ ਤੇ ਤੜਫਾਉਂਦੇ ਹਨ। ਲੰਘੀ ਦਸ ਮਈ ਨੂੰ ਤਾਈ ਹਰਜੀਤ ਕੌਰ ਭੱਟੀ (ਸਹੁਰਿਆਂ ਦਾ ਨਾਂਅ ਚੰਨਣ ਕੌਰ) ਖ਼ੂਬਸੂਰਤ ਤੇ ਉੱਚ ਤਹਿਜ਼ੀਬ ਵਾਲੀ ਲੰਮੀ ਉਮਰ ਹੰਢਾ ਕੇ ਇਸ ਦੁਨੀਆ ਤੋਂ ਸਦੀਵੀ ਤੁਰ ਗਈ। ਦੇਰ ਸ਼ਾਮ ਇਹ ਮਨਹੂਸ ਖ਼ਬਰ ਮਿਲੀ ਤੇ ਤਾਂ ਉਨ੍ਹਾਂ ਦੇ ਜੀਵਨ ਕਾਲ ਦੀਆਂ ਬੀਤੀਆਂ ਯਾਦਾਂ ਬਾਰੇ ਸੋਚਦਿਆਂ ਰਾਤ ਲੰਘੀ। ਸਵੇਰ ਪਿੰਡ ਪੁੱਜਾ, ਉਨ੍ਹਾਂ ਦਾ ਪਰਵਾਰ ਅਤਿ ਸੋਗਮਈ ਹਾਲਤ ਵਿੱਚ ਉਨ੍ਹਾਂ ਦੇ ਮਨ ਨਾਲ ਜੁੜਿਆ ਬੈਠਾ ਤੜਪ ਰਿਹਾ ਸੀ, ਵਿਰਲਾਪ ਕਰ ਰਿਹਾ ਸੀ। ਬਲਜੀਤ ਕੌਰ, ਜਸਵੰਤ ਸਿੰਘ ਚੀਮਾ, ਭੂਪਿੰਦਰ ਕੌਰ, ਇਕਬਾਲ ਸਿੰਘ, ਦਲਬੀਰ ਕੌਰ, ਪ੍ਰਿਤਪਾਲ ਸਿੰਘ, ਸੁਖਜਿੰਦਰ ਕੌਰ, ਕੁਲਦੀਪ ਸਿੰਘ, ਰਾਜਪਿੰਦਰ ਕੌਰ, ਗਗਨਦੀਪ ਸਿੰਘ, ਪਰਮਪਾਲ ਕੌਰ, ਭੂਪਿੰਦਰ ਸਿੰਘ ਤੋਂ ਇਲਾਵਾ ਨੂੰਹ ਪਰਮਜੀਤ ਕੌਰ, ਪੋਤੀ ਮਨਜੀਤ ਤੇ ਪੋਤਰਾ ਰਵਦੀਪ ਸਿੰਘ, ਸਾਹਿਬ ਸਿੰਘ, ਜਸਪਾਲ ਕੌਰ, ਸੁਰਿੰਦਰ ਸੰਧੂ ਤੇ ਨਵਦੀਪ ਸਭ ਸਦਮੇ ਵਿਚ ਸੀ।ਆਂਢ-ਗੁਆਂਢ, ਰਿਸ਼ਤੇਦਾਰ ਆ ਰਹੇ ਸਨ, ਇਹ ਮੰਜ਼ਰ ਦੇਖਣਾ-ਝੱਲਣਾ ਔਖਾ ਸੀ। ਪਰਵਾਰਕ ਮੈਂਬਰਾਂ ਦੇ ਚਿਹਰਿਆਂ ਤੋਂ ਉਨ੍ਹਾਂ ਦੇ ਦੁੱਖ ਤੇ ਦਰਦ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ।ਇਸ ਹਾਲਤ ਦੇ ਬਾਵਜੂਦ ਉਹ ਸਾਰਿਆਂ ਵਾਸਤੇ ਬੈਠਣ ਤੇ ਪਾਣੀ-ਧਾਣੀ ਦਾ ਪ੍ਰਬੰਧ ਕਰ ਰਹੇ ਸਨ।ਸਰਦਾਰਨੀ ਹਰਜੀਤ ਕੌਰ ਨੂੰ ਮੈਂ ਆਪਣੀ ਮਾਂ ਨਾਲੋਂ ਚੋਖੇ ਸਾਲ ਵੱਧ ਜੀਵਨ ਮਾਣਦਿਆਂ ਵੇਖਿਆ ਹੈ। ਦੋਵੇਂ ਹੀ ਸਾਡੇ ਪਿੰਡ ਦੀਆਂ ਮਾਣਮੱਤੀਆਂ ਆਪਣੇ ਪਰਵਾਰਾਂ ਨੂੰ ਸਮਰਪਿਤ ਸਨ। ਮੇਰੀ ਮਾਂ ਅਨਪੜ੍ਹ ਹੁੰਦੇ ਹੋਏ ਵੀ ਆਖ਼ਰੀ ਸਮਿਆਂ ਤੱਕ ਮਾਸਟਰਨੀ ਬਣੀ ਰਹੀ ਤੇ ਪਿੰਡ ਇਹਨਾਂ ਭਰਤੀ ਹੋਇਆਂ ਠਾਣੇਦਾਰਨੀ ਬਣੀ ਰਹੀ। ਦੋਵੇਂ ਆਂਢ-ਗੁਆਂਢ ਤੇ ਪਿੰਡ ਦੀਆਂ ਔਰਤਾਂ ਲਈ ਸਦਾ ਬਹਾਰ ਏ.ਟੀ.ਐੱਮ. ਸਨ। ਹਰ ਇਕ ਦੀ ਵੇਲੇ-ਕੁਵੇਲੇ ਬਣਦੀ-ਸਰਦੀ ਮਦਦ ਕਰਨੀ ਅਤੇ ਦੁੱਖ-ਸੁੱਖ ਵਿਚ ਸ਼ਾਮਲ ਹੋਣਾ, ਸ਼ਰੀਕ ਹੋਣਾ ਇਨ੍ਹਾਂ ਦੇ ਹਿੱਸੇ ਆਇਆ ਹੈ।ਸਰਦਾਰਨੀ ਹਰਜੀਤ ਕੌਰ ਦਾ ਜਨਮ 1937 ਵਿਚ ਪਿੰਡ ਸ਼ਾਮਪੁਰ (ਨੇੜੇ ਰਾਮਦਾਸ) ਵਿਖੇ ਸੁਖਦਰਸ਼ ਕਿਸਾਨੀ ਪਰਵਾਰ ਵਿੱਚ ਸ. ਭਗਤ ਸਿੰਘ ਤੇ ਮਾਤਾ ਬਾਲ ਕੌਰ ਦੇ ਘਰ ਹੋਇਆ। ਵੀਹ ਸਾਲ ਦੀ ਉਮਰ ਵਿੱਚ ਇਨ੍ਹਾਂ ਦਾ ਵਿਆਹ ਪਿੰਡ ਤਲਵੰਡੀ ਸਿਪਾਹੀ ਮੱਲ ਦੇ ਕਿਰਤੀ ਕਿਸਾਨ ਸ. ਦਲੀਪ ਸਿੰਘ ਦੇ ਸਪੁੱਤਰ ਸ. ਲੱਖਾ ਸਿੰਘ ਨਾਲ ਹੋਇਆ, ਸ. ਲੱਖਾ ਸਿੰਘ (ਬੀ ਐੱਸ ਐੱਫ) ਵਿਚ ਨੌਕਰੀਸ਼ੁਦਾ ਸਨ।

ਜਦੋਂ ਮੈਨੂੰ ਨੌਕਰੀਆਂ ਦੀ ਸਮਝ ਆਈ ਤਾਂ ਸ. ਲੱਖਾ ਸਿੰਘ ਠਾਣੇਦਾਰ ਬਣ ਕੇ ਪੰਜਾਬ ਪੁਲੀ ਵਿੱਚ ਰਿਟਾਇਰ ਹੋਏ। ਲੰਮੀ ਨੌਕਰੀ ਕਾਰਨ ਉਹ ਪਿੰਡ ਤੋਂ ਦੂਰ ਰਹੇ। ਉਨ੍ਹਾਂ ਦਾ ਏਜ਼ਤਾਨਾ ਖੇਤਰ ਵੀ ਵਿਛੜ ਗਿਆ।ਇਕ ਛੋਟੀ ਮਿਹਨਤੀ ਤੇ ਸਮਰਪਿਤ ਅਧਿਕਾਰੀ ਵਜੋਂ ਕਾਰਜਸ਼ੀਲ ਹੋਣ ਕਾਰਨ ਉਹ ਪਿੰਡ ਵਿੱਚ ਮਾਨਸਿਕ ਤੌਰ 'ਤੇ ਖ਼ੁਸ਼ ਨਾ ਸਕੇ, ਇਕ ਹੋਰਵੇਂ 'ਚ ਰਹੇ, ਭਾਵੇਂ ਸਰਦਾਰਨੀ ਹਰਜੀਤ ਕੌਰ ਦਾ ਸਾਰਾ ਤੇ ਅੰਤਾਂ ਦਾ ਮੋਹ ਉਨ੍ਹਾਂ ਦੇ ਨਾਲ ਸੀ। ਅਖੀਰ ਉਹ 9 ਅਪ੍ਰੈਲ 1991 ਵਿਚ ਸਦੀਵੀ ਵਿਛੋੜਾ ਦੇ ਗਏ। ਘਰ ਤੇ ਖੇਤੀ ਦੇ ਕੰਮਾਂ ਦਾ ਸਾਰਾ ਬੋਝ ਸਰਦਾਰਨੀ ਹਰਜੀਤ ਕੌਰ ਦੇ ਸਿਰ ਸੀ, ਜਦੋਂ ਉਹਨਾਂ ਬਹੁਤ ਸ਼ਾਬਾਸ਼ੀ ਨਿਭਾਇਆ।ਘਰ ਤੇ ਖੇਤਾਂ ਦੇ ਗੋਡਿਆਂ ਦੀ ਕਦੀ ਕੋਈ ਗਿਣਤੀ ਨਹੀਂ ਸੀ। ਜਦੋਂ ਫੇ ਛੁੱਟ ਲੰਮੀ ਤਕੜੇ ਸਰੀਰ ਦੀ ਮਾਲਕ ਠਾਣੇਦਾਰਨੀ ਪੈਲੀਆਂ ਦੇ ਵੱਟ-ਬੰਨਿਆਂ 'ਤੇ ਤੁਰਦੀ ਤਾਂ ਧਰਤੀ ਹਿੱਲਦੀ ਸੀ। ਖੇਤਾਂ 'ਦੇ ਰੁੱਖਾਂ 'ਤੇ ਵਾਸ ਕਰਦੇ ਪੰਛੀ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਨਾਲ ਉਸ ਦਾ ਸਵਾਗਤ ਕਰਦੇ, ਪਾਲਤੂ ਚਿੱਟਾ ਕੁੱਤਾ ਨਾਲ-ਨਾਲ ਤੁਰਦਾ ਅਨੰਦ ਮਾਣਦਾ ਕਰਦਾ, ਆਪਣੇ ਪਰਾਏ ਦੀ ਸ਼ਨਾਖ਼ਤ ਕਰਦਾ।ਉਹਦੇ ਹੁੰਦਿਆਂ ਕਿਸੇ ਦੀ ਵੀ ਜੁਰਅਤ ਨਹੀਂ ਸੀ ਕਿ ਇਹਨਾਂ ਪੈਲੀਆਂ ਵੱਲ ਝਾਕ ਸਕੇ। ਉਹਨਾਂ ਦਾ ਜੁੱਸਾ ਬਹੁਤ ਤਕੜਾ ਤੇ ਪੰਜਾਬੀ ਸੱਭਿਆਚਾਰ ਦੇ ਗੀਤਾਂ/ਬੋਲੀਆਂ ਵਿਚ ਦਿਸਦੀਆਂ/ਦਰਸਾਉਂਦੀਆਂ ਪੰਜਾਬਣਾਂ ਤੇ ਹਰ ਰੰਗੀਆਂ ਵੱਧ ਖ਼ੂਬਸੂਰਤ ਸੀ। ਉਹ ਹਮੇਸ਼ਾ ਘਰ ਤੇ ਖੇਤੀ ਨੂੰ ਸਮਰਪਿਤ ਸਨ। ਆਪਣੇ ਪਸ਼ੂਆਂ ਨਾਲ, ਰੁੱਖਾਂ ਨਾਲ, ਲਹਿਰਾਉਂਦੀਆਂ ਫਸਲਾਂ ਨਾਲ, ਉਨ੍ਹਾਂ ਦੀ ਮੁਹੱਬਤ ਬਾ-ਕਮਾਲ ਸੀ। ਵੱਡੇ ਪਰਵਾਰ ਨੂੰ ਸਾਂਭਣਾ, ਸਮਾਜਿਕ ਦੁਨੀਆਦਾਰੀ ਦੇ ਬਾਰੀਕ ਤੋਂ ਬਾਰੀਕ ਗੁਣ, ਸਲੀਕੇਦਾਰ ਬੋਲਚਾਲ, ਜੁਗਤੀ ਤੇ ਇਕ ਪੱਕੂ ਸੁਭਾਅ ਸਨ। ਜਦੋਂ ਅਸੀਂ ਬਚਪਨ ਵਿਚ ਸਾਂ ਤਾਂ ਉਹਨਾਂ ਦੇ ਘਰ ਸਾਹਮਣੇ ਪੰਜ-ਛੇ ਵੱਡ-ਅਕਾਰੀ ਅੰਬਾਂ ਦੇ ਬੂਟੇ ਸਨ। ਇਹ ਸੀ ਕੁੱਟ ਤੋਂ ਅਸਮਾਨ ਉੱਚੇ ਬੂਟੇ ਆਪਸ ਵਿੱਚ ਓਤਪੋਤ ਬਹੁਤ ਹੀ ਅਲੌਕਿਕ ਤੇ ਰੁਹਾਨੀਅਤ ਵਾਲਾ ਦ੍ਰਿਸ਼ ਪੇਸ਼ ਕਰਦੇ ਸਨ। ਅੰਬਾਂ ਹੇਠਾਂ ਪਿੰਡ ਦੀਆਂ ਜ਼ਮੀਨਾਂ ਨੂੰ ਸਿੰਜਣ ਵਾਲੀ ਨਹਿਰ ਦੇ ਸੰਘੇ ਦੇ ਪਾਣੀ ਦਾ ਖਾਲ ਵਗਦਾ ਸੀ। ਸਵੇਰ ਨੂੰ ਖਾਲ ਦੇ ਪਾਣੀ ਨਾਲ ਮਾਲ ਡੰਗਰ ਨਹਾਉਣਾ, ਵਿਹੜੇ 'ਚ ਤਰੌਂਕਣਾ, ਛੋਟੇ ਬੂਟਿਆਂ ਨੂੰ ਪਾਣੀ ਦੇਣਾ। ਧੀਆਂ ਤੇ ਪੁੱਤਰ ਨੂੰ ਤਿਆਰ ਕਰ ਸਕੂਲ ਭੇਜਣਾ, ਇਹ ਉਨ੍ਹਾਂ ਦਾ ਨਿਤਨੇਮ ਸੀ। ਅੱਜ ਜਦੋਂ ਮੈਂ ਇਕ ਫਾਸਲੇ 'ਤੇ ਖੜ ਕੇ ਉਹ ਦ੍ਰਿਸ਼ ਯਾਦ ਕਰਦਾ ਹਾਂ ਤਾਂ ਮੈਨੂੰ ਤਾਈ ਠਾਣੇਦਾਰਨੀ ਦਾ ਕੱਦ ਉਹਨਾਂ ਅੰਬਾਂ ਦੇ ਬੂਟਿਆਂ ਤੋਂ ਕਿਤੇ ਉੱਚਾ ਪਰਤੀਤ ਹੁੰਦਾ ਹੈ।ਮੈਨੂੰ ਯਾਦ ਆ ਕਿ ਜਦੋਂ ਇਕਲੌਤੇ ਸਪੁੱਤਰ ਬੂਟਾ ਸਿੰਘ ਨੇ ਦਸਵੀਂ ਪਾਸ ਕੀਤੀ ਤਾਂ ਉਸ ਨੂੰ ਕਾਲਾ ਅਫ਼ਗਾਨਾ ਕਾਲਜ ਦਾਖਲ ਕਰਾਉਣ ਲਈ ਮੈਨੂੰ ਨਾਲ ਭੇਜਿਆ ਗਿਆ। ਇਸੇ ਤਰ੍ਹਾਂ ਸ. ਲੱਖਾ ਸਿੰਘ ਜੀ ਜਦੋਂ ਛੁੱਟੀ ਆਉਂਦੇ ਤਾਂ ਅਸੀਂ ਉਨ੍ਹਾਂ ਦਾ ਸੰਦੂਕ ਸਾਈਕਲ 'ਤੇ ਲੈ ਕੇ ਆਉਂਦੇ।ਸਮਾਂ ਬੀਤਿਆ, ਇਕ ਅਰਸੇ ਬਾਅਦ ਇਨ੍ਹਾਂ ਦੀ ਵੱਡੀ ਸਪੁੱਤਰੀ ਬਲਜੀਤ ਰਾਣੀ ਦਾ ਵਿਆਹ ਹੁਸ਼ਿਆਰਪੁਰ ਦੇ ਦਸੂਹਾ ਨੇੜੇ ਦੇ ਪਿੰਡ ਉਸਮਾਨ ਸ਼ਹੀਦ ਵਿਚ ਸ. ਦਲੀਪ ਸਿੰਘ ਚੀਮਾ ਦੇ ਸਪੁੱਤਰ ਸ੍ਰੀ ਰਾਮ ਸਿੰਘ ਨਾਲ ਹੋਇਆ। ਉਹ ਪਰਵਾਰ ਜੀਵਨ ਗੁਜ਼ਰ-ਬਸਰ ਲਈ ਅਮਰੀਕਾ ਸੈੱਟ ਹੋ ਗਿਆ। ਉਹਨਾਂ ਨੇ ਉੱਥੇ ਸੈੱਟ ਹੋ ਕੇ ਛੋਟੇ ਪਰਵਾਰ ਦੀ ਹੌਲੀ-ਹੌਲੀ ਸੱਦ ਲਿਆ। ਪਹਿਲਾਂ ਸ. ਬੂਟਾ ਸਿੰਘ ਗਿਆ, ਫੇਰ ਬਾਕੀ ਜੀਆਂ ਦੀ ਵਿਦੇਸ਼ ਰਵਾਨਗੀ ਹੋਈ। ਸਰਦਾਰਨੀ ਹਰਜੀਤ ਕੌਰ ਨੇ ਭਰੇ ਮਨ ਨਾਲ ਖੇਤੀ ਦਾ ਖਿਲਵਾੜ ਸਾਂਭਿਆ, ਜ਼ਮੀਨ ਠੇਕੇ 'ਤੇ ਦੇ ਕੇ ਖ਼ੁਦ ਵੀ ਬੱਚਿਆਂ ਦੇ ਬੋੜੇ 'ਚ ਰਵਾਨ ਹੋ ਅਮਰੀਕਾ ਚਲੇ ਗਏ। ਉਹ ਲਗਾਤਾਰ ਪਿੰਡ ਗੇੜਾ ਮਾਰਦੇ ਰਹੇ, ਟੈਲੀਫੋਨ 'ਤੇ ਜਾਣਕਾਰਾਂ ਨਾਲ ਜੁੜੇ ਰਹੇ। ਉਹਨਾਂ ਦੀ ਇੱਕ ਵੱਡੀ ਭੈਣ ਸਵ. ਨਿਰੰਜਨ ਕੌਰ ਵੀ ਸਾਡੇ ਪਿੰਡ ਸ. ਬੀਰ ਸਿੰਘ ਬਾਠ ਨਾਲ ਵਿਆਹੀ ਹੋਈ ਸੀ। ਇਸ ਤਰ੍ਹਾਂ ਉਹਨਾਂ ਦੀ ਇੱਕ ਛੋਟੀ ਭੈਣ ਜਗਦੇਵ ਕਲਾਂ ਵਿਖੇ ਸੁਖਚੈਨ ਕਿਸਾਨੀ ਪਰਵਾਰ ਵਿੱਚ ਸ. ਹਰਿਭਜਨ ਸਿੰਘ ਧਾਲੀਵਾਲ ਨਾਲ ਵਿਆਹੀ ਸੀ। ਸਰਪੰਚ ਸ. ਹਰਭਜਨ ਸਿੰਘ ਪਹਿਲਵਾਨ ਬਹੁਤ ਪਹਿਲਾਂ ਸਾਬਕਾ ਜੇਲ੍ਹ ਮੰਤਰੀ ਸ. ਸਤਨਾਮ ਸਿੰਘ ਬਾਜਵਾ (ਸ. ਪ੍ਰਤਾਪ ਸਿੰਘ ਬਾਜਵਾ ਦੇ ਪਿਤਾ) ਨਾਲ ਇਕ ਹਮਲੇ ਵਿਚ ਮਾਰੇ ਗਏ ਸਨ। ਸ. ਹਰਿਭਜਨ ਸਿੰਘ ਧਾਲੀਵਾਲ ਮੌਜੂਦਾ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਦੇ ਵੱਡੇ ਭਰਾ ਸਨ। ਇਸੇ ਤਰ੍ਹਾਂ ਸਭ ਤੋਂ ਛੋਟੀ ਭੈਣ ਮੰਡ ਪਰਵਾਰ 'ਚ ਇੱਕ ਉੱਚ ਅਧਿਕਾਰੀ ਦੇ ਘਰ ਹਨ। ਸੋ ਅੱਜ ਅਸੀਂ ਸਾਰੇ ਇਕ ਵੱਡੇ ਪਰਵਾਰ ਵਿਚ ਬੜੀ ਸੁਖਮਤਾ ਤੇ ਸਿਆਣਪ ਨਾਲ ਵਿਚਰਨ ਵਾਲੀ ਪੰਜਾਬ ਦੀ ਸੱਭਿਅਕ ਸੁਆਣੀ ਨੂੰ ਰਲ ਕੇ ਉਨ੍ਹਾਂ ਦੀ ਕਰਮਭੂਮੀ ਤਲਵੰਡੀ ਸਿਪਾਹੀ ਮੱਲ ਵਿਖੇ ਸ਼ਰਧਾ ਦੇ ਫੁੱਲ ਅਰਪਿਤ ਕਰ ਰਹੇ ਹਾਂ।

**—ਭੂਪਿੰਦਰ ਸਿੰਘ ਸੰਧੂ,**
**(ਰਿਟਾ. ਐੱਸ ਡੀ ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ)**
**ਸਾਬਕਾ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ।**



## ਡਾਕਟਰ ਤੇ ਇੰਜੀਨੀਅਰ ਬਣਨਾ ਚਾਹੁੰਦੇ ਹਨ ਅਕਾਲ ਗਲੈਕਸੀ ਕਾਨਵੈਂਟ ਸਕੂਲ ਦੇ ਟੌਪਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸ਼ਾਲ੍ਹਪੁਰੀ)**- ਸੀ.ਬੀ. ਐਸ.ਈ.ਬੋਰਡ ਨਵੀਂ ਦਿੱਲੀ ਵੱਲੋਂ 10ਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਅਕਾਲ ਗਲੈਕਸੀ ਕਾਨਵੈਂਟ ਸਕੂਲ ਸੁਲਤਾਨਪੁਰ ਲੋਧੀ ਦੇ ਦਸਵੀਂ ਕਲਾਸ ਦੇ 90 ਵਿਦਿਆਰਥੀਆਂ ਨੇ ਦਸਵੀਂ ਬੋਰਡ ਦੀ ਪ੍ਰੀਖਿਆ ਦਿੱਤੀ ਜਿਸ ਵਿੱਚੋਂ ਪਵਿੱਤਪਾਲ ਸਿੰਘ ਨੇ 96% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅਰਮਾਨਪ੍ਰੀਤ ਸਿੰਘ ਨੇ 93% ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਹਰਨੂਰ ਕੌਰ ਨੇ 92% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਦਸਵੀਂ ਕਲਾਸ ਪਾਸ ਕੀਤੀ ਅਤੇ ਪੂਰੇ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।ਇਸ ਮੌਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਪਵਿੱਤਪਾਲ ਸਿੰਘ ਨੇ ਦੱਸਿਆ ਕਿ ਉਹ ਐਮ. ਟੈਕ. ਕਰਕੇ ਮਕੈਨੀਕਲ ਇੰਜੀਨੀਅਰ ਬਣਨਾ ਚਾਹੁੰਦਾ ਹੈ ਤੇ ਦੂਸਰਾ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ ਅਰਮਾਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਬੀ.ਟੈਕ. ਕਰਕੇ ਇੰਜੀਨੀਅਰ ਬਣਨਾ ਚਾਹੁੰਦਾ ਹੈ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਹਰਨੂਰ ਕੌਰ ਐਮ. ਬੀ. ਬੀ. ਐੱਸ ਕਰਕੇ ਡਾਕਟਰ ਬਣਨਾ ਚਾਹੁੰਦੀ ਹੈ।ਪ੍ਰਿੰਸੀਪਲ ਮੈਡਮ ਮੋਨਾ ਘਈ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਇਸ ਵਧੀਆ ਨਤੀਜੇ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਅਕਾਲ ਗਰੁੱਪ ਆਫ ਇੰਸਟੀਚਿਊਟਸ਼ਨਜ਼ ਦੇ ਐੱਮ.ਡੀ. ਸੁਖਦੇਵ ਸਿੰਘ ਜੱਜ ਨੇ ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਾ ਘਈ (ਸੀਨੀਅਰ ਵਿੰਗ) ਪ੍ਰਿੰਸੀਪਲ ਮੈਡਮ ਮਧੂ ਸ਼ਰਮਾ (ਜੂਨੀਅਰ ਵਿੰਗ) ਤੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।



## ਸਰਕਾਰੀ ਸਿਹਤ ਸੰਸਥਾਵਾਂ 'ਚ ਮਨਾਇਆ ਵਿਸ਼ਵ ਹਾਈਪਰਟੈਂਸ਼ਨ ਦਿਵਸ

**ਮੋਹਾਲੀ, (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ ਗਿਆ। ਇਸ ਮੌਕੇ ਜਿਥੇ ਮਰੀਜ਼ਾਂ ਨੂੰ ਅਹਿਮ ਜਾਣਕਾਰੀ ਦਿੱਤੀ ਗਈ, ਉਥੇ ਵਿਸ਼ੇਸ਼ ਜਾਂਚ ਕੈਂਪ ਵੀ ਲਗਾਏ ਗਏ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦੱਸਿਆ ਕਿ ਹਾਈਪਰਟੈਨਸ਼ਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਹੈ ਜਿਵੇਂ ਸਟ੍ਰੋਕ, ਦਿਲ ਦੇ ਦੌਰੇ, ਗੁਰਦੇ ਦੀ ਬਿਮਾਰੀ, ਦਿਮਾਗੀ ਕਮਜ਼ੋਰੀ ਆਦਿ।ਬਹੁਤ ਸਾਰੇ ਲੋਕ ਜੋ ਹਾਈਪਰਟੈਨਸ਼ਨ ਤੋਂ ਪੀੜਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸ ਦਿਨ ਦਾ ਮੁੱਖ ਉਦੇਸ਼ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਹਾਈਪਰਟੈਨਸ਼ਨ ਬਾਰੇ ਜਾਗਰੂਕਤਾ ਵਧਾਉਣਾ ਹੈ, ਜਿਸ ਨੂੰ ਆਮ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ ਵੀ ਕਿਹਾ ਜਾਂਦਾ ਹੈ।ਡਾ.ਜੈਨ ਨੇ ਕਿਹਾ ਕਿ ਬਲੱਡ ਪ੍ਰੈਸ਼ਰ ਆਮ ਆਬਾਦੀ ਲਈ 120/80 ਲਗਭਗ ਹੋਣਾ ਚਾਹੀਦਾ ਹੈ ਅਤੇ ਹਾਈਪਰਟੈਂਸਿਵ ਆਬਾਦੀ ਲਈ ਬਿਨਾਂ ਕਿਸੇ ਹੋਰ ਪੇਚੀਦਗੀਆਂ ਦੇ, ਅਤੇ ਸ਼ੂਗਰ ਰੋਗ ਜਾਂ ਗੰਭੀਰ ਗੁਰਦੇ ਦੀ ਬਿਮਾਰੀ ਵਾਲੇ ਲੋਕਾਂ ਲਈ 130/80 ਲਗਭਗ ਹੋਣਾ ਚਾਹੀਦਾ ਹੈ। ਦਵਾਈਆਂ ਦੀ ਵਰਤੋਂ ਅਤੇ ਜੀਵਨਸ਼ੈਲੀ ਵਿੱਚ ਤਬਦੀਲੀਆਂ ਕਰਨ ਨਾਲ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋ ਸਕਦਾ ਹੈ ਅਤੇ ਦਿਲ ਦੀ ਬਿਮਾਰੀ, ਸਟ੍ਰੋਕ, ਗੁਰਦੇ ਦੀ ਬਿਮਾਰੀ ਅਤੇ ਹੋਰ ਜੋਖਮ ਨੂੰ ਘਟਾਇਆ ਜਾ ਸਕਦਾ ਹੈ।



## ਗਦਰੀ ਬਾਬਾ ਹਰਨਾਮ ਸਿੰਘ ਸੈਕੰਡਰੀ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ

**ਕਾਲਾ ਸੰਘਿਆਂ (ਮਨਜੀਤ ਮਾਨ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦੇ ਐਲਾਨੇ ਗਏ ਨਤੀਜਿਆਂ ਵਿਚ ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਇਸ ਵਰ੍ਹੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਸਕੂਲ ਦੇ ਪ੍ਰਿੰਸੀਪਲ ਸ. ਗੁਰਚਰਨ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।ਬਹੁਤ ਸਾਰੇ ਵਿਦਿਆਰਥੀ ਗਣਿਤ, ਪੰਜਾਬੀ ਅਤੇ ਵਿਗਿਆਨ ਆਦਿ ਵਿਸ਼ਿਆਂ ਵਿਚ ਸੌ ਵਿਚੋਂ ਸੌ ਅੰਕ ਪ੍ਰਾਪਤ ਕਰਨ ਵਿਚ ਸਫਲ ਰਹੇ। ਇਸ ਮੌਕੇ ਉਹਨਾਂ ਅਤੇ ਸਾਰੇ ਸਟਾਫ ਵੱਲੋਂ ਵਿਦਿਆਰਥਆਂ ਨੂੰ ਵਧਾਈ ਦਿੰਦੇ ਹੋਏ ਉਹਨਾ ਦੇ ਉੱਜਲ ਭਵਿਖ ਲਈ ਸ਼ੁੱਭਕਾਮਨਾਵਾਂ ਭੇਟ ਕੀਤੀਆਂ। ਉਨ੍ਹਾ ਕਿਹਾ ਕਿ ਗਿਆਰ੍ਹਵੀ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਮੈਡੀਕਲ, ਨਾਨ-ਮੈਡੀਕਲ, ਕਮਰਸ, ਆਰਟਸ, ਵੋਕੇਸ਼ਨਲ ਅਤੇ ਐਨ.ਐਸ.ਕਿਊ.ਐਫ. ਦੇ ਵਿਸ਼ੇ ਉਪਲੱਬਧ ਹਨ। ਉਹਨਾਂ ਕਾਲਾ ਸੰਘਿਆ ਇਲਾਕੇ ਦੇ ਦਸਵੀਂ ਸ਼੍ਰੇਣੀ ਦੇ ਪਾਸ ਹੋਏ ਸਮੂਹ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਆਪਣਾ ਦਾਖਲਾ ਗਦਰੀ ਬਾਬਾ ਹਰਨਾਮ ਸਿੰਘ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਕਰਵਾਉਣ ਦੀ ਅਪੀਲ ਕੀਤੀ।



## ਧੋਖਾਧੜੀ ਦੇ ਮਾਮਲੇ 'ਚ ਕੰਬਾਈਨ ਸਮੇਤ ਗ੍ਰਿਫਤਾਰ

**ਮਹਿਤਪੁਰ (ਰਾਜਾ)**
ਸਬ ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫਸਰ ਥਾਣਾ ਮਹਿਤਪੁਰ ਦੀ ਪੁਲਸ ਪਾਰਟੀ ਵੱਲੋਂ ਧੋਖਾਧੜੀ ਦੇ ਮਾਮਲੇ ਵਿਚ 1 ਵਿਅਕਤੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਓਕਾਰ ਸਿੰਘ ਥਾਣਾ ਉਪ ਪੁਲਸ ਕਪਤਾਨ ਸਬ ਡਵੀਜਨ ਸ਼ਾਹਕੋਟ ਨੇ ਦੱਸਿਆ ਕਿ ਇੱਕ ਦਰਖ਼ਾਸਤ ਨੰਬਰ 731 ਮਿਤੀ 06.09.2024 ਨੂੰ ਹਰਮਨਪ੍ਰੀਤ ਸਿੰਘ ਮੰਮੀ ਵਾਸੀ ਪਿੰਡ ਆਦਰਾਮਾਨ ਥਾਣਾ ਮਹਿਤਪੁਰ ਜ਼ਿਲ੍ਹਾ ਜਲੰਧਰ ਨੇ ਬਰਖਿਲਾਫ ਸੰਦੀਪ ਅਰੋੜਾ ਪੁੱਤਰ ਜਹਾਂਗੀਰ ਲਾਲ ਉਰਫ ਜਗੀਰੀ ਲਾਲ ਵਾਸੀ ਪਿੰਡ ਆਦਰਾਮਾਨ ਥਾਣਾ ਮਹਿਤਪੁਰ ਬਾਬਤ ਮੁੱਦਈ ਮੁੱਕਦਮਾ ਦੇ ਪਿਤਾ ਭੁਪਿੰਦਰ ਸਿੰਘ ਦੇ ਨਾਂ 'ਤੇ ਕੰਬਾਇਨ ਮਸ਼ੀਨ ਖਰੀਦ ਕੇ ਭੁਗਤਾਨ ਨਾ ਕਰਕੇ ਅਤੇ ਕੰਬਾਇਨ ਆਪਣੇ ਕਬਜ਼ੇ ਵਿੱਚ ਰੱਖ ਕੇ ਧੋਖਾਧੜੀ ਕਰਨ ਸਬੰਧੀ ਦਿੱਤੀ ਸੀ ਜੋ ਕਿ ਬਾਅਦ ਇਨਕੁਆਰੀ ਮੁਕੱਦਮਾ ਥਾਣਾ ਮਹਿਤਪੁਰ ਵਿਖੇ ਦਰਜ ਕੀਤਾ ਗਿਆ ਸੀ ਅਤੇ ਦੋਸ਼ੀ ਦੀ ਭਾਲ ਜਾਰੀ ਸੀ। ਜੋ ਮਈ ਨੂੰ ਸੰਦੀਪ ਅਰੋੜਾ ਪੁੱਤਰ ਜਹਾਂਗੀਰ ਲਾਲ ਉਰਫ ਜਗੀਰੀ ਲਾਲ ਵਾਸੀ ਪਿੰਡ ਆਦਰਾਮਾਨ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਹੋਈ। ਉਕਤ ਵਿਅਕਤੀ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਤੇ ਕਬਜ਼ੇ ਵਿੱਚ ਕੰਬਾਇਨ ਮਾਰਕਾ ਮਠਾਰੂ ਵੀ ਬ੍ਰਾਮਦ ਕੀਤੀ ਗਈ।



## ਸਾਬਕਾ ਮੁੱਖ ਮੰਤਰੀ ਚੰਨੀ ਨੂੰ ਮਿਲੇਗਾ ਸੰਸਦ ਰਤਨ ਐਵਾਰਡ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**
ਵਿਧਾਨ ਸਭਾ ਹਲਕਾ ਨਕੋਦਰ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਡਾ. ਨਵਜੋਤ ਸਿੰਘ ਦਹੀਆ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਸੰਸਦ ਰਤਨ ਐਵਾਰਡ ਐਲਾਨ ਹੋਣ 'ਤੇ ਵਧਾਈ ਦਿੱਤੀ। ਉਹਨਾਂ ਕਿਹਾ ਕਿ ਪੰਜਾਬ ਦੇ ਚਰਨਜੀਤ ਚੰਨੀ ਪਹਿਲੇ ਅਜਿਹੇ ਨੇਤਾ ਹਨ ਜੋ ਪੰਜਾਬ ਦੀ ਮਿੱਟੀ ਦੇ ਨਾਲ ਜੁੜੇ ਹੋਏ ਹਨ ਅਤੇ ਕਿਸਾਨ ਪੱਖੀ ਤੇ ਮਜ਼ਦੂਰ ਪੱਖੀ ਹਮੇਸ਼ਾ ਹੀ ਆਵਾਜ਼ ਲੋਕ ਸਭਾ ਦੇ ਵਿੱਚ ਬੁਲੰਦ ਕਰ ਰਹੇ ਹਨ। ਉਹਨਾਂ ਕਿਹਾ ਕਿ ਚਰਨਜੀਤ ਚੰਨੀ ਬਹੁਤ ਹੀ ਇਮਾਨਦਾਰ ਅਤੇ ਬੇਦਾਗ ਨੇਤਾ ਹੋਣ ਦੇ ਨਾਲ ਨਾਲ ਪੰਜਾਬੀਆਂ ਦੇ ਮਨਪਸੰਦ ਨੇਤਾ ਹਨ।ਇਸ ਮੌਕੇ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਰਤੀ ਕਾਮਿਆਂ ਦੀ ਐਗਰੀਕਲਚਰ ਕਮੇਟੀ 'ਚ ਪਾਉਣ ਦੀ ਪਹਿਲੀ ਵਾਰੀ ਉਹਨਾਂ ਨੇ ਗੱਲ ਕੀਤੀ ਅਤੇ ਜਿਸ ਦਾ ਲਾਭ ਕਿਸਾਨਾਂ ਨੂੰ ਵੀ ਹੋਵੇ ਤੇ ਉਹਨਾਂ ਨੇ ਇਹ ਗੱਲ ਕਹੀ ਹੈ ਕਿ ਐਗਰੀਕਲਚਰ ਕਮੇਟੀ 'ਚ ਜਿਹੜੇ ਪਿੰਡਾਂ 'ਚ ਮਜ਼ਦੂਰ ਕੰਮ ਕਰਦੇ ਹਨ ਉਹਨਾਂ ਨੂੰ ਕਿਸਾਨਾਂ ਦੇ ਨਾਲ ਜੋੜਿਆ ਜਾਵੇ ਕਿਉਂਕਿ ਉਹ ਇੱਕ ਦੂਜੇ 'ਤੇ ਨਿਰਭਰ ਹਨ । ਕਿਸਾਨ ਦੇ ਨਾਲ ਮਜ਼ਦੂਰ ਵੀ ਖੇਤਾਂ ਦੇ ਵਿੱਚ ਬਰਾਬਰ ਦੇ ਕੰਮਕਾਜ ਵਿੱਚ ਹਿੱਸਾ ਪਾਉਂਦੇ ਹਨ। ਸੋ ਸਾਰਿਆਂ ਨੂੰ ਇੱਕ ਦੂਜੇ ਦੇ ਨਾਲ ਜੋੜਿਆ ਜਾਵੇ।

## ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੱਲੋਵਾਲ ਖਨੂਰ ਦਾ ਨਤੀਜਾ ਸ਼ਾਨਦਾਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੱਲੋਵਾਲ ਖਨੂਰ ਹੁਸ਼ਿਆਰਪੁਰ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਮੌਕੇ ਸਕੂਲ ਦੇ ਡਾਇਰੈਕਟਰ ਕੈਪਟਨ ਗੁਰਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਾਰ੍ਹਵੀਂ ਕਲਾਸ ਦੇ ਸਾਰੇ ਬੱਚੇ ਵਧੀਆ ਅੰਕ ਲੈ ਕੇ ਫਸਟ ਡੀਵੀਜ਼ਨ ਵਿਚ ਪਾਸ ਹੋਏ। ਉਨ੍ਹਾਂ ਦੱਸਿਆ ਕਿ ਸਾਰੇ ਬੱਚਿਆਂ ਵਿਚੋ ਅੱਧ ਤੋਂ ਜ਼ਿਆਦਾ ਬੱਚਿਆਂ ਦੇ ਨੰਬਰ 80% ਤੋਂ ਉਪਰ ਆਏ ਹਨ।ਇਨ੍ਹਾਂ ਵਿਚੋਂ ਪਹਿਲਾ ਸਥਾਨ ਮਮਤਾ ਸਪੁੱਤਰੀ ਹਰਜਿੰਦਰ ਕੁਮਾਰ ਪਿੰਡ ਸਸੋਲੀ ਨੇ 500/ 450 ( 90%) ਅੰਕ ਪ੍ਰਾਪਤ ਕਰਕੇ ਹਾਸਲ ਕੀਤਾ ਹੈ।ਦੂਜੇ ਸਥਾਨ ਗੁਰਪ੍ਰੀਤ ਕੌਰ ਸਪੁੱਤਰੀ ਰਣਜੀਤ ਸਿੰਘ ਪਿੰਡ ਜੱਲੋਵਾਲ ਨੇ 500/ 442 (88 %) ਅੰਕ ਪ੍ਰਾਪਤ ਕਰਕੇ ਹਾਸਲ ਕੀਤਾ ਹੈ।ਇਸੇ ਤਰ੍ਹਾਂ ਤੀਜੇ ਸਥਾਨ 'ਤੇ ਅਮਰਦੀਪ ਕੌਰ ਸਪੁੱਤਰੀ ਹਰਵਿੰਦਰ ਸਿੰਘ 500/ 431 ਅੰਕ ਪ੍ਰਾਪਤ ਕਰਕੇ ਹਾਸਲ ਕੀਤਾ।ਇਸ ਮੌਕੇ ਇਨਾਮ ਵੰਡ ਸਮਾਗਮ ਦੌਰਾਨ ਮੁੱਖ ਮਹਿਮਾਨ ਸਰਪੰਚ ਬਲਜੀਤ ਸਿੰਘ ਜੱਲੋਵਾਲ, ਗੁਰਦੀਪ ਸਿੰਘ ਲਾਡੀ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਹਲਕਾ ਚੱਬੇਵਾਲ ਨੇ ਪਹਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲਿਆ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਕੈਪਟਨ ਗੁਰਦੀਪ ਸਿੰਘ ਨੇ ਬਾਰਵੀਂ ਕਲਾਸ ਦਾ । ਇਸ ਮੌਕੇ ਸਕੂਲ ਦੇ ਡਾਇਰੈਕਟਰ ਕੈਪਟਨ ਗੁਰਦੀਪ ਸਿੰਘ, ਪਲਵਿੰਦਰ ਕੌਰ, ਰਵਿੰਦਰ ਕੁਮਾਰ, ਵਿਨੋਦ ਕੁਮਾਰ, ਰਜਨੀ ਗੀਤਾ, ਬਲਜੀਤ, ਸ਼ਰਨਜੀਤ , ਪੂਜਾ, ਜਸਪਾਲ, ਪ੍ਰਿਆ, ਸੁਮਮਾ ਆਦਿ ਹਾਜ਼ਰ ਸਨ।



## ਦੀਕਸ਼ਾ ਨੇ ਸਕੂਲ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ

**ਮਾਹਿਲਪੁਰ (ਸ.ਫ਼ਰੀ)**- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨੇ ਗਏ 10ਵੀਂ ਦੇ ਨਤੀਜਿਆਂ ਵਿੱਚ ਨਿਊ ਦਸ਼ਮੇਸ਼ ਪਬਲਿਕ ਹਾਈ ਸਕੂਲ ਸੈਲਾਂ ਕਲਾਂ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸਕੂਲ ਐਮ ਡੀ ਦਵਿੰਦਰ ਸਿੰਘ ਅਤੇ ਮੈਡਮ ਅਮਰਪ੍ਰੀਤ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਡੇ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ਹੈ ਉਹਨਾਂ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਦੀਕਸ਼ਾ ਕੁਮਾਰੀ 589 (90.61%) ਨੰਬਰ ਅਮਨਜੋਤ ਕੋਰ ਨੇ 573 ( 88.15%) ਨੰਬਰ ਸਿਮਰਨਜੀਤ ਕੋਰ ਨੇ 558 ( 85.84% ) ਨੰਬਰ ਰਮਨੀਤ ਸਿੰਘ ਤੇ ਰਿਸ਼ੀ ਕੁਮਾਰ ਪਾਠਕ ਨੇ 556 (85.53% ) ਤੇ ਅਨਾਮਿਕਾ ਚੌਧਰੀ ਨੇ 550 ( 84.61% ) ਨੰਬਰ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਇਸ ਸਮੇ ਸਕੂਲ ਦੇ ਪ੍ਰਿੰਸੀਪਲ ਮਨਜੀਤ ਕੋਰ ਅਤੇ ਸਮੂਹ ਸਟਾਫ ਵੱਲੋਂ ਇਸਸ਼ਸਾਨਦਾਰ ਨਤੀਜੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।



## ਮਸਤ ਰਾਮ ਲਾਲ ਦਾ ਮੇਲਾ ਅੱਜ ਤੋਂ

### ਭਲਕੇ ਚਰਨਜੀਤ ਸਿੰਘ ਚੰਨੀ ਮੁੱਖ ਮਹਿਮਾਨ ਵਜੋਂ ਪਹੁੰਚਣਗੇ

**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਸੈਦਪੁਰ ਝਿੜੀ ਵਿਖੇ ਗੁਲਾਮ ਮੁਸਤਫਾ ਉਰਫ ਬਾਬਾ ਮਸਤ ਰਾਮ ਲਾਲ ਜੀ ਦੇ ਦਰਬਾਰ 'ਤੇ 44ਵਾਂ ਸਾਲਾਨਾ ਮੇਲਾ 19 ਅਤੇ 20 ਮਈ ਨੂੰ ਮਨਾਇਆ ਜਾ ਰਿਹਾ ਹੈ। ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਭੂਸ਼ਨ ਸਿੱਧੂ ਅਤੇ ਦੀਪੂ ਸੈਦਪੁਰੀ ਨੇ ਦੱਸਿਆ ਕਿ 20 ਮਈ ਨੂੰ ਮੇਲੇ ਵਿੱਚ ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਜਲੰਧਰ ਚਰਨਜੀਤ ਸਿੰਘ ਚੰਨੀ ਮੁੱਖ ਮਹਿਮਾਨ ਅਤੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ। ਉਨ੍ਹਾਂ ਦੱਸਿਆ ਕਿ 19 ਮਈ ਨੂੰ ਝੰਡੇ ਦੀ ਰਸਮ ਉਪਰੰਤ ਨਿਰਮਲ ਢੰਡੋਵਾਲੀਆ, ਮੁਸਕਾਨ, ਕਮਲ ਅਤੇ ਹੋਰ ਬਹੁਤ ਸਾਰੇ ਕਲਾਕਾਰ ਹਾਜ਼ਰੀ ਲਗਾਉਣਗੇ। 19 ਮਈ ਰਾਤ ਨੂੰ ਮਹਿਫ਼ਲ-ਏ-ਕੱਵਾਲ ਵਿੱਚ ਕਰਾਮਤ ਅਲੀ ਮਲੇਰ ਕੋਟਲਾ, ਪ੍ਰਵੇਜ਼ ਆਲਮ, ਤਾਰਿਕ ਹੁਸੈਨ ਅਤੇ ਹੋਰ ਕਲਾਕਾਰ ਆਪਣਾ ਸੂਫ਼ੀਆਨਾ ਰੰਗ ਪੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ 20 ਮਈ ਨੂੰ ਪੰਜਾਬ ਦੇ ਪ੍ਰਸਿੱਧ ਕਲਾਕਾਰ ਜਿਨ੍ਹਾਂ ਵਿੱਚ ਸੁਲਤਾਨਾ ਨੂਰਾ, ਮਨਜੀਤ ਸਹੋਤਾ ਅਤੇ ਕਾਸ਼ੀ ਨਾਥ ਸੰਗਤ ਨੂੰ ਆਪਣੇ ਗੀਤਾਂ ਨਾਲ ਨਿਹਾਲ ਕਰਨਗੇ। 20 ਮਈ ਰਾਤ ਨੂੰ ਮਨਜਿੰਦਰ ਮਨੀ, ਦੀਪ ਨੌਰਥ, ਰਾਹਤ ਅਲੀ ਮਹਿਫ਼ਲ-ਏ-ਕੱਵਾਲੀ ਵਿੱਚ ਹਾਜ਼ਰੀ ਲਗਾਉਣਗੇ। 20 ਨੂੰ ਛਿੰਝ ਮੇਲਾ ਵੀ ਕਰਵਾਇਆ ਜਾ ਰਿਹਾ ਹੈ। ਪਟਕੇ ਦੀ ਕੁਸ਼ਤੀ ਸੋਨੂੰ ਸਿਉੜਾ ਅਤੇ ਮੁਕੇਸ਼ ਕੁਹਾਲੀ ਵਿਚਕਾਰ ਹੋਵੇਗੀ।

## ਕਾਮਰੇਡ ਪ੍ਰੇਮ ਸਿੰਘ ਮੰਢਾਲੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਬੰਗਾ (ਅਵਤਾਰ ਕਲੇਰ)**
ਸੀ ਪੀ ਆਈ (ਐਮ) ਦੇ ਆਗੂ ਕਾਮਰੇਡ ਪ੍ਰੇਮ ਸਿੰਘ ਮੰਢਾਲੀ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਖੱਬੀਆਂ ਪਾਰਟੀਆਂ ਦੇ ਆਗੂਆਂ ਵਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪਿਛਲੇ ਦਿਨੀਂ ਕਾਮਰੇਡ ਪ੍ਰੇਮ ਸਿੰਘ ਮੰਢਾਲੀ ਨੂੰ ਘਰ ਵਿੱਚ ਹੀ ਅਣਪਛਾਤੇ ਵਿਅਕਤੀ ਵਲੋਂ ਕਤਲ ਕਰ ਦਿੱਤਾ ਗਿਆ ਸੀ। ਐਤਵਾਰ ਉਹਨਾਂ ਦਾ ਸ਼ਰਧਾਂਜਲੀ ਸਮਾਗਮ ਮੰਢਾਲੀ ਵਿਖੇ ਉਨ੍ਹਾਂ ਦੇ ਘਰ ਹੀ ਕਰਵਾਇਆ ਗਿਆ।ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਕਾਮਰੇਡ ਰਾਮ ਸਿੰਘ ਨੂਰਪੁਰੀ, ਕਾਲਮ ਨਵੀਸ, ਲੇਖਕ ਬੂਟਾ ਸਿੰਘ ਮਹਿਮੂਦਪੁਰ, ਕਾਮਰੇਡ ਬਲਵੀਰ ਸਿੰਘ ਜਾਡਲਾ, ਕਾਮਰੇਡ ਗੁਰਨੇਕ ਸਿੰਘ ਭੱਜਲ, ਕਾਮਰੇਡ ਦਰਸ਼ਨ ਸਿੰਘ ਮੱਟੂ, ਕਾਮਰੇਡ ਮਹਾਂ ਸਿੰਘ ਰੋੜੀ ਆਦਿ ਆਗੂਆਂ ਨੇ ਕਾਮਰੇਡ ਮੰਢਾਲੀ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਪਿੰਡ ਮੰਢਾਲੀ ਅਜ਼ਾਦੀ ਦੀ ਲਹਿਰ, ਬੱਬਰ ਅਕਾਲੀ ਲਹਿਰ, ਕਮਿਊਨਿਸਟ ਲਹਿਰ ਅਤੇ ਹੋਰ ਅਗਾਂਹਵਧੂ ਲਹਿਰਾਂ ਦਾ ਗੜ੍ਹ ਰਿਹਾ। ਕਾਮਰੇਡ ਪ੍ਰੇਮ ਸਿੰਘ ਦੇ ਪਿਤਾ ਕਾਮਰੇਡ ਹਰੀ ਸਿੰਘ ਮੰਢਾਲੀ 1930 ਵਿੱਚ ਹੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਕਮਿਊਨਿਸਟ ਲਹਿਰ 'ਚ ਸਰਗਰਮ ਹੋ ਗਏ।ਕਿਸੇ ਵੇਲੇ ਮੇਹਲੀ, ਮੰਢਾਲੀ, ਦੋਸਾਂਝ ਕਲਾਂ ਨੂੰ ਲਾਲ ਪਿੰਡ ਕਿਹਾ ਜਾਂਦਾ। ਇਹਨਾਂ ਪਿੰਡਾਂ ਵਿੱਚ ਕਮਿਊਨਿਸਟ ਪਾਰਟੀਆਂ ਦਾ ਬਹੁਤ ਗੜ੍ਹ ਸੀ।ਪਾਰਟੀ ਦੀ ਹਰ ਸਰਗਰਮੀ ਕਾਮਰੇਡ ਪ੍ਰੇਮ ਸਿੰਘ ਹਿੱਸਾ ਲੈਂਦੇ, ਸਪੋਰਟਸ ਕਲੱਬ ਮੰਢਾਲੀ ਦੇ ਸਰਗਰਮ ਮੈਂਬਰ ਅਤੇ ਲੰਮਾ ਸਮਾਂ ਪਿੰਡ ਦੇ ਪੰਚ ਰਹੇ।ਕਾਮਰੇਡ ਪ੍ਰੇਮ ਸਿੰਘ ਦੇ ਅਚਾਨਕ ਤੁਰ ਜਾਣ ਨਾਲ ਪਰਵਾਰ ਦੇ ਨਾਲ ਪਾਰਟੀ ਨੂੰ ਅਤੇ ਜਮਹੂਰੀਅਤ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ। ਬੁਲਾਰਿਆਂ ਕਿਹਾ ਕਿ ਕਾਮਰੇਡ ਪ੍ਰੇਮ ਸਿੰਘ ਸਮਾਜ ਵਿਰੋਧੀ ਅਨਸਰਾਂ ਨਾਲ ਲੜਦਿਆਂ ਸ਼ਹੀਦ ਹੋਇਆ। ਪੁਲਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਸਾਜਿਸ਼ਕਰਤਾ ਅਤੇ ਕਾਤਲਾਂ ਨੂੰ ਸਾਹਮਣੇ ਲਿਆਂਦਾ ਜਾਵੇ ਨਹੀਂ ਤਾਂ ਪਾਰਟੀ ਵਲੋਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਸੰਸਥਾਵਾਂ ਅਤੇ ਆਗੂਆਂ ਦੇ ਸ਼ੋਕ ਸੰਦੇਸ਼ ਵੀ ਪੜ੍ਹੇ ਗਏ। ਸਟੇਜ ਸਕੱਤਰ ਦੀ ਭੂਮਿਕਾ ਕਾਮਰੇਡ ਚਰਨਜੀਤ ਸਿੰਘ ਦੌਲਤਪੁਰ ਨੇ ਨਿਭਾਈ।ਪਰਵਾਰ ਵਲੋਂ ਜਮਹੂਰੀ ਅਧਿਕਾਰ ਸਭਾ 5000 ਰੁਪਏ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ 5000 ਰੁਪਏ, ਸੰਗਰਾਮੀ ਲਹਿਰ 5000 ਰੁਪਏ, ਸੀ ਪੀ ਆਈ (ਐਮ) ਪੰਜਾਬ 10000 ਰੁਪਏ, ਯੰਗ ਸਪੋਰਟਸ ਕਲੱਬ ਮੰਢਾਲੀ 10000 ਰੁਪਏ, ਸੀਨੀਅਰ ਸੈਕੰਡਰੀ ਸਕੂਲ ਮੰਢਾਲੀ 10000 ਰੁਪਏ ਸਹਾਇਤਾ ਕੀਤੀ। ਇਸ ਮੌਕੇ ਕਾਮਰੇਡ ਪ੍ਰੇਮ ਸਿੰਘ ਦੇ ਜੀਵਨ ਸਾਥੀ ਬੀਬੀ ਹਰਜੀਤ ਕੌਰ, ਭਰਾ ਕਸ਼ਮੀਰਾ ਬਦੇਸ਼ਾ, ਬੇਟਾ ਜਸਵੀਰ ਸਿੰਘ ਬਦੇਸ਼ਾ, ਭੈਣ ਹਰਦੀਪ ਕੌਰ, ਬੇਟੀਆਂ ਕਰਮਜੀਤ ਕੌਰ, ਰਾਜਵਿੰਦਰ ਕੌਰ, ਜੁਆਈ ਟਹਿਲ ਸਿੰਘ ਰਾਣਾ, ਭਰਜਾਈ ਹਰਕੇਸ਼ ਕੌਰ ਬਦੇਸ਼ਾ ਤੋਂ ਇਲਾਵਾ ਪਾਰਟੀ ਵਰਕਰ ਅਤੇ ਰਿਸ਼ਤੇਦਾਰ ਮੌਜੂਦ ਸਨ।



## ਲੋੜਵੰਦ ਧੀਆਂ ਦੇ ਵਿਆਹ 11 ਅਕਤੂਬਰ ਨੂੰ

**ਫਗਵਾੜਾ (ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਰਜਿ. ਫਗਵਾੜਾ ਵੱਲੋਂ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਕਰਵਾਏ ਜਾਣ ਵਾਲੇ 35ਵੇਂ ਸਾਲਾਨਾ ਲੋੜਵੰਦ ਧੀਆਂ ਦੇ ਵਿਆਹ ਜੋ ਕਿ 11 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਕਰਵਾਏ ਜਾ ਰਹੇ ਹਨ।

## ਕਾਂਗਰਸ ਵੱਲੋਂ ਸੰਵਿਧਾਨ ਬਚਾਓ ਰੈਲੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਕੁਲ ਹਿੰਦ ਕਾਂਗਰਸ ਪ੍ਰਧਾਨ ਮਲਿਕ ਅਰਜੁਨ ਖੜਗੇ ਵੱਲੋਂ ਪੂਰੇ ਦੇਸ਼ ਵਿੱਚ ਸੰਵਿਧਾਨ ਬਚਾਓ ਰੈਲੀ ਕਰਨ ਦੇ ਦਿੱਤੇ ਹੁਕਮਾਂ ਤਹਿਤ ਹਲਕਾ ਸੁਲਤਾਨਪੁਰ ਲੋਧੀ ਵਿੱਚ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੇ ਸੰਵਿਧਾਨ ਬਚਾਓ ਰੈਲੀ ਦਾ ਆਯੋਜਨ ਕੀਤਾ। ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਨੇ ਹਿੱਸਾ ਲਿਆ। ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਸਮੇਤ ਸਾਰੇ ਵਿਰੋਧੀ ਦਲਾਂ ਨੇ ਕੇਂਦਰ ਦੀ ਭਾਜਪਾ ਸਰਕਾਰ ਦੇ ਖਿਲਾਫ ਸੰਵਿਧਾਨ ਨੂੰ ਨਸ਼ਟ ਕਰਨ ਦਾ ਦੋਸ਼ ਲਗਾਇਆ ਸੀ, ਜਿਸ ਤਹਿਤ ਪੂਰੇ ਦੇਸ਼ ਵਿੱਚ ਭਾਜਪਾ ਦੀ ਸਰਕਾਰ ਪ੍ਰਤੀ ਰੋਸ ਵਧਦਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਇਸ ਕਦਮ ਦਾ ਮੁੱਖ ਮੰਤਵ ਸਮਾਜਿਕ, ਰਾਜਨੀਤਿਕ, ਆਰਥਿਕ ਨਿਆਂ ਦਾ ਸੰਦੇਸ਼ ਘਰ ਘਰ ਪਹੁੰਚਾਉਣਾ ਹੈ। ਉਹਨਾਂ ਕਿਹਾ ਕਿ ਸੰਵਿਧਾਨ ਬਾਬਾ ਸਾਹਿਬ ਦੀ ਦੇਣ ਹੈ। ਇਹ ਸਾਡੇ ਖ਼ੂਨ ਪਸੀਨੇ ਅਤੇ ਸੰਘਰਸ਼ ਤੋਂ ਬਣਿਆ ਹੈ। ਜੋ ਇਸ ਨੂੰ ਮਿਟਾਉਣਾ ਚਾਹੁੰਦੇ ਹਨ ਉਹ ਭਾਰਤ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ ।ਨਾ ਸੰਵਿਧਾਨ ਦੇ ਨਾਲ ਸਮਝੌਤਾ ਹੋਵੇਗਾ ਨਾ ਲੋਕਤੰਤਰ ਨੂੰ ਗਿਰਵੀ ਰੱਖਣ ਦੇਵਾਂਗੇ। ਨਵਤੇਜ ਚੀਮਾ ਨੇ ਕਿਹਾ ਕਿ ਅੱਜ ਕੁਝ ਤਾਕਤਾਂ ਸੰਵਿਧਾਨ ਨੂੰ ਬਦਲਣ ਤੇ ਕੁਚਲਣ ਦੀ ਸਾਜਿਸ਼ ਕਰ ਰਹੀਆਂ ਹਨ। ਉਹ ਚਾਹੁੰਦੇ ਹਨ ਕਿ ਰਾਖਵਾਂਕਰਨ ਖਤਮ ਹੋਵੇ, ਬੋਲਣ ਦੀ ਆਜ਼ਾਦੀ ਖਤਮ ਹੋਵੇ ਅਤੇ ਲੋਕਤੰਤਰ ਦੀ ਆਤਮਾ ਨੂੰ ਦਬਾ ਦਿੱਤਾ ਜਾਵੇ ਪਰੰਤੂ ਕਾਂਗਰਸ ਪਾਰਟੀ ਅਜਿਹਾ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦੇਵੇਗੀ। ਉਹਨਾਂ ਸਮੂਹ ਕਾਂਗਰਸੀ ਆਗੂਆਂ ਨੂੰ ਇਸ ਅਭਿਆਨ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਕੰਬੋਜ ਵੈਲਫੇਅਰ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਤੇ ਸੀਨੀਅਰ ਆਗੂ ਐਡਵੋਕੇਟ ਜਸਪਾਲ ਸਿੰਘ ਧੰਜੂ ਨੇ ਕਿਹਾ ਕਿ ਸਾਡਾ ਸੰਵਿਧਾਨ ਸਿਰਫ ਇੱਕ ਕਿਤਾਬ ਨਹੀਂ ਬਲਕਿ ਕਰੋੜਾਂ ਲੋਕਾਂ ਦੀ ਉਮੀਦ ਹੈ। ਓ ਬੀ ਸੀ ਐਲ ਐਮ ਡੀ ਨਰਿੰਦਰ ਸਿੰਘ ਵਿਲਖੂ ਨੇ ਕਿਹਾ ਕਿ ਭਾਜਪਾ ਨੂੰ ਕਿਸੇ ਵੀ ਕੀਮਤ 'ਤੇ ਸੰਵਿਧਾਨ ਨੂੰ ਖੇਰੂੰ ਖੇਰੂੰ ਕਰਨ ਦੀ ਆਜ਼ਾਦੀ ਨਹੀਂ ਦੇਵਾਂਗੇ। ਸ਼ਹਿਰੀ ਪ੍ਰਧਾਨ ਨਰਿੰਦਰ ਸਿੰਘ ਪੰਨੂ ਨੇ ਰੈਲੀ ਵਿੱਚ ਪੁੱਜੇ ਸਾਰੇ ਕਾਂਗਰਸੀ ਵਰਕਰਾਂ ਤੇ ਆਗੂਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸਾਬਕਾ ਜ਼ਿਲ੍ਹਾ ਪ੍ਰਧਾਨ ਰਮੇਸ਼ ਡਡਵਿੰਡੀ ਨੇ ਨਿਭਾਇਆ। ਇਸ ਮੌਕੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਬਲਾਕ ਪ੍ਰਧਾਨ ਮੁਖਤਿਆਰ ਸਿੰਘ ਭਗਤਪੁਰ ,ਕਿਸਾਨ ਆਗੂ ਅਮਰ ਸਿੰਘ ਮੰਡ, ਸ਼ਹਿਰੀ ਪ੍ਰਧਾਨ ਨਰਿੰਦਰ ਸਿੰਘ ਪੰਨੂ, ਜਗਪਾਲ ਸਿੰਘ ਚੀਮਾ ਸਾਬਕਾ ਚੇਅਰਮੈਨ, ਐਡਵੋਕੇਟ ਜਸਪਾਲ ਸਿੰਘ ਧੰਜੂ, ਐਡਵੋਕੇਟ ਭੁਪਿੰਦਰ ਸਿੰਘ, ਜੋਗੀ ਮੜੀਆ, ਰੁਪਿੰਦਰ ਸੇਠੀ, ਦੇਬੂ ਤਲਵੰਡੀ ,ਬਾਬਾ ਭਗਤਪੁਰੀਆ, ਸ਼ੇਰ ਸਿੰਘ ਮਸੀਤਾਂ ਸਾਬਕਾ ਸਰਪੰਚ ,ਯੂਥ ਆਗੂ ਦਲਬੀਰ ਸਿੰਘ ਚੀਮਾ ਫੱਤੂ ਢੀਂਗਾ ਲਖਵੀਰ ਸਿੰਘ ਲੱਖਾ ਸਾਬਕਾ ਸਰਪੰਚ, ਮਾਨ ਸਿੰਘ ਦੇਸਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।




## ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਸੀਚੇਵਾਲ ਦਾ ਬਾਰ੍ਹਵੀਂ ਦਾ ਨਤੀਜਾ 100 ਪ੍ਰਤੀਸ਼ਤ

**ਸ਼ਾਹਕੋਟ (ਗਿਆਨ ਸੈਦਪੁਰੀ)**- ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ।ਤਿੰਨੋ ਵਿਭਾਗਾਂ ਦੇ ਵਿਦਿਆਰਥੀਆਂ ਨੇ ਚੰਗਾ ਪ੍ਰਦਰਸ਼ਨ ਕੀਤਾ ਜਿਸ ਵਿਚ ਆਰਟਸ ਵਿਭਾਗ 'ਚ ਪਹਿਲਾ ਸਥਾਨ ਕਿਰਨਦੀਪ ਕੌਰ 92 ਪ੍ਰਤੀਸ਼ਤ, ਦੂਜਾ ਸਿਮਰਨਜੀਤ ਕੌਰ 91 ਪ੍ਰਤੀਸ਼ਤ, ਤੀਜਾ ਤਰਨਜੀਤ ਕੌਰ 86.7 ਪ੍ਰਤੀਸ਼ਤ, ਕਾਮਰਸ ਵਿਭਾਗ ਵਿਚ ਪਹਿਲਾ ਸਥਾਨ ਲਵਪ੍ਰੀਤ ਸਿੰਘ 90.2% ਪ੍ਰਤੀਸ਼ਤ, ਦੂਜਾ ਬਲਜਿੰਦਰ ਕੌਰ 89.8 ਪ੍ਰਤੀਸ਼ਤ, ਤੀਜਾ ਅਮਨਪ੍ਰੀਤ ਕੌਰ 85.2 ਪ੍ਰਤੀਸ਼ਤ, ਸਾਇੰਸ ਵਿਭਾਗ 'ਚ ਪਹਿਲਾ ਸਥਾਨ ਅਰਸ਼ਦੀਪ ਕੌਰ 84.6 ਪ੍ਰਤੀਸ਼ਤ, ਦੂਜਾ ਅਮਨਦੀਪ ਕੌਰ 79 ਪ੍ਰਤੀਸ਼ਤ, ਤੀਜਾ ਵੀਰਪਾਲ ਕੌਰ 78 ਪ੍ਰਤੀਸ਼ਤ। ਸਕੂਲ ਪ੍ਰਿੰਸੀਪਲ ਸਤਪਾਲ ਸਿੰਘ ਗਿੱਲ ਨੇ ਦੱਸਿਆ ਕਿ ਬਾਰ੍ਹਵੀਂ ਕਲਾਸ ਦੇ ਸਾਰੇ ਵਿਦਿਆਰਥੀ ਚੰਗੇ ਅੰਕਾਂ ਨਾਲ ਪਾਸ ਹੋਏ ਹਨ। ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਿਦਿਆਰਥੀਆਂ , ਉਹਨਾ ਦੇ ਮਾਤਾ ਪਿਤਾ ਅਤੇ ਸਟਾਫ ਨੂੰ ਚੰਗਾ ਨਤੀਜਾ ਆਉਣ 'ਤੇ ਵਧਾਈ ਦਿੱਤੀ। ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਦੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਸੁਰਜੀਤ ਸਿੰਘ ਸ਼ੰਟੀ ਨੇ ਵੀ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਕਿਹਾ।



## ਏ ਆਈ ਐੱਮ ਐੱਸ ਮੋਹਾਲੀ ਨੇ ਅੰਤਰ ਕਾਲਜ ਹੇਮਾਟੋਲੋਜੀ ਕੁਇਜ਼ ਦੀ ਕੀਤੀ ਮੇਜ਼ਬਾਨੀ

**ਮੋਹਾਲੀ, (ਗੁਰਜੀਤ ਬਿੱਲਾ)**-ਡਾ. ਬੀ. ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਮੋਹਾਲੀ ਦੇ ਪੈਥੋਲੋਜੀ ਵਿਭਾਗ ਨੇ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਦੀ ਅਗਵਾਈ ਹੇਠ ਐਮ ਬੀ ਬੀ ਐਸ, ਫੇਜ਼ 2 ਦੇ ਵਿਦਿਆਰਥੀਆਂ ਲਈ ਅੰਤਰ ਕਾਲਜ ਅੰਡਰਗ੍ਰੈਜੁਏਟ ਹੇਮਾਟੋਲੋਜੀ ਕੁਇਜ਼, ਸੰਗਰੇ 2025 ਦੇ ਤੀਜੇ ਐਡੀਸ਼ਨ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਪੰਜਾਬ ਭਰ ਦੇ 10 ਮੈਡੀਕਲ ਕਾਲਜਾਂ ਦੀ ਨੁਮਾਇੰਦਗੀ ਕਰਨ ਵਾਲੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।ਪ੍ਰਸਿੱਧ ਕੁਇਜ਼ਮਾਸਟਰ ਡਾ. ਨਵੀਨ ਕੱਕੜ, ਐਮ ਐਮ ਐਮ ਸੀ ਐਚ ਸੋਲਨ ਦੇ ਪੈਥੋਲੋਜੀ ਦੇ ਪ੍ਰੋਫੈਸਰ ਅਤੇ ਮੁਖੀ, ਅਤੇ ਡਾ. ਪੁਲਕਿਤ ਰਸਤੋਗੀ, ਪੀ ਜੀ ਆਈ ਐਮ ਈ ਆਰ ਚੰਡੀਗੜ੍ਹ ਹੇਮਾਟੋਲੋਜੀ ਦੇ ਐਸੋਸੀਏਟ ਪ੍ਰੋਫੈਸਰ, ਨੇ ਕੁਇਜ਼ ਦੀ ਪ੍ਰਧਾਨਗੀ ਕੀਤੀ।ਇਸ ਮੌਕੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਚੰਡੀਗੜ੍ਹ ਦੀ ਟੀਮ ਨੇ ਅਸਾਧਾਰਨ ਗਿਆਨ ਅਤੇ ਤੇਜ਼ ਸੋਚ ਦਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਇਨਾਮ ਜਿੱਤਿਆ। ਗਿਆਨ ਸਾਗਰ ਮੈਡੀਕਲ ਕਾਲਜ, ਬਨੂੜ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਮੇਜ਼ਬਾਨ ਸੰਸਥਾ, ਏ ਆਈ ਐਮ ਐਸ ਮੋਹਾਲੀ ਨੇ ਤੀਜਾ ਇਨਾਮ ਪ੍ਰਾਪਤ ਕੀਤਾ।ਇਹ ਪ੍ਰੋਗਰਾਮ ਅਕਾਦਮਿਕ ਉੱਤਮਤਾ ਤੇ ਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਿਤ ਕਰਨ ਅਤੇ ਚਾਹਵਾਨ ਮੈਡੀਕਲ ਪੇਸ਼ੇਵਰਾਂ ਦੇ ਗਿਆਨ ਅਧਾਰ ਨੂੰ ਵਧਾਉਣ ਲਈ ਇੱਕ ਪਲੇਟਫਾਰਮ ਵਜੋਂ ਉਭਰਿਆ। ਪ੍ਰਬੰਧਕਾਂ ਨੇ ਸਾਰੇ ਭਾਗੀਦਾਰ ਕਾਲਜਾਂ ਦਾ ਧੰਨਵਾਦ ਕੀਤਾ ਅਤੇ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।



## ਕੌਮੀ ਲੋਕ ਅਦਾਲਤ 24 ਨੂੰ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 24 ਮਈ ਨੂੰ ਜੁਡੀਸ਼ੀਅਲ ਅਦਾਲਤਾਂ ਜਲੰਧਰ, ਨਕੋਦਰ ਅਤੇ ਫਿਲੌਰ ਵਿਖੇ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ, ਜਿਥੇ ਲੰਬਿਤ ਸਿਵਲ ਅਤੇ ਫੌਜਦਾਰੀ ਦੇ ਸਮਝੌਤਾ ਹੋ ਸਕਣ ਵਾਲੇ ਕੇਸਾਂ ਅਤੇ ਹੋਰ ਸੰਸਥਾਵਾਂ ਜਿਵੇਂ ਬੈਂਕਾਂ, ਬਿਜਲੀ ਵਿਭਾਗ, ਵਿੱਤੀ ਸੰਸਥਾਨਾਂ ਦੇ ਪ੍ਰੀਲਿਟੀਗੇਟਿਵ ਕੇਸਾਂ ਦਾ ਫੈਸਲਾ ਰਾਜ਼ੀਨਾਮੇ ਰਾਹੀਂ ਕਰਵਾਉਣ ਲਈ ਸੁਣਵਾਈ ਕੀਤੀ ਜਾਵੇਗੀ।ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨਿਰਭਉ ਸਿੰਘ ਗਿੱਲ ਨੇ ਦੱਸਿਆ ਕਿ ਕੌਮੀ ਲੋਕ ਅਦਾਲਤ ਪਹਿਲਾਂ 10 ਮਈ ਨੂੰ ਲਗਾਈ ਜਾਣੀ ਸੀ, ਜਿਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ ਅਤੇ ਹੁਣ ਇਹ 24 ਮਈ ਨੂੰ ਲਗਾਈ ਜਾ ਰਹੀ ਹੈ। ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਰਾਹੁਲ ਕੁਮਾਰ ਆਜ਼ਾਦ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬੈਂਕ ਅਧਿਕਾਰੀਆਂ, ਬੀਮਾ ਕੰਪਨੀਆਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਵੱਖ-ਵੱਖ ਕੋਰਟਾਂ ਵਿੱਚ ਚਲਦੇ ਕੇਸਾਂ ਅਤੇ ਅਜਿਹੇ ਪ੍ਰੀ-ਲਿਟਿਗੇਟਿਵ ਕੇਸ ਜਿਹੜੇ ਅਜੇ ਅਦਾਲਤਾਂ ਵਿੱਚ ਦਾਇਰ ਨਹੀਂ ਹੋਏ ਹਨ, ਦਾ ਰਾਜ਼ੀਨਾਮੇ ਰਾਹੀਂ ਨਿਪਟਾਰਾ ਕਰਵਾਉਣ ਲਈ ਕੇਸ ਉਨ੍ਹਾਂ ਨੂੰ ਭੇਜਣ ਲਈ ਪ੍ਰੇਰਿਤ ਕੀਤਾ ਗਿਆ ਹੈ ਤਾਂ ਜੋ ਅਜਿਹੇ ਕੇਸਾਂ ਦਾ ਨਿਪਟਾਰਾ ਵੀ 24 ਮਈ ਦੀ ਲੋਕ ਅਦਾਲਤ ਵਿੱਚ ਕੀਤਾ ਜਾ ਸਕੇ। ਜਿਨ੍ਹਾਂ ਧਿਰਾਂ ਨੂੰ 10 ਮਈ ਨੂੰ ਮੁਲਤਵੀ ਹੋਈ ਲੋਕ ਅਦਾਲਤ ਤੋਂ ਬਾਅਦ ਆਪਣੇ ਕੇਸ ਦਾ ਨਿਪਟਾਰਾ ਕਰਾਉਣ ਲਈ 17 ਮਈ ਦੀ ਤਰੀਕ ਦੇ ਸੰਮਨ ਜਾਰੀ ਹੋਏ ਹਨ, ਉਨ੍ਹਾਂ ਨੂੰ ਵੀ ਆਪਣੇ ਕੇਸ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਾਉਣ ਲਈ 24 ਮਈ ਨੂੰ ਹਾਜ਼ਰ ਹੋਣ ਦੀ ਅਪੀਲ ਕੀਤੀ।

## ਜਨਮ ਦਿਨ ਮੁਬਾਰਕ



ਯਜ਼ਲਿਨ ਸੂਰੀ
ਬਲਾਚੌਰ



ਸਿਮਰਪਾਲ ਸਿੰਘ
ਜੰਡੂਸਿੰਘਾ, ਜਲੰਧਰ



ਅਸੀਸ ਕੌਰ
ਸੁਲਤਾਨਪੁਰ ਲੋਧੀ

## ਸੀਟੀ ਗਰੁੱਪ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਾਅ ਵੀਕੈਂਡ ਆਫ਼ ਵੈਲਨੈੱਸ ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**
ਯੁੱਧ ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਦੀ ਇਸ ਮੁਹਿੰਮ ਅਧੀਨ ਸੀ.ਟੀ. ਗਰੁੱਪ ਅਤੇ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਨੇ ਸਿਹਤਮੰਦ ਜੀਵਨ-ਸ਼ੈਲੀ ਅਤੇ ਨਸ਼ਾ-ਮੁਕਤ ਸਮਾਜ ਨੂੰ ਉਤਸ਼ਾਹਿਤ ਕਰਨ ਲਈ 'ਵਾਅ ਵੀਕੈਂਡ ਆਫ਼ ਵੈਲਨੈਸ' ਦਾ ਸਫਲ ਆਯੋਜਨ ਕੀਤਾ। ਟੀਮ ਪਰਿੰਦੇ ਅਤੇ ਸੋਲ ਸ਼ੇਕਰਜ਼ ਦੀ ਅਗਵਾਈ ਹੇਠ ਜ਼ੁੰਬਾ, ਯੋਗਾ ਅਤੇ ਡਾਂਸ ਸੈਸ਼ਨਾਂ ਨਾਲ ਸ਼ਹਿਰ ਵਿੱਚ ਇੱਕ ਨਵੀਂ ਊਰਜਾ ਭਰ ਗਈ। ਮਜ਼ੇਦਾਰ ਦੌੜਾਂ ਨੇ ਵੀ ਲੋਕਾਂ ਦਾ ਧਿਆਨ ਖਿੱਚਿਆ । ਈਵੈਂਟ ਦੌਰਾਨ ਮਿਸਟਰ ਅਤੇ ਮਿਸ ਵਾਅ ਦਾ ਖਿਤਾਬ ਵੀ ਦਿੱਤਾ ਗਿਆ। ਇਸ ਮੌਕੇ ਐਸ.ਡੀ.ਐਮ ਆਦਮਪੁਰ ਵਿਵੇਕ ਮੋਦੀ, ਚੇਅਰਮੈਨ ਚਰਨਜੀਤ ਸਿੰਘ ਚੰਨੀ, ਚੇਅਰਮੈਨ ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਮਾਡਲ ਟਾਊਨ ਦੀ ਕੌਂਸਲਰ ਅਰੁਣਾ ਅਰੋੜਾ ਅਤੇ ਮਾਡਲ ਟਾਊਨ ਐਸੋਸੀਏਸ਼ਨ ਦੇ ਪ੍ਰਧਾਨ ਰਾਜੀਵ ਦੁੱਗਲ ਮਾਣਯੋਗ ਅਤਿਥੀ ਮੌਜੂਦ ਸਨ। ਵਿਵੇਕ ਮੋਦੀ ਐਸ.ਡੀ.ਐਮ ਆਦਮਪੁਰ ਨੇ ਕਿਹਾ: ਇਸ ਤਰ੍ਹਾਂ ਦੇ ਸਮਾਜਿਕ ਆਯੋਜਨ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਸਰੀਰਕ-ਮਾਨਸਿਕ ਸਿਹਤ ਨੂੰ ਬੜ੍ਹਾਵਾ ਦੇਣ ਲਈ ਬਹੁਤ ਮਹੱਤਵਪੂਰਨ ਹਨ। ਸੀ.ਟੀ. ਗਰੁੱਪ ਵਰਗੀਆਂ ਸੰਸਥਾਵਾਂ ਦਾ ਇਸ ਵਿੱਚ ਅਗਵਾਈ ਕਰਨਾ ਪ੍ਰੇਰਣਾਦਾਇਕ ਹੈ।ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਕਿਹਾ: ਸੀ.ਟੀ. ਗਰੁੱਪ ਅਜਿਹੇ ਯਤਨਾਂ ਨੂੰ ਹਮੇਸ਼ਾ ਸਹਿਯੋਗ ਦੇਵੇਗਾ ਜੋ ਸਮਾਜ ਨੂੰ ਉੱਚਾ ਚੁੱਕਣ।




## ਕੁਲਬੀਰ ਕੌਰ ਨੂੰ ਧਾਰਮਿਕ ਤੇ ਰਾਜਨੀਤਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਮੋਹਾਲੀ, (ਗੁਰਜੀਤ ਬਿੱਲਾ)**
ਉਘੇ ਸਮਾਜਸੇਵੀ, ਰਾਮਗੜ੍ਹੀਆ ਸਭਾ ਮੁਹਾਲੀ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਧਾਰਮਿਕ ਕਮੇਟੀ ਚੇਅਰਮੈਨ ਮਨਜੀਤ ਸਿੰਘ ਮਾਨ ਦੀ ਧਰਮ ਪਤਨੀ ਸਰਦਾਰਨੀ ਕੁਲਬੀਰ ਕੌਰ ਨਮਿਤ ਅੰਤਿਮ ਅਰਦਾਸ ਰਾਮਗੜ੍ਹੀਆ ਭਵਨ ਵਿਖੇ ਹੋਈ। ਪਹਿਲਾਂ ਗ੍ਰਹਿ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ, ਉਪਰੰਤ ਰਾਮਗੜ੍ਹੀਆ ਭਵਨ ਵਿਖੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਹਜ਼ੂਰੀ ਰਾਗੀ ਭਾਈ ਸੁਖਜੀਤ ਸਿੰਘ ਦੇ ਜੱਥੇ ਵੱਲੋਂ ਵਿਰਾਗਮਈ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਗਿਆ। ਵਿਛੜੀ ਆਤਮਾ ਨੂੰ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਰਾਮਗੜ੍ਹੀਆ ਸਭਾ ਮੁਹਾਲੀ ਦੇ ਪ੍ਰਧਾਨ ਸੂਰਤ ਸਿੰਘ ਕਲਸੀ, ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ, ਸਾਬਕਾ ਪ੍ਰਧਾਨ ਦਰਸ਼ਨ ਸਿੰਘ ਕਲਸੀ, ਮੇਜਰ ਸਿੰਘ ਭੁੱਲਰ, ਮੋਹਨ ਸਿੰਘ ਸਭਰਵਾਲ, ਸੁਰਿੰਦਰ ਸਿੰਘ ਜੰਡੂ, ਗੁਰਚਰਨ ਸਿੰਘ ਨੰਨੜਾ, ਜਸਪਾਲ ਸਿੰਘ ਵਿਰਕ, ਕੰਵਲਦੀਪ ਸਿੰਘ ਮਣਕੂ, ਨਰਾਇਣ ਸਿੰਘ ਭੁੱਲਰ, ਪਰਮਜੀਤ ਸਿੰਘ ਖੁਰਲ, ਸੁਖਵਿੰਦਰ ਸਿੰਘ ਠੇਠੀ, ਸੁਰਜੀਤ ਸਿੰਘ ਮੁਠਾਰੂ, ਤਜਿੰਦਰ ਸਿੰਘ ਸਭਰਵਾਲ, ਭਾਈ ਲਾਲੋ ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਪ੍ਰਦੀਪ ਸਿੰਘ ਭਾਰਜ ਅਤੇ ਪ੍ਰਬੰਧਕ ਕਮੇਟੀ ਮੈਂਬਰ, ਪ੍ਰਾਈਵੇਟ ਕੰਸਟ੍ਰਕਸ਼ਨ ਲੇਬਰ ਕੰਟਰੈਕਟਰ ਮੁਹਾਲੀ ਦੇ ਪ੍ਰਧਾਨ ਦੀਦਾਰ ਸਿੰਘ ਕਲਸੀ ਅਤੇ ਰਾਮਗੜ੍ਹੀਆ ਸਭਾ ਚੰਡੀਗੜ੍ਹ ਦੇ ਪ੍ਰਧਾਨ ਹਰਚਰਨ ਸਿੰਘ ਰਨੌਤਾ ਅਤੇ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਠੇਕੇਦਾਰ ਯੂਨੀਅਨ ਚੰਡੀਗੜ੍ਹ ਦੇ ਪ੍ਰਧਾਨ ਤਜਿੰਦਰ ਸਿੰਘ ਬੱਸਣ ਅਤੇ ਪ੍ਰਬੰਧਕ ਕਮੇਟੀ ਮੈਂਬਰ ਹਾਜ਼ਰ ਸਨ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਡੀ ਐਸ ਪੀ ਹਰਸਿਮਰਨ ਸਿੰਘ ਬੱਲ, ਸ਼੍ਰੋਮਣੀ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਡਰਾਂ ਅਤੇ ਚਰਨਜੀਤ ਸਿੰਘ ਕਾਲੇਵਾਲ, ਕੁਲਦੀਪ ਕੌਰ ਕੰਗ, ਅਮਨਜੋਤ ਕੌਰ ਰਾਮੂਵਾਲੀਆ, ਲਖਵਿੰਦਰ ਕੌਰ ਗਰਚਾ, ਪਰਵਿੰਦਰ ਸਿੰਘ ਸੋਹਾਣਾ ਹਲਕਾ ਇੰਚਾਰਜ, ਸਾਬਕਾ ਮੰਤਰੀ ਐਨ ਕੇ ਸ਼ਰਮਾ, ਗੁਰਦੁਆਰਾ ਤਾਲਮੇਲ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਸੋਂਧੀ ਅਤੇ ਵੱਖ-ਵੱਖ ਗੁਰਦੁਆਰਿਆਂ ਦੇ ਪ੍ਰਧਾਨ ਅਤੇ ਪ੍ਰਬੰਧਕ ਕਮੇਟੀ ਮੈਂਬਰ, ਮੁਹਾਲੀ ਇੰਡਸਰੀ ਐਸੋਸੀਏਸ਼ਨ ਦੇ ਪ੍ਰਧਾਨ ਬਲਜੀਤ ਸਿੰਘ ਜੰਡੂ, ਸੁਰਿੰਦਰ ਸਿੰਘ ਰੋਡਾ, ਗੁਰਮੁੱਖ ਸਿੰਘ ਸੋਹਲ, ਪਰਮਜੀਤ ਸਿੰਘ ਕਾਹਲੋਂ, ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਟੌਹੜਾ , ਹਰਜਿੰਦਰ ਸਿੰਘ ਬਲੌਂਗੀ ਹਾਜ਼ਰ ਸਨ। ਸਭਾ ਤੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਪੀਕਰ ਵਿਧਾਨ ਸਭਾ ਪੰਜਾਬ ਕੁਲਤਾਰ ਸਿੰਘ ਸੰਧਵਾ, ਕੈਬਟਿਨ ਮੰਤਰੀ ਤਰੁਨਪ੍ਰੀਤ ਸਿੰਘ ਸੌਂਧ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਜੇਲ੍ਹ ਮੰਤਰੀ ਹੀਰਾ ਸਿੰਘ ਗਾਬੜੀਆ ਵੱਲੋਂ ਸ਼ੋਕ ਸ਼ੰਦੇਸ਼ ਭੇਜੇ ਗਏ। ਅੰਤ ਵਿੱਚ ਜਸਵੰਤ ਸਿੰਘ ਭੁੱਲਰ ਨੇ ਪਰਵਾਰ ਵੱਲੋਂ ਸਰਦਾਰਨੀ ਕੁਲਬੀਰ ਕੌਰ ਦੀ ਅੰਤਿਮ ਅਰਦਾਸ ਵਿੱਚ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

